ਅਠਾਰਵਾਂ ਸਾਲ

PARDES TIMES

18th year in Publication

# ਪਰਦੇਸ ਟਾਇਮਜ਼

ਬਲਬੀਰ ਸਿੰਘ ਐਮ ਏ (ਮੁਖ ਸੰਪਾਦਕ)

www.pardestimes.com

ਮਾਂ ਬੋਲੀ ਨੂੰ ਸਮਰਪਿਤ

pardestimes

VOL- 18 | No. 456 | September 11, 2024 | E-mail : info@pardestimes.com | Ph 510-938-7771

## ਪੰਜਾਬ ਵਿਧਾਨ ਸਭਾ ਦੇ ਮੌਨਸੂਨ ਇਜਲਾਸ 'ਚ ਹੰਗਾਮਾ

### ਅਮਨ ਕਾਨੂੰਨ, ਗੈਂਗਸਟਰ ਤੋਂ ਰਿਸ਼ਵਤ ਦੇ ਮੁੱਦੇ ਛਾਏ ਰਹੇ

ਚੰਡੀਗੜ੍ਹ- ਪੰਜਾਬ ਵਿਧਾਨ ਸਭਾ ਦੇ ਮੌਨਸੂਨ ਇਜਲਾਸ ਦੇ ਪਹਿਲੇ ਦਿਨ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਖ਼ੁਦ ਹੀ ਉਚੇਚੇ ਤੌਰ 'ਤੇ ਭ੍ਰਿਸ਼ਟਾਚਾਰ ਅਤੇ ਗੈਂਗਸਟਰਾਂ ਦੇ ਹਵਾਲੇ ਨਾਲ ਮੁੱਖ ਮੰਤਰੀ ਭਗਵੰਤ ਮਾਨ, ਜਿਨ੍ਹਾਂ ਕੋਲ ਗ੍ਰਹਿ ਮੰਤਰਾਲਾ ਵੀ ਹੈ, ਨੂੰ ਕਟਹਿਰੇ 'ਚ ਖੜ੍ਹਾ ਕਰ ਦਿੱਤਾ। ਵਿਰੋਧੀ ਧਿਰ ਨੇ ਵੀ ਇਸ ਮੌਕੇ ਨੂੰ ਹੱਥੋਂ ਖੁੰਝਣ ਨਾ ਦਿੱਤਾ ਅਤੇ ਸੂਬੇ 'ਚ ਅਮਨ-ਕਾਨੂੰਨ ਨੂੰ ਲੈ



ਕੇ ਸਰਕਾਰ ਨੂੰ ਰਗੜੇ ਲਾਏ। ਤਿੰਨ ਰੋਜ਼ਾ ਸੈਸ਼ਨ ਅੱਜ ਬਾਅਦ ਦੁਪਹਿਰ ਦੋ ਵਜੇ ਵਿਛੜੀਆਂ ਹਸਤੀਆਂ ਨੂੰ ਸ਼ਰਧਾਂਜਲੀ ਭੇਟ ਕੀਤੇ ਜਾਣ ਨਾਲ ਸ਼ੁਰੂ ਹੋਇਆ। ਬਿਜ਼ਨਸ ਸਲਾਹਕਾਰ ਕਮੇਟੀ ਦੀ ਮੀਟਿੰਗ ਵਿਚ ਅੱਜ ਸਦਨ ਅੰਦਰ ਵਿਧਾਨਕ ਕੰਮਕਾਰ ਕਰਨ ਦਾ ਫ਼ੈਸਲਾ ਲਿਆ ਗਿਆ, ਜਦੋਂ ਕਿ ਪਹਿਲਾਂ ਸਿਰਫ਼ ਸ਼ਰਧਾਂਜਲੀ ਸਮਾਗਮ ਹੋਣ ਮਗਰੋਂ ਹੀ ਬੈਠਕ ਖ਼ਤਮ ਹੋਣੀ ਸੀ। ਕਮੇਟੀ ਦੀ ਮੀਟਿੰਗ ਵਿਚ ਪ੍ਰਤਾਪ ਸਿੰਘ ਬਾਜਵਾ ਨੇ ਇਜਲਾਸ ਦਾ ਸਮਾਂ ਦਸ ਦਿਨ ਕਰਨ ਦੀ ਮੰਗ ਰੱਖੀ।

ਮੁੱਖ ਮੰਤਰੀ ਭਗਵੰਤ ਮਾਨ ਸਦਨ 'ਚ ਕੁੱਝ ਸਮਾਂ ਹਾਜ਼ਰ ਰਹੇ। ਉਨ੍ਹਾਂ ਦੀ ਗੈਰਮੌਜੂਦਗੀ ਵਿਚ ਸਿਫ਼ਰ ਕਾਲ ਦੌਰਾਨ ਸਪੀਕਰ ਨੇ ਥਾਣਾ ਸਿਟੀ ਕੋਟਕਪੂਰਾ 'ਚ ਏਐੱਸਆਈ ਬੋਹੜ ਸਿੰਘ 'ਤੇ ਦਰਜ ਐੱਫਆਈਆਰ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕਰਦਿਆਂ ਕਿਹਾ ਕਿ ਉਸ ਨੇ ਗੈਂਗਸਟਰ ਤੋਂ ਰਿਸ਼ਵਤ ਲਈ ਸੀ ਪਰ ਉਸ ਖ਼ਿਲਾਫ਼ ਕੋਈ ਢੁੱਕਵੀਂ ਕਾਰਵਾਈ ਨਹੀਂ ਹੋਈ। ਸਪੀਕਰ ਨੇ ਹਾਕਮ ਤੇ ਵਿਰੋਧੀ ਧਿਰ ਦੇ ਨੇਤਾਵਾਂ ਤੋਂ ਇਹ ਜਾਣਨਾ ਚਾਹਿਆ ਕਿ ਪੁਲਿਸ ਵਿਚਲੀਆਂ ਕਾਲੀਆਂ ਭੇਡਾਂ ਅਤੇ ਖ਼ਾਸ ਕਰਕੇ ਏਐੱਸਆਈ ਖ਼ਿਲਾਫ਼ ਕੀ ਕਾਰਵਾਈ ਹੋ ਸਕਦੀ ਹੈ। ਸਪੀਕਰ ਨੇ ਸਦਨ ਤੋਂ ਸਹਿਮਤੀ ਲੈਣ ਮਗਰੋਂ ਏਐੱਸਆਈ ਦੇ ਮਾਮਲੇ 'ਚ ਡੀਜੀਪੀ ਤੋਂ ਮੰਗਲਵਾਰ ਸਵੇਰੇ 10 ਵਜੇ ਤੱਕ ਰਿਪੋਰਟ ਮੰਗ ਲਈ ਹੈ। ਇਸ ਮਾਮਲੇ 'ਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਮੁੱਖ ਮੰਤਰੀ ਦਾ ਬਚਾਅ ਕਰਨ ਦੀ ਕੋਸ਼ਿਸ਼ ਕੀਤੀ। ਸਪੀਕਰ ਨੇ ਜਿਵੇਂ ਹੀ ਵਿਧਾਇਕ ਕੁੰਵਰ ਵਿਜੇ ਪ੍ਰਤਾਪ, ਜੋ ਅਕਸਰ ਆਪਣੀ ਸਰਕਾਰ ਖ਼ਿਲਾਫ਼ ਜਨਤਕ ਤੌਰ 'ਤੇ ਬੋਲਦੇ ਹਨ, ਨੂੰ ਇਸ ਮਾਮਲੇ 'ਤੇ ਮਸ਼ਵਰਾ ਦੇਣ ਲਈ ਕਿਹਾ ਤਾਂ ਉਨ੍ਹਾਂ ਕਿਹਾ, 'ਮੈਂ ਤਿਆਰੀ ਤਾਂ ਕਿਸੇ ਹੋਰ ਮੁੱਦੇ 'ਤੇ ਬੋਲਣ ਲਈ ਕਰਕੇ ਆਇਆ ਸੀ ਪਰ ਤੁਸੀਂ ਹੋਰ ਮਾਮਲੇ 'ਤੇ ਬੋਲਣ ਲਈ ਆਖ ਦਿੱਤਾ ਹੈ।'

## ਕਿਸਾਨਾਂ ਅਤੇ ਕੇਂਦਰ-ਸੂਬਾ ਸਰਕਾਰ ਵਿਚਾਲੇ ਖਿੱਚੋਤਾਣ ਜਾਰੀ



ਚੰਡੀਗੜ੍ਹ- ਕਿਸਾਨਾਂ ਅਤੇ ਸਰਕਾਰਾਂ ਵਿਚਕਾਰ ਟਕਰਾਅ ਫਿਰ ਵਧਣ ਲੱਗਿਆ ਹੈ। ਇਸ ਵਾਰ ਪੰਜਾਬ ਸਰਕਾਰ ਵੀ ਕਿਸਾਨਾਂ ਨੇ ਘੇਰ ਲਈ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਚੰਡੀਗੜ੍ਹ 'ਚ 'ਖੇਤੀ ਨੀਤੀ ਮੋਰਚਾ' ਲਾ ਕੇ ਬੈਠੀਆਂ ਕਿਸਾਨ ਜਥੇਬੰਦੀਆਂ ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਅਤੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਦਸ ਮੈਂਬਰੀ ਵਫਦ ਨਾਲ ਮੀਟਿੰਗ ਕੀਤੀ। ਬਾਅਦ ਦੁਪਹਿਰ ਪੰਜਾਬ ਭਵਨ 'ਚ ਹੋਈ ਇਹ ਮੀਟਿੰਗ ਤਕਰੀਬਨ ਸਾਢੇ ਤਿੰਨ ਘੰਟੇ ਚੱਲੀ। ਮੀਟਿੰਗ ਵਿੱਚ ਮੁੱਖ ਮੰਤਰੀ ਨੇ ਕਿਸਾਨ ਤੇ ਮਜ਼ਦੂਰ ਆਗੂਆਂ ਦੀਆਂ ਮੰਗਾਂ ਧਿਆਨ ਨਾਲ ਸੁਣੀਆਂ ਤੇ ਆਗੂਆਂ ਨੂੰ ਭਰੋਸਾ ਦਿੱਤਾ ਕਿ ਸੂਬਾ ਸਰਕਾਰ ਵੱਲੋਂ ਨਵੀਂ ਖੇਤੀ ਨੀਤੀ 'ਤੇ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਨਵੀਂ ਖੇਤੀ ਨੀਤੀ ਦਾ 1600 ਪੰਨਿਆਂ ਦਾ ਖਰੜਾ ਲਗਪਗ ਤਿਆਰ ਹੈ, ਜਿਸ ਨੂੰ 30 ਸਤੰਬਰ ਤੱਕ ਕਿਸਾਨ ਯੂਨੀਅਨਾਂ ਨਾਲ ਸਾਂਝਾ ਕੀਤਾ ਜਾਵੇਗਾ। ਉਸ ਤੋਂ ਬਾਅਦ ਨਵੀਂ ਖੇਤੀ ਨੀਤੀ ਬਾਰੇ ਕਿਸਾਨਾਂ ਦੇ ਸੁਝਾਅ ਲਏ ਜਾਣਗੇ ਤੇ ਉਨ੍ਹਾਂ ਨੂੰ ਨੀਤੀ ਵਿੱਚ ਸ਼ਾਮਲ ਕੀਤਾ ਜਾਵੇਗਾ। ਮੁੱਖ ਮੰਤਰੀ ਨੇ ਕਿਸਾਨ ਤੇ ਮਜ਼ਦੂਰ ਆਗੂਆਂ ਨੂੰ ਭਰੋਸਾ ਦਿੱਤਾ ਕਿ ਸੂਬਾ ਸਰਕਾਰ ਸਹਿਕਾਰੀ ਬੈਂਕਾਂ ਦੇ ਕਰਜ਼ੇ ਮੋੜਨ ਲਈ ਜਦੋ-ਜਹਿਦ ਕਰ ਰਹੇ ਕਿਸਾਨਾਂ ਨੂੰ ਰਾਹਤ ਦੇਣ ਲਈ ਯਕਮੁਸ਼ਤ ਨਿਬੇੜਾ ਸਕੀਮ (ਓਟੀਐੱਸ) ਸ਼ੁਰੂ ਕਰਨ 'ਤੇ ਵੀ ਵਿਚਾਰ ਕਰ ਰਹੀ ਹੈ। ਉਨ੍ਹਾਂ ਕਿਸਾਨਾਂ ਨੂੰ ਭਰੋਸਾ ਦਿੱਤਾ ਕਿ ਸੂਬਾ ਸਰਕਾਰ ਕਿਸਾਨਾਂ-ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਦੇ ਮਾਮਲਿਆਂ ਵਿੱਚ ਮੁਆਵਜ਼ੇ ਦੇ ਰੱਦ ਹੋਏ ਗਏ ਕੇਸਾਂ ਨੂੰ ਮੁੜ ਘੋਖੇਗੀ। ਮੁੱਖ ਮੰਤਰੀ ਨੇ ਕਿਸਾਨ ਯੂਨੀਅਨਾਂ ਦੇ ਆਗੂਆਂ ਵਿਰੁੱਧ ਦਰਜ ਕੀਤੇ ਕੇਸ ਵਾਪਸ ਲੈਣ ਲਈ ਅਧਿਕਾਰੀਆਂ ਨੂੰ ਸੰਭਾਵਨਾ ਤਲਾਸ਼ਣ ਦੇ ਨਿਰਦੇਸ਼ ਦਿੱਤੇ। ਸੰਯੁਕਤ ਕਿਸਾਨ ਮੋਰਚਾ (ਐੱਸਕੇਐੱਮ) ਦੇ ਬੈਨਰ ਹੇਠ ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਨੇ ਪੰਜਾਬ ਵਿਧਾਨ ਸਭਾ ਦੇ ਮੌਨਸੂਨ ਇਜਲਾਸ ਦੇ ਪਹਿਲੇ ਦਿਨ ਚੰਡੀਗੜ੍ਹ ਵਿਚ ਮਹਾਪੰਚ-ਾਇਤ ਕਰਕੇ ਪੰਜਾਬ ਦੇ ਪਾਣੀ ਤੇ ਖੇਤੀ ਸੰਕਟ ਨਾਲ ਜੁੜੇ ਮਸਲਿਆਂ ਨੂੰ ਪਹਿਲ ਦੇ ਅਧਾਰ 'ਤੇ ਹੱਲ ਕਰਨ ਦੀ ਮੰਗ ਕੀਤੀ। ਦੂਜੇ ਪਾਸੇ ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਅਤੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਵੱਲੋਂ ਸੈਕਟਰ-34 ਦੇ ਮੇਲਾ ਗਰਾਊਂਡ ਵਿੱਚ ਖੇਤੀ ਨੀਤੀ ਨੂੰ ਲੈ ਕੇ ਪੰਜ ਰੋਜ਼ਾ 'ਖੇਤੀ ਨੀਤੀ ਮੋਰਚਾ' ਲਗਾਇਆ ਗਿਆ। ਐੱਸਕੇਐੱਮ ਵੱਲੋਂ ਵੀ ਸੈਕਟਰ-34 ਵਿੱਚ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਸਾਹਮਣੇ ਗਰਾਊਂਡ 'ਚ ਕਿਸਾਨ ਮਹਾਪੰਚਾਇਤ ਕੀਤੀ ਗਈ। ਇਸ ਮੌਕੇ ਪੰਜਾਬ ਭਰ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਨੌਜਵਾਨ, ਕਿਸਾਨ, ਮਜ਼ਦੂਰ, ਬੀਬੀਆਂ ਤੇ ਬਜ਼ੁਰਗ ਪਹੁੰਚੇ, ਜਿਨ੍ਹਾਂ ਨੇ ਪੰਜਾਬ ਦੇ ਪਾਣੀ ਅਤੇ ਖੇਤੀ ਸੰਕਟ ਨਾਲ ਜੁੜੇ ਮੁੱਦਿਆਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨ ਦੀ ਮੰਗ ਕੀਤੀ। ਕਿਸਾਨ ਆਗੂਆਂ ਨੇ ਸਟੇਜ ਤੋਂ ਜਿੱਥੇ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੂੰ ਏਕੇ ਦਾ ਹੋਕਾ ਦਿੱਤਾ, ਉੱਥੇ ਸੂਬਾ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇ ਕਿਸਾਨਾਂ ਤੇ ਮਜ਼ਦੂਰਾਂ ਦੀਆਂ ਮੰਗਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਨਾ ਕੀਤਾ ਗਿਆ ਤਾਂ ਸੂਬਾ ਸਰਕਾਰ ਵਿਰੁੱਧ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ।

ਪੰਜਾਬੀ ਦਾ ਇਕੋ-ਇਕ ਅਖਬਾਰ, ਜੋ ਛਪ ਵੀ ਰਿਹਾ ਹੈ
ਅਤੇ ਆਨਲਾਈਨ ਵੀ ਪ੍ਰਕਾਸ਼ਿਤ ਹੋ ਰਿਹਾ ਹੈ।
ਆਪਣੇ ਬਿਜਨਸ ਦੇ ਪ੍ਰਚਾਰ ਲਈ ਸੰਪਰਕ ਕਰੋ:-
ਬਲਬੀਰ ਸਿੰਘ ਐਮ. ਏ. (ਸੰਪਾਦਕ)
510-938-7771

## ਅਮਰੀਕੀ ਚੋਣਾਂ ਦਾ ਮੈਦਾਨ ਭਖਿਆ

ਵਾਸ਼ਿੰਗਟਨ- ਅਮਰੀਕਾ ਵਿਚ ਰਾਸ਼ਟਰਪਤੀ ਚੋਣਾਂ ਦਾ ਮੈਦਾਨ ਹੁਣ ਭਖ ਚੁੱਕਾ ਹੈ। ਦੋਵੇਂ ਉਮੀਦਵਾਰ ਇਕ-ਦੂਜੇ ਨੂੰ ਭੰਡ ਰਹੇ ਨੇ। ਅਮਰੀਕਾ ਦੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਦੇ 'ਅਰਲਿੰਗਟਨ ਨੈਸ਼ਨਲ ਸਿਮੇਟਰੀ' ਦੇ ਦੌਰੇ ਨੂੰ ਪਵਿੱਤਰ ਧਰਤੀ ਦਾ ਅਪਮਾਨ ਕਰਾਰ ਦਿੱਤਾ ਹੈ। ਟਰੰਪ ਨੇ ਸਿਮੇਟਰੀ 'ਚ ਚੋਣ ਪ੍ਰਚਾਰ ਗਤੀਵਿਧੀਆਂ 'ਤੇ ਪਾਬੰਦੀ ਲਾਗੂ ਹੋਣ ਦੇ ਬਾਵਜੂਦ ਉਥੇ ਤਸਵੀਰਾਂ ਖਿਚਵਾਈਆਂ ਅਤੇ ਉਨ੍ਹਾਂ ਨੂੰ ਪ੍ਰਕਾਸ਼ਿਤ ਕਰਵਾਇਆ। ਹੈਰਿਸ ਨੇ ਸ਼ਨਿਚਰਵਾਰ ਨੂੰ 'ਐਕਸ' 'ਤੇ ਇਕ ਪੋਸਟ 'ਚ ਉਨ੍ਹਾਂ ਖ਼ਬਰਾਂ ਦਾ ਹਵਾਲਾ ਦਿੱਤਾ ਜਿਨ੍ਹਾਂ 'ਚ ਦਾਅਵਾ ਕੀਤਾ ਗਿਆ ਹੈ ਕਿ ਟਰੰਪ ਦੀ ਚੋਣ ਪ੍ਰਚਾਰ ਟੀਮ ਨਾਲ ਜੁੜੇ ਲੋਕਾਂ ਨੇ ਕਬਰਿਸਤਾਨ ਦੇ ਇਕ ਮੁਲਾਜ਼ਮ ਨਾਲ ਝਗੜਾ ਕੀਤਾ ਅਤੇ ਅਫ਼ਗਾਨ ਜੰਗ 'ਚ ਜਾਨ ਗੁਆਉਣ ਵਾਲੇ ਫੌਜੀਆਂ ਦੀ ਯਾਦਗਾਰ ਨਾਲ ਜੁੜੇ ਨਿਯਮਾਂ ਬਾਰੇ ਚੇਤੇ ਕਰਵਾਏ ਜਾਣ ਦੇ ਬਾਵਜੂਦ ਕਬਰ ਕੋਲ ਟਰੰਪ ਦੀਆਂ ਤਸਵੀਰਾਂ ਖਿੱਚੀਆਂ ਅਤੇ ਵੀਡੀਓ ਰਿਕਾਰਡ ਕੀਤੇ। ਉਨ੍ਹਾਂ ਕਿਹਾ ਕਿ ਸਾਬਕਾ ਰਾਸ਼ਟਰਪਤੀ ਨੇ ਸਿਆਸੀ ਲਾਹੇ ਲਈ ਪਵਿੱਤਰ ਧਰਤੀ ਦਾ ਅਪਮਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਟਰੰਪ ਅਜਿਹੇ ਵਿਅਕਤੀ ਹਨ ਜੋ ਆਪਣਾ ਹਿੱਤ ਦੇਖਣ ਤੋਂ ਇਲਾਵਾ ਕੁਝ ਵੀ ਨਹੀਂ ਸਮਝਦੇ ਹਨ।

MST INS SERV INC
Long Haul
A Rated Market
Licensed

Washington/CA/Indiana/Texas/nevada/New Jersey ਦੇ ਲਈ Insurance ਜੋ ਬਹੁਤ ਵਧੀਆ ਰੇਟ 'ਤੇ ਕਰਵਾ ਸਕਦੇ ਹੋ।
ਹਰ ਤਰ੍ਹਾਂ ਦੇ ਟਰੱਕਾਂ ਦੇ ਕੰਮ ਕਰਨ ਵਾਲਿਆਂ ਲਈ
ਲੋਕਲ/ 48 ਸਟੇਟਾਂ/ ਸੈਂਡ/ ਗਰੇਵੱਲ/ ਕੰਟੇਨਰ
Mandeep Thiara
Owner/Broker-Agent
Lic #600363
Tel (209) 407-4236
Fax (209) 666-1428
Cell (209) 666-0032
info@mstinsurance.net
3941 Holly Drive Suite #1 Tracy, CA 95304

Padam Builders Inc.
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
ਅਸੀਂ ਨਵੇਂ ਮਕਾਨ, ਗੈਸ ਸਟੇਸ਼ਨ, ਮੋਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟ੍ਰਕਸ਼ਨ ਦਾ ਕੰਮ ਫਾਊਂਡੇਸ਼ਨ ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।

Bhupinder Singh Padam
email: padambuilders@gmail.com
Licensed # 1019803
CELL 510-565-6667
3143 ARDEN ROAD, HAYWARD CA- 94545

Turning
65
Years
Old?

If you've got questions,
I've got answers!
Becoming eligible for Medicare at age 65 can be overwhelming and confusing, but it doesn't have to be! I can help explain all of your available options. Call me today!
Let's talk about it!
Gurcharan Singh Mann
Licensed Insurance Agent
CA License No. 0C70672
(510) 487-1000 TTY:711
MANN@GGIABA.COM
By calling this number you agree to speak with a licensed insurance agent about Medicare Products. We do not offer every plan available in your area. Any information we provide is limited to those plans we do offer in your area. Please contact Medicare.gov or 1-800-Medicare to get information on all of your options. This is an advertisement. Not affiliated with any government agency including Medicare.


Joshi Law Firm
Attorneys at Law ਅਟਾਰਨੀ ਐਟ ਲਾਅ
www.joshilawfirm.com info@joshilawfirm.com
ਇਮੀਗ੍ਰੇਸ਼ਨ
ਡਿਪੋਰਟੇਸ਼ਨ
ਅਸਾਈਲਮ
ਸਿਟੀਜ਼ਨਸ਼ਿਪ
ਗਰੀਨ ਕਾਰਡ
ਫੈਮਲੀ ਪਟੀਸ਼ਨ
ਵਿਆਹ ਦੇ
ਆਧਾਰ ਤੇ
ਗਰੀਨ ਕਾਰਡ
ਐਡਜਸਟਮੈਂਟ
ਆਫ ਸਟੇਟਸ
ਫੈਮਲੀ ਲਾਅ
ਤਲਾਕ ਦੀ
ਪਟੀਸ਼ਨ
ਬੱਚੇ ਦੀ
ਕਸਟਡੀ
ਭੱਤਾ ਜਾਂ ਖਰਚਾ
ਬੱਚਿਆਂ ਲਈ
ਖਰਚਾ

TANVIR JOSHI
SBN: 302226
(559) 312-0083 (O) (888) 630-1230 (F)
516 W. SHAW AVE STE 200 FRESNO, CA 93704


Raj Budwal
(Investment and Financial Advisor)
408-972-8000,
408-835-0202 (Cell)
Budwal and Associates
329 Piercy Road, San Jose, CA 95138
8350202@gmail.com


BOLLYWOOD EVENTS
WORLD OF DIVINE VASTU
FOREVER
GURDAS MAAN
AK SHARMA ENTERTAINMENT
PRAVEEN SINGH
ਅੱਖੀਆਂ ਉਡੀਕਦੀਆਂ
DESIGNED BY HV PRODUCTION
The Legend is Back!
For 7 Unforgettable Nights of Music and Cultural Celebration.
GBL GINNY BEDI LAW
USA TOUR | OCTOBER 2024
OCT 05TH NEW YORK COLDEN AUDITORIUM
OCT 06TH DALLAS EISEMANN CENTER
OCT 12TH BAKERSFIELD MECHANICS BANK ARENA
OCT 19TH STOCKTON THE BOB HOPE THEATRE
OCT 20TH SALEM ELSINORE THEATER
OCT 26TH SAN JOSE CENTER FOR PERFORMING ARTS
OCT 27TH SEATTLE ANGEL OF THE WINDS
TO BOOK A SHOW IN YOUR CITY CALL
BIKRAM J SINGH 669-265-4603
AKASH SHARMA 209-750-5303
PRAVEEN SINGH 209-587-1902

# ਮੋਹਨ ਸਿੰਘ ਮਾਨ ਦਾ ਜਪੁਜੀ ਸਾਹਿਬ ਸਟੀਕ






ਯੂਨੀਅਨ ਸਿਟੀ- ਇੱਥੇ ਕੱਲ੍ਹ ਹੋਈ ਇਕ ਛੋਟੀ ਇਕੱਤਰਤਾ ਵਿਚ ਸ. ਮੋਹਨ ਸਿੰਘ ਮਾਨ ਦੀ ਕਿਤਾਬ ਜੋ 'ਸ੍ਰੀ ਜਪੁਜੀ ਸਾਹਿਬ ਸਟੀਕ' ਹੈ, ਲੋਕ ਅਰਪਣ ਕੀਤੀ ਗਈ। 160 ਪੰਨਿਆਂ ਦੀ ਇਸ ਸੁੰਦਰ ਕਿਤਾਬ ਨੂੰ ਜਪੁਜੀ ਸਾਹਿਬ ਦੀਆਂ ਅਠੱਤੀ ਪਾਉੜੀਆਂ ਅਤੇ ਦੋ ਸਲੋਕ ਹਨ, ਜਿਹਨਾਂ ਦੇ ਸੌਖੇ ਅਰਥਾਂ ਵਿਚ ਵਿਵਰਣ ਹਨ। ਉਮੀਦ ਕਰਦੇ ਹਾਂ ਗੁਰੂ ਸਾਹਿਬ ਜੀ ਦੇ ਇਨ੍ਹਾਂ ਬੋਲਾਂ-ਲਿਖਤਾਂ ਨੂੰ ਇਨਸਾਨ ਸੌਖਿਆਂ ਹੀ ਸਮਝ ਸਕੇਗਾ ਤੇ ਆਪਣੀ ਜ਼ਿੰਦਗੀ 'ਚ ਜਿਊਣ ਲਈ ਇਹਨਾਂ ਨੂੰ ਅਮਲ 'ਚ ਲਿਆ ਸਕੇਗਾ।

ਸ. ਮੋਹਨ ਸਿੰਘ ਮਾਨ ਹੁਰਾਂ ਦੀ ਤਿੰਨ ਸਾਲ ਦੀ ਮਿਹਨਤ ਨਾਲ ਲਿਖੀ ਇਹ ਰਚਨਾ ਬਹੁਤ ਹੀ ਲਾਭਕਾਰੀ ਹੋਵੇਗੀ ਤੇ ਇਨਸਾਨ ਨੂੰ ਸਹੀ ਰਸਤੇ 'ਤੇ ਚੱਲਣ ਦਾ ਬਲ ਦੱਸੇਗੀ।ਇਹ ਕਿਤਾਬ ਸੇਵਾ ਸੁਸਾਇਟੀ ਬੰਗਾ (ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ- ਪੰਜਾਬ ਨੂੰ ਸਮਰਪਿਤ ਕੀਤੀ ਗਈ ਹੈ।

ਇਸ ਇਕੱਠ ਵਿਚ ਹੋਰਨਾਂ ਤੋਂ ਇਲਾਵਾ ਸ. ਨਰਿੰਦਰ ਸਿੰਘ ਦੁਸਾਂਝ ਜੋ ਕਿ ਸ. ਅਮਰ ਸਿੰਘ ਦੁਸਾਂਝ (ਅਕਾਲੀ ਪੱਤ੍ਰਿਕਾ ਅਖਬਾਰ ਦੇ ਮੁੱਖ ਸੰਪਾਦਕ ਰਹੇ) ਦੇ ਪੁੱਤਰ ਵੀ ਪਹੁੰਚੇ ਤੇ ਹੋਰ ਸੱਜਣਾਂ ਨੇ ਵੀ ਵਧਾਈਆਂ ਦਿੱਤੀਆਂ, ਲੱਡੂਆਂ ਨਾਲ ਸਭ ਦੇ ਮੂੰਹ ਮਿੱਠੇ ਕਰਵਾਏ।

'ਪਰਦੇਸ ਟਾਇਮਜ਼' ਵੱਲੋਂ ਇਸ ਕਿਤਾਬ ਨੂੰ ਲੋਕ ਅਰਪਣ ਕਰਨ ਤੇ ਸ. ਮੋਹਨ ਸਿੰਘ ਮਾਨ ਜੀ ਨੂੰ ਬਹੁਤ-ਬਹੁਤ ਵਧਾਈ।

ਸ. ਮੋਹਨ ਸਿੰਘ ਮਾਨ ਸ਼ਹਿਰ ਬੰਗਾ (ਜ਼ਿਲ੍ਹਾ ਭਗਤ ਸਿੰਘ ਨਗਰ) ਤੋਂ ਹਨ ਤੇ ਪਿਛਲੇ 45 ਵਰ੍ਹਿਆਂ ਤੋਂ ਬੇ-ਏਰੀਆ 'ਚ ਰਹਿ ਰਹੇ ਹਨ। ਉਨ੍ਹਾਂ ਨੇ ਪੜ੍ਹਾਈ ਪੱਖੋਂ ਪੰਜਾਬ ਤੋਂ ਬੀ. ਐਸ. ਸੀ. ਕੀਤੀ ਹੋਈ ਹੈ ਤੇ ਅਮਰੀਕਾ 'ਚ ਏਅਰ ਕੰਡੀਸ਼ਨਿੰਗ ਇੰਜੀਨੀਅਰਿੰਗ ਦੀ ਪੜ੍ਹਾਈ ਵੀ ਕੀਤੀ ਹੋਈ ਹੈ।

ਪੰਜਾਬ ਰਹਿੰਦਿਆਂ ਜਾਂ ਇੱਥੇ ਆਉਣ ਤੋਂ ਮਗਰੋਂ ਵੀ ਉਹ ਬੰਗਾ ਸ਼ਹਿਰ ਦੇ ਸਮਾਜਿਕ ਸੇਵਾ ਦੇ ਕੰਮਾਂ 'ਚ ਵੀ ਹਮੇਸ਼ਾ ਹਿੱਸਾ ਲੈਂਦੇ ਹਨ, ਨਾਲ ਹੀ ਉਹ ਸ੍ਰੀ ਗੁਰੂ ਅਰਜਨ ਦੇਵ ਚੈਰੀਟੇਬਲ ਹਸਪਤਾਲ, ਬੰਗਾ ਸ਼ਹਿਰ ਦੇ ਵੀ ਮੁੱਖ ਪ੍ਰਬੰਧਕ ਹਨ। ਇਹ ਹਸਪਤਾਲ ਪਿਛਲੇ ਤਕਰੀਬਨ 20 ਸਾਲਾਂ ਤੋਂ ਇਲਾਕੇ ਦੇ ਲੋਕਾਂ ਦੀ ਨਿਸ਼ਕਾਮ ਸੇਵਾ ਕਰ ਰਿਹਾ ਹੈ।

ਸ. ਮੋਹਨ ਸਿੰਘ ਮਾਨ ਹੁਰਾਂ ਨਾਲ ਗੱਲਬਾਤ ਕਰਨ ਲਈ ਫੋਨ ਨੰਬਰ 510-676-9007 ਹੈ।

**-ਬਲਬੀਰ ਸਿੰਘ ਐਮ. ਏ.**

# ਹੁਣ ਬੰਗਲਾਦੇਸ਼ 'ਚ ਹਿੰਦੂ ਅਧਿਆਪਕਾਂ ਤੋਂ ਮੰਗੇ ਜਾ ਰਹੇ ਅਸਤੀਫ਼ੇ, 49 ਨੇ ਛੱਡੇ ਅਹੁਦੇ

ਢਾਕਾ- ਸ਼ੇਖ ਹਸੀਨਾ ਦੇ ਅਸਤੀਫੇ ਅਤੇ ਦੇਸ਼ ਛੱਡਣ ਤੋਂ ਬਾਅਦ ਬੰਗਲਾਦੇਸ਼ ਵਿੱਚ ਹਿੰਦੂਆਂ ਸਮੇਤ ਘੱਟ ਗਿਣਤੀਆਂ ਨੂੰ ਲਗਾਤਾਰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਹੁਣ ਹਿੰਦੂ, ਬੋਧੀ ਅਤੇ ਈਸਾਈ ਅਧਿਆਪਕਾਂ ਨੂੰ ਜਬਰੀ ਅਸਤੀਫ਼ਾ ਦੇਣ ਦਾ ਮਾਮਲਾ ਸਾਹਮਣੇ ਆਇਆ ਹੈ। ਰਿਪੋਰਟਾਂ ਮੁਤਾਬਕ ਹੁਣ ਤੱਕ 49 ਅਧਿਆਪਕਾਂ ਤੋਂ ਜ਼ਬਰਦਸਤੀ ਅਸਤੀਫ਼ੇ ਲਏ ਜਾ ਚੁੱਕੇ ਹਨ। ਇਕ ਖ਼ਬਰ ਮੁਤਾਬਕ ਬੰਗਲਾਦੇਸ਼ ਛਤਰ ਓਕਿਆ ਪ੍ਰੀਸ਼ਦ ਨੇ ਜਾਟੀਆ ਪ੍ਰੈੱਸ ਕਲੱਬ 'ਚ ਆਯੋਜਿਤ ਪ੍ਰੈੱਸ ਕਾਨਫਰੰਸ 'ਚ ਇਹ ਖੁਲਾਸਾ ਕੀਤਾ। ਸੰਗਠਨ ਦੇ ਕੋਆਰਡੀਨੇਟਰ ਸਾਜਿਬ ਸਰਕਾਰ ਨੇ ਕਿਹਾ ਕਿ ਹਸੀਨਾ ਦੀ ਅਗਵਾਈ ਵਾਲੀ ਸਰਕਾਰ ਦੇ ਪਤਨ ਤੋਂ ਬਾਅਦ ਧਾਰਮਿਕ ਅਤੇ ਨਸਲੀ ਘੱਟ ਗਿਣਤੀ ਹਿੰਸਾ ਦਾ ਸ਼ਿਕਾਰ ਹੋ ਰਹੇ ਹਨ। ਜ਼ਿਕਰਯੋਗ ਹੈ ਕਿ ਬੰਗਲਾਦੇਸ਼ ਛਤਰ ਓਕਿਆ ਪ੍ਰੀਸ਼ਦ ਬੰਗਲਾਦੇਸ਼ ਹਿੰਦੂ ਬੋਧੀ ਈਸਾਈ ਓਕਿਆ ਪ੍ਰੀਸ਼ਦ ਦਾ ਵਿਦਿਆਰਥੀ ਵਿੰਗ ਹੈ। ਸਾਜਿਬ ਸਰਕਾਰ ਨੇ ਕਿਹਾ ਕਿ ਹਿੰਸਾ ਵਿਚ ਹਿੰਦੂਆਂ 'ਤੇ ਹਮਲੇ, ਲੁੱਟਮਾਰ, ਔਰਤਾਂ 'ਤੇ ਹਮਲੇ, ਮੰਦਰਾਂ ਦੀ ਭੰਨਤੋੜ, ਘਰਾਂ ਅਤੇ ਵਪਾਰਕ ਅਦਾਰਿਆਂ 'ਤੇ ਅੱਗਜ਼ਨੀ ਇੱਥੋਂ ਤੱਕ ਦੇਸ਼ ਭਰ ਵਿੱਚ ਘੱਟ ਗਿਣਤੀ ਅਧਿਆਪਕਾਂ ਨੂੰ ਵੀ ਸਰੀਰਕ ਸ਼ੋਸ਼ਣ ਦਾ ਸਾਹਮਣਾ ਕਰਨਾ ਪਿਆ ਹੈ। ਇਸ ਕਾਰਨ 30 ਅਗਸਤ ਤੱਕ 49 ਅਧਿਆਪਕਾਂ ਨੂੰ ਅਸਤੀਫ਼ਾ ਦੇਣ ਲਈ ਮਜਬੂਰ ਹੋਣਾ ਪਿਆ। ਹਾਲਾਂਕਿ 19 ਅਧਿਆਪਕਾਂ ਨੂੰ ਬਹਾਲ ਕਰ ਦਿੱਤਾ ਗਿਆ ਹੈ। 5 ਅਗਸਤ ਨੂੰ ਸ਼ੇਖ ਹਸੀਨਾ ਨੂੰ ਵਿਦਿਆਰਥੀਆਂ ਦੇ ਭਾਰੀ ਵਿਰੋਧ ਦੇ ਚੱਲਦਿਆਂ ਭੱਜਣਾ ਪਿਆ ਸੀ।

# ਫਰਿਜ਼ਨੋ ਨਿਵਾਸੀ ਸ. ਹਰਜਿੰਦਰ ਸਿੰਘ ਬਿਰਦੀ ਦੇ ਅਕਾਲ ਚਲਾਣੇ 'ਤੇ ਸਮੂਹ ਬਿਰਦੀ ਪਰਿਵਾਰ ਨੂੰ ਭਾਰੀ ਸਦਮਾ

ਫਰਿਜ਼ਨੋ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ): ਬੀਤੇ ਦਿਨੀ ਫਰਿਜ਼ਨੋ ਨਿਵਾਸੀ ਸ. ਹਰਜਿੰਦਰ ਸਿੰਘ ਬਿਰਦੀ (ਕਾਕਾ ਭਾਜੀ) ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ 31 ਅਗਸਤ, ਦਿਨ ਸ਼ਨੀਵਾਰ ਨੂੰ ਅਕਾਲ ਚਲਾਣਾ ਕਰ ਗਏ ਸਨ। ਇਸ ਸਮੇਂ ਉਨ੍ਹਾਂ ਦੀ ਉਮਰ 64 ਸਾਲ ਸੀ। ਉਨ੍ਹਾਂ ਦਾ ਪੰਜਾਬ ਤੋਂ ਪਿਛਲਾ ਪਿੰਡ ਸਵੱਦੀ ਕਲਾ ਸੀ, ਜੋ ਜਿਲ੍ਹਾਂ ਲੁਧਿਆਣਾ ਵਿਚ ਹੈ।



ਸਵ: ਹਰਜਿੰਦਰ ਸਿੰਘ ਬਿਰਦੀ ਪਿਛਲੇ ਲੰਮੇ ਅਰਸੇ ਤੋਂ ਆਪਣੇ ਪਰਿਵਾਰ ਸਮੇਤ ਫਰਿਜ਼ਨੋ ਵਿਖੇ ਲਗਭਗ ਪਿਛਲੇ 40 ਸਾਲ ਤੋਂ ਰਹਿ ਰਹੇ ਸਨ। ਜਿੰਨ੍ਹਾਂ ਦਾ ਟਰੱਕਿੰਗ ਦਾ ਕਾਰੋਬਾਰ ਸੀ। ਇਹ ਸਾਰੇ ਇਲਾਕੇ ਵਿੱਚ ਪੰਜਾਬੀ ਭਾਈਚਾਰੇ ਦੀ ਸਤਿਕਾਰਯੋਗ ਸ਼ਖਸੀਅਤ ਸਨ। ਇਹ ਆਪਣੇ ਪਰਿਵਾਰਕ ਮੈਬਰਾਂ ਵਿੱਚ ਪਤਨੀ ਪਰਮਜੀਤ ਕੌਰ ਬਿਰਦੀ ਤੋਂ ਇਲਾਵਾ ਦੋ ਧੀਆਂ, ਵੀਰਤਾ ਬਿਰਦੀ ਅਤੇ ਹਰਪ੍ਰੀਤ ਬਿਰਦੀ ਨੂੰ ਛੱਡ ਗਏ ਹਨ। ਇੰਨ੍ਹਾਂ ਦਾ ਅੰਤਮ ਸਸਕਾਰ ਅਤੇ ਸਰਧਾਜ਼ਲੀਆਂ ਦੀ ਰਸ਼ਮ 8 ਸਤੰਬਰ, ਦਿਨ ਐਤਵਾਰ ਨੂੰ "ਸ਼ਾਂਤ ਭਵਨ ਪੰਜਾਬੀ ਫਿਊਨਰਲ ਹੋਮ" ਵਿਖੇ ਸਵੇਰੇ 11 ਵਜੇ ਤੋਂ 1 ਵਜੇ ਹੋਵੇਗੀ। ਜਿਸ ਦਾ ਪਤਾ: 4800 E. Clayton Ave, Fowler, CA-93625 ਹੈ। ਇਸ ਉਪਰੰਤ ਉਨ੍ਹਾਂ ਦੀ ਆਤਮਕ ਸ਼ਾਂਤੀ ਲਈ ਰੱਖੇ ਗਏ ਪਾਠ ਦਾ ਭੋਗ ਅਤੇ ਅੰਤਮ ਅਰਦਾਸ "ਗੁਰਦੁਆਰਾ ਸਿੰਘ ਸਭਾ" ਫਰਿਜ਼ਨੋ ਵਿਖੇ ਬਾਅਦ ਦੁਪਹਿਰ 2:00 ਵਜ਼ੇ ਤੋਂ 4:00ਵਜ਼ੇ ਤੱਕ ਹੋਵੇਗੀ। ਗੁਰੂਘਰ ਦਾ ਪਤਾ: 4827 N. Parkway Drive, Fresno, CA-93722 ਹੈ। ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਨਾਲ ਦੁੱਖ ਸਾਝਾ ਕਰਨ ਅਤੇ ਹੋਰ ਜਾਣਕਾਰੀ ਲਈ ਉਨ੍ਹਾਂ ਦੀ ਪਤਨੀ ਪਰਮਜੀਤ ਕੌਰ ਨਾਲ ਫੋਨ ਨੰਬਰ: (559) 709-4000 ਜਾਂ (559) 217-5000, ਇਸ ਤੋਂ ਇਲਾਵਾ ਸ. ਕੇਵਲ ਸਿੰਘ (ਜੀਜਾ) ਫੋਨ: (707) 208-4931 ਉਪਰ ਸੰਪਰਕ ਕੀਤਾ ਜਾ ਸਕਦਾ ਹੈ। ਇਸ ਦੁੱਖ ਦੀ ਘੜੀ ਵਿੱਚ ਪਰਮਾਤਮਾ ਅੱਗੇ ਅਰਦਾਸ ਹੈ ਕਿ ਸਵ. ਹਰਜਿੰਦਰ ਸਿੰਘ ਬਿਰਦੀ ਦੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।




# ਸੁਰਜੀਤ ਮੈਮੋਰੀਅਲ ਹਾਕੀ ਜਲੰਧਰ ਦੇ ਪ੍ਰਧਾਨ ਬੇ-ਏਰੀਆ 'ਚ





ਹੇਵਰਡ- ਪਿਛਲੇ ਹਫਤੇ ਹੇਵਰਡ ਦੇ ਮਾਊਂਟੇਨ ਮਾਈਕ ਪੀਜ਼ਾ ਤੇ ਮਿੱਤਰਾਂ ਦੋਸਤਾਂ ਦੀ ਹਾਜ਼ਰੀ ਵਿਚ ਸ੍ਰੀ ਸੁਰਿੰਦਰ ਭਾਪਾ ਜੀ, ਜੋ ਸੁਰਜੀਤ ਮੈਮੋਰੀਅਲ ਹਾਕੀ ਜਲੰਧਰ ਦੇ ਪ੍ਰਧਾਨ ਹਨ ਤੇ 1984 ਤੋਂ ਹੁਣ ਤੱਕ ਸੇਵਾਵਾਂ ਨਿਭਾਉਂਦੇ ਆਏ ਹਨ, ਇੱਥੇ ਪਹੁੰਚੇ ਤੇ ਸਵਾਗਤ ਕਰਨ ਲਈ ਕਸ਼ਮੀਰ ਸਿੰਘ ਧੁੱਗਾ, ਅਵਤਾਰ ਸਿੰਘ ਤਾਰੀ, ਮਨਜੀਤ ਵਿਰਕ ਤੇ ਕੈਮ ਗਿਲ ਅਤੇ ਹੋਰ ਸੱਜਣ ਪਹੁੰਚੇ ਹੋਏ ਸਨ।

ਸ੍ਰੀ ਸੁਰਿੰਦਰ ਭਾਪਾ ਜੀ ਬਹੁਤ ਹੀ ਸਤਿਕਾਰਤ ਇਨਸਾਨ ਹਨ ਤੇ ਸੁਰਜੀਤ ਹਾਕੀ ਨੂੰ ਕਾਮਯਾਬ ਕਰਨ ਲਈ ਉਹਨਾਂ ਦਾ ਅਹਿਮ ਯੋਗਦਾਨ ਰਿਹਾ ਹੈ।

ਉਹਨਾਂ ਦੀ ਇਸ ਫੇਰੀ ਵਿਚ ਉਹਨਾਂ ਦੀ ਧਰਮ ਪਤਨੀ ਸ੍ਰੀਮਤੀ ਹੈਪੀ ਜੀ ਜੋ ਕਿ ਜਲੰਧਰ ਵਿਚ ਲੰਮੇ ਸਮੇਂ ਤੋਂ ਕੌਂਸਲਰ ਹਨ, ਵੀ ਨਾਲ ਆਏ ਸਨ। ਇੱਥੇ ਉਹਨਾਂ ਦਾ ਖੂਬ ਸਵਾਗਤ ਕੀਤਾ ਤੇ ਜਿਉਂ ਆਇਆਂ ਕਿਹਾ। ਦੋਸਤਾਂ ਦੀ ਇਸ ਮਿਲਣੀ ਵਿਚ ਦੋ ਘੰਟੇ ਤੋਂ ਵੀ ਜ਼ਿਆਦਾ ਸਮੇਂ ਤੱਕ ਉਹ ਇੱਥੇ ਮਿੱਤਰਾਂ ਦੋਸਤਾਂ ਨਾਲ ਵਿਚਾਰਾਂ ਕਰਦੇ ਰਹੇ ਤੇ ਦੇਰ ਰਾਤ ਉਹ ਵਾਪਸ ਪੰਜਾਬ ਜਾਣ ਲਈ ਇੱਥੇ ਚਲੇ ਗਏ।

ਉਹਨਾਂ ਨੇ ਅਗਲੇ ਸੁਰਜੀਤ ਹਾਕੀ ਦੇ ਟੂਰਨਾਮੈਂਟ 'ਚ ਪਹੁੰਚਣ ਲਈ ਸਾਰੇ ਇੱਥੋਂ ਦੇ ਮਿੱਤਰਾਂ-ਦੋਸਤਾਂ ਨੂੰ ਬੇਨਤੀ ਕੀਤੀ ਤੇ ਸੱਦਾ ਵੀ ਦਿੱਤਾ, ਜੋ ਇੱਥੇ ਦੇ ਸਾਰੇ ਮਿੱਤਰਾਂ ਦੇ ਜਾਣ ਦੇ ਵਾਅਦੇ ਨਾਲ ਕਬੂਲਿਆ।

ਅਵਤਾਰ ਸਿੰਘ ਤਾਰੀ ਵੱਲੋਂ ਰਾਤ ਦਾ ਖਾਣਾ ਕੀਤਾ ਗਿਆ ਤੇ ਹਮੇਸ਼ਾ ਦੀ ਤਰ੍ਹਾਂ ਆਏ ਹੋਏ ਹੋਏ ਮਿੱਤਰਾਂ ਦਾ ਧੰਨਵਾਦ ਵੀ ਕੀਤਾ ਗਿਆ।

**-ਬਲਬੀਰ ਸਿੰਘ ਐਮ. ਏ.**

# ਸੰਪਾਦਕੀ

## ਫੂਕ-ਫੂਕ ਕੇ ਚੁੱਕੇ ਜਾ ਰਹੇ ਕਦਮ

ਜੂਨ ਵਿਚ ਭਾਰਤੀ ਲੋਕ ਸਭਾ ਦੇ ਨਤੀਜੇ ਆਉਣ ਤੋਂ ਪਹਿਲਾਂ ਜਿੱਥੇ ਭਾਰਤੀ ਜਨਤਾ ਪਾਰਟੀ 400 ਸੀਟਾਂ ਦਾ ਦਾਅਵਾ ਕਰ ਰਹੀ ਸੀ, ਉਥੇ ਹੀ ਡਰੀ-ਡਰੀ ਵਿਰੋਧੀ ਧਿਰ ਨੂੰ ਵੀ ਇਹ ਆਸ ਨਹੀਂ ਸੀ ਕਿ ਉਸ ਨੂੰ 232 ਸੀਟਾਂ ਮਿਲ ਜਾਣਗੀਆਂ। ਹੋਇਆ ਇਸ ਤਰ੍ਹਾਂ ਕਿ ਭਾਰਤ ਦੇ ਵੋਟਰਾਂ ਨੇ ਭਾਜਪਾ ਨੂੰ 240 ਤੇ ਲਿਆ ਖੜ੍ਹਾ ਕੀਤਾ, ਹਾਲਾਂਕਿ ਆਪਣੇ ਸਹਿਯੋਗੀਆਂ ਦੀ ਮਦਦ ਨਾਲ ਉਹ ਆਸਾਨੀ ਨਾਲ ਸਰਕਾਰ ਬਣਾ ਗਈ ਪਰ ਹੁਣ ਚਰਚਾ ਇਹ ਹੈ ਕਿ ਕੀ ਮੋਦੀ ਸਰਕਾਰ ਡਰ-ਡਰ ਕੇ ਕਦਮ ਚੁੱਕ ਰਹੀ ਹੈ? ਭਾਰਤ ਦੀ ਰਾਜਨੀਤੀ ਵਿਚ ਇਹ ਚਰਚਾ ਆਮ ਹੈ ਅਤੇ ਵਿਰੋਧੀ ਧਿਰ ਵੀ ਦਾਅਵੇ ਕਰ ਰਹੀ ਹੈ ਕਿ ਇਹ ਸਰਕਾਰ ਪੂਰਾ ਸਮਾਂ ਨਹੀਂ ਕੱਢੇਗੀ। ਭਾਜਪਾ ਨੂੰ ਵੀ ਸ਼ਾਇਦ ਇਹ ਆਸ ਨਹੀਂ ਸੀ ਕਿ ਉਹ ਬਹੁਮਤ ਤੋਂ ਵੀ 32 ਸੀਟਾਂ ਪਿੱਛੇ ਰਹਿ ਜਾਵੇਗੀ ਪਰ ਸਮਾਂ ਪਾ ਕੇ ਸਰਕਾਰ ਨੇ ਆਪਣਾ ਕੰਮ ਆਰੰਭ ਕੀਤਾ ਅਤੇ ਬਜਟ ਆਉਣ ਤੋਂ ਬਾਅਦ ਸਰਕਾਰ ਫਿਰ ਦੁਬਾਰਾ ਪੂਰੀ ਤਾਕਤ ਨਾਲ ਕੰਮ ਕਰਨ ਲੱਗੀ। ਇਸ ਦਰਮਿਆਨ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਵਿਚ ਲੇਟਰਲ ਐਂਟਰੀ ਦਾ ਮੁੱਦਾ ਹੋਵੇ ਜਾਂ ਫਿਰ ਵਕਫ ਬਿਲ ਨੂੰ ਜੇ. ਪੀ. ਸੀ. ਦੇ ਹਵਾਲੇ ਕਰਨਾ ਹੋਵੇ ਬਲਕਿ ਆਜ਼ਾਦੀ ਦਿਹਾੜੇ ਤੇ ਪ੍ਰਧਾਨ ਮੰਤਰੀ ਸ੍ਰੀ ਮੋਦੀ ਨੇ ਇਹ ਵੀ ਸੱਦਾ ਦਿੱਤਾ ਕਿ ਯੂਨੀਫਾਰਮ ਸਿਵਲ ਕੋਡ ਤੇ ਕੌਮੀ ਰਾਏ ਬਣਾਉਣ ਦੀ ਲੋੜ ਹੈ।ਇਹਨਾਂ ਫੈਸਲਿਆਂ ਦੇ ਕਾਰਨ ਇਹ ਹਵਾ ਬਣਨੀ ਸੁਭਾਵਿਕ ਸੀ ਕਿ ਮੋਦੀ ਸਰਕਾਰ ਬਹੁਤ ਫੂਕ-ਫੂਕ ਕੇ ਕਦਮ ਚੁੱਕ ਰਹੀ ਹੈ। ਸਰਕਾਰ ਜੇਕਰ ਬਹੁਤ ਸਾਵਧਾਨੀ ਨਾਲ ਚੱਲਦੀ ਹੈ ਤਾਂ ਇਸ ਵਿਚ ਬੁਰਾਈ ਨਹੀਂ ਪਰ ਸਮੱਸਿਆ ਤਾਂ ਉਦੋਂ ਆਈ ਜਦੋਂ ਭਾਰਤ ਦੇ ਇਕ ਹੋਰ ਗੁਆਂਢੀ ਮੁਲਕ ਬੰਗਲਾਦੇਸ਼ ਵਿਚ ਗੜਬੜ ਹੋ ਗਈ। ਹੁਣ ਸਰਕਾਰ ਮੂਹਰੇ ਵੱਡੀ ਚੁਣੌਤੀ ਸੀ ਕਿਉਂਕਿ ਬੰਗਲਾਦੇਸ਼ ਵਿਚ ਮੁਸਲਿਮ ਹਿੰਦੂਆਂ ਨੂੰ ਮਾਰਨ ਲੱਗ ਪਏ। ਭਾਜਪਾ ਖੁਦ ਹਿੰਦੂ ਵਿਚਾਰਧਾਰਾ ਦੀ ਪਾਰਟੀ ਹੈ ਇਸ ਕਰਕੇ ਜੇਕਰ ਇਸ ਦੀ ਹਾਜ਼ਰੀ ਵਿਚ ਬੰਗਲਾਦੇਸ਼ ਵਿਚ ਹਿੰਦੂਆਂ ਦਾ ਘਾਣ ਹੁੰਦਾ ਹੈ ਤਾਂ ਸਰਕਾਰ ਦੇਸ਼ ਦੇ ਅੰਦਰ ਵੀ ਘਿਰ ਜਾਂਦੀ। ਸਰਕਾਰ ਨੇ ਫੌਜ ਨੂੰ ਆਦੇਸ਼ ਦਿੱਤਾ ਕਿ ਉਹ ਬੰਗਲਾਦੇਸ਼ ਨੂੰ ਚਾਰੇ ਪਾਸਿਉਂ ਘੇਰ ਲਵੇ। ਫੌਜ ਨੇ ਤੁਰੰਤ ਅਮਲ ਵੀ ਕੀਤਾ। ਸਮੁੰਦਰ ਵਿਚ ਵੀ ਵੱਡੇ ਬੇੜੇ ਉਤਾਰ ਦਿੱਤੇ। ਬੰਗਲਾਦੇਸ਼ ਦਾ ਬਿਜਲੀ, ਪਾਣੀ ਬੰਦ ਕਰ ਦਿੱਤਾ। ਜਦੋਂ ਬੰਗਲਾਦੇਸ਼ ਵਿਚ ਖੁਰਾਕੀ ਵਸਤਾਂ ਦੀ ਕਮੀ ਆਈ ਤਾਂ ਉਥੋਂ ਦੀ ਕੰਮ ਚਲਾਊ ਸਰਕਾਰ ਦੇ ਮੁਖੀ ਮੁਹੰਮਦ ਯੂਨਸ ਨੂੰ ਕਹਿਣਾ ਪਿਆ ਕਿ ਬੰਗਲਾਦੇਸ਼ ਵਿਚ ਕਿਸੇ ਹਿੰਦੂ ਨਾਲ ਧੱਕਾ ਨਹੀਂ ਹੋਣ ਦਿਆਂਗੇ। ਪਰ ਹੁਣ ਬੰਗਲਾਦੇਸ਼ ਦੇ ਹਾਲਾਤ ਕੁਝ ਸੁਧਰੇ ਹਨ ਤਾਂ ਸਰਕਾਰ ਨੇ ਅਗਲਾ ਕਦਮ ਅਮਰੀਕਾ ਦੇ ਮੂਹਰੇ ਨਾ ਝੁਕਣ ਦਾ ਚੁੱਕਿਆ ਅਤੇ ਬੰਗਲਾਦੇਸ਼ ਤੋਂ ਅਮਰੀਕਾ ਨੂੰ ਦੂਰ ਰਹਿਣ ਦੀ ਨਸੀਹਤ ਦੇ ਮਾਰੀ। ਇਸ ਦਰਮਿਆਨ ਪ੍ਰਧਾਨ ਮੰਤਰੀ ਮੋਦੀ ਰੂਸ ਵੀ ਗਏ ਅਤੇ ਦਬਾਅ ਘੱਟ ਕਰਨ ਲਈ ਯੂਕਰੇਨ ਵੀ ਚਲੇ ਗਏ ਪਰ ਹੁਣ ਮੋਦੀ ਤੇ ਦੁਨੀਆਂ ਇਹ ਦਬਾਅ ਪਾ ਰਹੀ ਹੈ ਕਿ ਉਹ ਜੰਗ ਰੁਕਵਾਉਣ। ਇਸ ਲਈ ਕੀ ਹੋ ਸਕਦਾ ਹੈ ਇਹ ਤਾਂ ਅਗਲੇ ਸਮੇਂ ਵਿਚ ਦੇਖਿਆ ਜਾਵੇ ਪਰ ਇਕ ਗੱਲ ਬਿਲਕੁਲ ਸਪਸ਼ਟ ਹੈ ਕਿ ਹੁਣ ਰਾਜ ਸਭਾ ਵਿਚ ਭਾਜਪਾ ਪੂਰਨ ਬਹੁਮਤ ਪ੍ਰਾਪਤ ਕਰ ਚੁੱਕੀ ਹੈ ਅਤੇ ਇਸ ਨੂੰ ਚੁਣੌਤੀਆਂ ਘਟਦੀਆਂ ਜਾ ਰਹੀਆਂ ਹਨ। ਦਬਾਅ ਅਤੇ ਫੂਕ-ਫੂਕ ਕੇ ਕਦਮ ਚੁੱਕਣਾ ਵੈਸੇ ਵੀ ਇਸ ਵਕਤ ਭਾਰਤ ਦੇ ਹਿੱਤ ਵਿਚ ਹੈ ਕਿਉਂਕਿ ਭਾਰਤ ਦੁਸ਼ਮਣਾਂ ਵਿਚਕਾਰ ਬੁਰੀ ਤਰ੍ਹਾਂ ਘਿਰ ਚੁੱਕਾ ਹੈ। ਚੀਨ ਅਤੇ ਪਾਕਿਸਤਾਨ ਤਾਂ ਪਹਿਲਾਂ ਹੀ ਭਾਰਤ ਤੇ ਹਮਲੇ ਕਰ ਰਹੇ ਹਨ, ਹੁਣ ਬੰਗਲਾਦੇਸ਼ ਤੋਂ ਵੀ ਚੁਣੌਤੀ ਆ ਰਹੀ ਹੈ, ਹਾਲਾਂਕਿ ਇਸ ਸਰਕਾਰ ਨੇ ਸ਼੍ਰੀਲੰਕਾ, ਨੇਪਾਲ ਅਤੇ ਮਾਲਦੀਵ ਨੂੰ ਕੁਝ ਹੱਦ ਤੱਕ ਠੀਕ ਕਰ ਲਿਆ ਹੈ।

**-ਬਲਬੀਰ ਸਿੰਘ ਐਮ ਏ**


albir Singh M.A.
Editor in Chief & Publisher
e-mail: bsma54@gmail.com
Tel : 510-938-7771

36415 RUSCHIN DR. NEWARK, CA 94560

Sub Office - Bakersfield (CA)
209 Weedpatch HWY, Bakersfield (CA)
Manmit Saggu 661-900-7357
Tanjit Saggu 661-761-8795

Buta Ram joshi Staff Reporter, Fresno 559-803-0055

Sanjeev Garg Kali, Reporter Malwa Area, 96713-53789

RAJ BUDWAL
MEDIA PARTNER / REPRESENTATIVE
8350202@gmail.com 408-835-0202

Web designed www.pardestimes.com
by Aman Bansil 510-589-2245



The Pardes Times and people asociated with it are Not responsible for any claims made by the advertisers and don't endorse any product or services advertised in the Pardes Times. Please consult your attorney before, buying/hiring contracting through the ads published in the news paper. The Pardes Times is in business of selling spaces and claims made by advertisers are not tested/confirmed by an independent source.


# ਸਿਆਸੀ ਪਾਰਟੀਆਂ ਦੀ ਤੇਜ਼ੀ ਨਾਲ ਵਧਦੀ ਗਿਣਤੀ ਬਣੀ ਰਹੀ ਮੁਸੀਬਤ

**ਡਾ. ਕੁਲਵੰਤ ਸਿੰਘ ਫੁੱਲ**

ਅਪ੍ਰੈਲ-ਜੂਨ ਮਹੀਨੇ ਦੌਰਾਨ ਭਾਰਤੀ ਸੰਸਦ ਦੇ ਲੋਕਾਂ ਦੁਆਰਾ ਸਿੱਧੇ ਚੁਣੇ ਜਾਣ ਵਾਲੇ ਹੇਠਲੇ ਸਦਨ 'ਲੋਕ ਸਭਾ' ਦੀਆਂ 18ਵੀਆਂ ਆਮ ਚੋਣਾਂ ਕਰਵਾਈਆਂ ਗਈਆਂ। ਇਹ ਆਮ ਚੋਣਾਂ ਉਮੀਦਵਾਰਾਂ ਤੇ ਸਿਆਸੀ ਪਾਰਟੀਆਂ ਦੀ ਗਿਣਤੀ ਬਹੁਤ ਜ਼ਿਆਦਾ ਹੋਣ ਕਰਕੇ ਇਸ ਵਾਰ ਵਧੇਰੇ ਦਿਲਚਸਪ ਰਹੀਆਂ। ਇਨ੍ਹਾਂ ਚੋਣਾਂ 'ਚ ਰਾਸ਼ਟਰੀ ਪੱਧਰ ਦੀਆਂ ਮਾਨਤਾ ਪ੍ਰਾਪਤ ਛੇ ਸਿਆਸੀ ਪਾਰਟੀਆਂ ਨੇ ਹਿੱਸਾ ਲਿਆ ਜਿਨ੍ਹਾਂ ਵਿੱਚੋਂ ਭਾਜਪਾ ਅਤੇ ਕਾਂਗਰਸ ਹੀ ਦੋ ਸਭ ਤੋਂ ਵੱਡੀਆਂ ਪਾਰਟੀਆਂ ਹਨ ਜਿਨ੍ਹਾਂ ਨੇ ਪਿਛਲੇ ਸਮੇਂ ਦੌਰਾਨ ਭਾਰਤ ਦੀਆਂ ਜ਼ਿਆਦਾਤਰ ਸਰਕਾਰਾਂ ਦੀ ਅਗਵਾਈ ਕੀਤੀ ਹੈ।

ਉਨ੍ਹਾਂ ਨੇ ਕ੍ਰਮਵਾਰ 435 ਤੇ 420 ਉਮੀਦਵਾਰ ਖੜ੍ਹੇ ਕੀਤੇ ਸਨ। ਇਨ੍ਹਾਂ ਤੋਂ ਇਲਾਵਾ 30 ਤੋਂ ਵਧੇਰੇ ਹੋਰ ਪਾਰਟੀਆਂ ਨੇ ਵੀ ਚੋਣ ਲੜੀ ਜਿਨ੍ਹਾਂ ਨੇ 2019 ਦੀਆਂ ਪਿਛਲੀਆਂ ਚੋਣਾਂ ਵਿਚ ਘੱਟੋ-ਘੱਟ ਇਕ ਸੀਟ ਜਿੱਤੀ ਸੀ। ਵੱਡੀਆਂ ਪਾਰਟੀਆਂ ਦਰਮਿਆਨ ਤਿੱਖੇ ਮੁਕਾਬਲੇ ਦੇ ਪਿੱਛੇ ਛੁਪੀਆਂ ਹੋਈਆਂ 700 ਤੋਂ ਵੀ ਜ਼ਿਆਦਾ ਘੱਟ ਜਾਣੀਆਂ-ਪਛਾਣੀਆਂ ਸਿਆਸੀ ਪਾਰਟੀਆਂ ਨੇ ਵੀ ਵੱਖ-ਵੱਖ ਵਿਚਾਰਧਾਰਾਵਾਂ ਅਤੇ ਅਭਿਲਾਸ਼ਾਵਾਂ ਨਾਲ ਲੋਕਾਂ ਦਾ ਧਿਆਨ ਖਿੱਚਣ ਦੀ ਕੋਸ਼ਿਸ਼ ਕੀਤੀ। ਲੋਕ ਸਭਾ ਲਈ ਇੰਨੀਆਂ ਪਾਰਟੀਆਂ ਨੇ ਪਹਿਲਾਂ ਕਦੇ ਵੀ ਚੋਣਾਂ ਨਹੀਂ ਲੜੀਆਂ। ਬੇਸ਼ੱਕ ਚੋਣ ਲੜਨ ਵਾਲੀਆਂ ਪਾਰਟੀਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ ਪਰ ਸੀਟਾਂ ਜਿੱਤਣ ਵਿਚ ਕਾਮਯਾਬ ਹੋਣ ਵਾਲੀਆਂ ਪਾਰਟੀਆਂ ਦੀ ਗਿਣਤੀ ਤਾਂ ਮੁਸ਼ਕਲ ਨਾਲ ਹੀ ਵਧੀ ਹੈ। ਵੱਖ-ਵੱਖ ਸਿਆਸੀ ਪਾਰਟੀਆਂ ਵੱਲੋਂ ਖੜ੍ਹੇ ਕੀਤੇ ਗਏ 4,440 ਉਮੀਦਵਾਰਾਂ ਤੋਂ ਇਲਾਵਾ, 3,920 ਲੋਕਾਂ ਨੇ ਆਜ਼ਾਦ ਉਮੀਦਵਾਰ ਵਜੋਂ ਕਿਸਮਤ ਅਜ਼ਮਾਈ, ਭਾਵ ਕੁੱਲ 8,360 ਉਮੀਦਵਾਰ ਮੈਦਾਨ ਵਿਚ ਸਨ ਜੋ ਪਿਛਲੇ 28 ਸਾਲਾਂ ਵਿਚ ਸਭ ਤੋਂ ਜ਼ਿਆਦਾ ਸਨ।

ਉਮੀਦਵਾਰਾਂ ਦੀ ਇਹ ਗਿਣਤੀ 1952 ਵਿਚ ਹੋਈਆਂ ਪਹਿਲੀਆਂ ਲੋਕ ਸਭਾ ਚੋਣਾਂ ਲਈ ਖੜ੍ਹੇ 1,874 ਉਮੀਦਵਾਰਾਂ ਨਾਲੋਂ ਚਾਰ ਗੁਣਾ ਤੋਂ ਵੀ ਜ਼ਿਆਦਾ ਸੀ। ਇਸੇ ਸਮੇਂ ਦੌਰਾਨ ਪ੍ਰਤੀ ਹਲਕਾ ਉਮੀਦਵਾਰਾਂ ਦੀ ਔਸਤ ਗਿਣਤੀ ਵੀ ਔਸਤਨ 4।67 ਤੋਂ ਵਧ ਕੇ 15।39 ਉਮੀਦਵਾਰ ਹੋ ਗਈ ਹੈ। ਜਦਕਿ 4 ਜੂਨ ਨੂੰ ਆਏ ਚੋਣ ਨਤੀਜਿਆਂ ਵਿਚ 543 ਉਮੀਦਵਾਰ ਹੀ ਚੁਣੇ ਜਾਣੇ ਸਨ। ਜਿਨ੍ਹਾਂ ਵਿਚ ਭਾਜਪਾ ਦੀ ਅਗਵਾਈ ਵਾਲਾ ਐਨਡੀਏ ਗੱਠਜੋੜ ਸਭ ਤੋਂ ਵੱਧ 293 ਸੀਟਾਂ ਨਾਲ ਬਹੁਮਤ ਪ੍ਰਾਪਤ ਕਰ ਕੇ ਤੀਸਰੀ ਵਾਰ ਮੁੜ ਸੱਤਾ ਵਿਚ ਪਰਤਿਆ ਹੈ ਅਤੇ ਕਾਂਗਰਸ ਦੀ ਅਗਵਾਈ ਵਾਲਾ ਇੰਡੀਆ ਗੱਠਜੋੜ 234 ਸੀਟਾਂ ਹੀ ਪ੍ਰਾਪਤ ਕਰ ਸਕਿਆ।

ਭਾਰਤ ਵਿਚ ਸਿਆਸੀ ਪਾਰਟੀਆਂ ਦੀ ਗਿਣਤੀ 1980 ਦੇ ਦਹਾਕੇ ਦੇ ਅਖ਼ੀਰ ਤੋਂ ਲੈ ਕੇ ਹੁਣ ਤੱਕ ਤੇਜ਼ੀ ਨਾਲ ਕਈ ਕਾਰਨਾਂ ਕਰ ਕੇ ਵਧਦੀ ਆ ਰਹੀ ਹੈ ਜਿਵੇਂ ਕਿ ਪਾਰਟੀਆਂ ਦੀ ਆਸਾਨ ਰਜਿਸਟ੍ਰੇਸ਼ਨ ਪ੍ਰਕਿਰਿਆ, ਪਰਿਵਾਰਵਾਦ, ਕਾਂਗਰਸ ਪਾਰਟੀ ਦਾ ਵਿਖੰਡਨ, ਸਮਾਜਵਾਦੀ ਗਰੁੱਪਾਂ ਦੀ ਟੁੱਟ-ਭੱਜ, ਖੇਤਰਵਾਦ, ਖੇਤਰੀ ਪਾਰਟੀਆਂ ਤੇ ਨੇਤਾਵਾਂ ਦਾ ਉਭਾਰ, ਨਵੇਂ ਰਾਜਾਂ ਦਾ ਗਠਨ ਤੇ ਵੱਖ-ਵੱਖ ਸਿਆਸੀ ਪਛਾਣਾਂ ਦਾ ਦਾਅਵਾ ਆਦਿ।


ਅਠਾਈ ਰਾਜਾਂ ਤੇ ਅੱਠ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਤੱਕ ਫੈਲੇ ਦੇਸ਼ ਵਿਚ ਵੱਖ-ਵੱਖ ਨਸਲੀ ਮੂਲ ਦੇ ਭਾਰਤੀ ਸੈਂਕੜੇ ਭਾਸ਼ਾਵਾਂ ਅਤੇ ਹਜ਼ਾਰਾਂ ਉਪ-ਭਾਸ਼ਾਵਾਂ ਬੋਲਦੇ ਹਨ। ਹਰੇਕ ਸਮੂਹ ਖੇਤਰ, ਜਾਤ ਅਤੇ ਉਪ-ਜਾਤ ਚਾਹੁੰਦੀ ਹੈ ਕਿ ਉਸ ਦੀ ਨੁਮਾਇੰਦਗੀ ਉਸ ਦਾ ਆਪਣਾ ਨੇਤਾ ਹੀ ਕਰੇ। ਭਾਵੇਂ ਸਮੁੱਚੇ ਦੇਸ਼ 'ਚ ਇਸ ਵਾਰ ਕੌਮੀ ਪੱਧਰ 'ਤੇ ਸਿਰਫ਼ ਛੇ ਪਾਰਟੀਆਂ-ਭਾਰਤੀ ਜਨਤਾ ਪਾਰਟੀ (ਭਾਜਪਾ), ਇੰਡੀਅਨ ਨੈਸ਼ਨਲ ਕਾਂਗਰਸ (ਕਾਂਗਰਸ), ਬਹੁਜਨ ਸਮਾਜ ਪਾਰਟੀ (ਬਸਪਾ), ਆਮ-ਆਦਮੀ ਪਾਰਟੀ (ਆਪ), ਸੀਪੀਆਈ (ਐਮ) ਤੇ ਨੈਸ਼ਨਲ ਪੀਪਲਜ਼ ਪਾਰਟੀ ਨੇ ਹੀ ਚੋਣ ਲੜੀ ਹੈ।

ਪਰ ਪਹਿਲੀਆਂ ਦੋ ਪਾਰਟੀਆਂ ਹੀ ਵੱਖ-ਵੱਖ ਰਾਜਾਂ ਤੋਂ ਵੱਧ ਸੀਟਾਂ ਜਿੱਤਣ 'ਚ ਕਾਮਯਾਬ ਰਹੀਆਂ ਹਨ। ਸੰਨ 2019 ਦੀਆਂ ਚੋਣਾਂ 'ਚ ਭਾਜਪਾ ਨੂੰ 37।38 ਫ਼ੀਸਦੀ ਤੇ ਕਾਂਗਰਸ ਨੂੰ 19।55% ਵੋਟਾਂ ਮਿਲੀਆਂ ਸਨ। ਜਦਕਿ ਜੂਨ 2024 ਦੀਆਂ ਚੋਣਾਂ ਦੌਰਾਨ ਭਾਜਪਾ ਨੂੰ 36।56 ਫ਼ੀਸਦੀ ਅਤੇ ਕਾਂਗਰਸ ਨੂੰ 21।19% ਵੋਟਾਂ ਪਈਆਂ ਹਨ। ਬਸਪਾ ਕੇਵਲ 2।04 ਫ਼ੀਸਦੀ ਵੋਟਾਂ ਲੈ ਕੇ ਕੋਈ ਵੀ ਸੀਟ ਜਿੱਤਣ ਵਿਚ ਕਾਮਯਾਬ ਨਹੀਂ ਹੋਈ। ਭਾਰਤ ਦਾ ਸਿਆਸੀ ਦ੍ਰਿਸ਼ ਛੋਟੀਆਂ ਪਰ ਸਿਆਸੀ ਤੌਰ 'ਤੇ ਮਜ਼ਬੂਤ ਖੇਤਰੀ ਪਾਰਟੀਆਂ ਨਾਲ ਭਰਿਆ ਹੋਇਆ ਹੈ ਜੋ ਕੁਝ ਖ਼ਾਸ ਖੇਤਰਾਂ/ਰਾਜਾਂ ਤੱਕ ਹੀ ਸੀਮਤ ਹਨ।

ਮਿਸਾਲ ਵਜੋਂ, ਇਸ ਵਾਰ ਉੱਤਰ ਪ੍ਰਦੇਸ਼ ਵਿਚ ਪ੍ਰਭਾਵਸ਼ਾਲੀ ਸਮਾਜਵਾਦੀ ਪਾਰਟੀ 37 ਸੀਟਾਂ ਜਿੱਤ ਕੇ ਲੋਕ ਸਭਾ ਵਿਚ ਭਾਜਪਾ ਤੇ ਕਾਂਗਰਸ ਤੋਂ ਬਾਅਦ ਤੀਜੀ ਸਭ ਤੋਂ ਵੱਡੀ ਪਾਰਟੀ ਬਣੀ ਹੈ।

ਪੱਛਮੀ ਬੰਗਾਲ ਆਧਾਰਤ ਤ੍ਰਿਣਮੂਲ ਕਾਂਗਰਸ 29 ਮੈਂਬਰਾਂ ਨਾਲ ਚੌਥੀ ਤੇ ਤਾਮਿਲਨਾਡੂ-ਆਧਾਰਤ ਦ੍ਰਵਿੜ ਮੁਨੇਤਰ ਕੜਗਮ (ਡੀਐੱਮਕੇ) ਆਪਣੇ 22 ਚੁਣੇ ਮੈਂਬਰਾਂ ਨਾਲ ਪੰਜਵੀ ਵੱਡੀ ਪਾਰਟੀ ਬਣੀ ਹੈ। ਕੁਝ ਪਾਰਟੀਆਂ ਖੇਤਰੀ ਕਾਰਕਾਂ ਦੀ ਬਜਾਏ ਭਾਰਤ ਦੀ ਸਮਾਜਿਕ ਅਤੇ ਧਾਰਮਿਕ ਵਿਭਿੰਨਤਾ ਦੀ ਨੁਮਾਇੰਦਗੀ ਵੀ ਕਰਦੀਆਂ ਹਨ ਜਿਵੇਂ ਬਸਪਾ ਜੋ ਇਤਿਹਾਸਕ ਤੌਰ 'ਤੇ ਦਲਿਤ ਭਾਈਚਾਰਿਆਂ ਲਈ ਪ੍ਰਚਾਰ ਕਰਦੀ ਹੈ, ਉਸ ਦੇ ਭੰਗ ਹੋਈ ਲੋਕ ਸਭਾ ਵਿਚ 10 ਮੈਂਬਰ ਸਨ।

ਹਾਲਾਂਕਿ, ਜ਼ਿਆਦਾਤਰ ਛੋਟੀਆਂ ਪਾਰਟੀਆਂ ਖ਼ਾਸ ਖੇਤਰ, ਜ਼ਿਲ੍ਹਾ ਜਾਂ ਵਿਅਕਤੀਗਤ-ਕੇਂਦ੍ਰਿਤ ਹੋਣ ਕਰਕੇ ਦੋ ਜਾਂ ਤਿੰਨ ਤੋਂ ਵੱਧ ਚੋਣ ਚੱਕਰ ਨਹੀਂ ਕੱਢਦੀਆਂ। ਹਾਂ, ਕਦੇ-ਕਦੇ ਛੋਟੀਆਂ ਖੇਤਰੀ ਪਾਰਟੀਆਂ 'ਕਿੰਗਮੇਕਰ' ਬਣ ਜਾਣ ਕਰ ਕੇ ਵੱਡੀ ਤਸਵੀਰ ਵਿਚ ਵੀ ਮਹੱਤਵਪੂਰਨ ਮਾਅਨੇ ਰੱਖਣ ਲੱਗ ਪੈਂਦੀਆਂ ਹਨ, ਖ਼ਾਸ ਕਰ ਕੇ ਉਦੋਂ ਜਦੋਂ ਵੱਡੀਆਂ ਪਾਰਟੀਆਂ ਬਹੁਮਤ ਤੋਂ ਘੱਟ ਰਹਿ ਜਾਂ-ਦੀਆਂ ਹਨ। ਇਸ ਵਾਰ ਵੀ ਆਂਧਰ ਪ੍ਰਦੇਸ਼ ਆਧਾਰਤ ਤੇਲਗੂ ਦੇਸਮ ਪਾਰਟੀ




ਆਪਣੇ 16 ਲੋਕ ਸਭਾ ਮੈਂਬਰਾਂ ਅਤੇ ਬਿਹਾਰ ਆਧਾਰਤ ਜਨਤਾ ਦਲ (ਯੂ) 12 ਮੈਂਬਰਾਂ ਨਾਲ ਕ੍ਰਮਵਾਰ ਛੇਵੇਂ ਤੇ ਸੱਤਵੇਂ ਸਥਾਨ 'ਤੇ ਰਹਿਣ ਦੇ ਬਾਵਜੂਦ ਐਨਡੀਏ ਗੱਠਜੋੜ ਵਿਚ ਮੁੱਖ 'ਕਿੰਗਮੇਕਰ' ਪਾਰਟੀਆਂ ਬਣ ਕੇ ਉੱਭਰੀਆਂ ਹਨ। ਆਮਦਨ ਕਰ ਤੋਂ ਕਾਨੂੰਨੀ ਛੋਟ ਪ੍ਰਾਪਤ ਹੋਣਾ ਵੀ ਸਿਆਸੀ ਪਾਰਟੀਆਂ ਦੇ ਪਸਾਰ ਦਾ ਇਕ ਮਹੱਤਵਪੂਰਨ ਕਾਰਨ ਹੈ ਕਿਉਂਕਿ ਕਈ ਸਿਆਸੀ ਲੋਕ ਪਾਰਟੀ ਦੇ ਨਾਮ 'ਤੇ ਆਪਣੇ ਲਈ ਕਾਰਾਂ ਅਤੇ ਦਫ਼ਤਰ ਦੇ ਰੂਪ ਵਿਚ ਘਰ ਖ਼ਰੀਦ ਸਕਦੇ ਹਨ। ਅਮਲੀ ਤੌਰ 'ਤੇ ਸਿਆਸੀ ਪਾਰਟੀਆਂ 'ਕਾਲੇ ਧਨ ਨੂੰ ਚਿੱਟੇ' ਵਿਚ ਬਦਲਣ ਲਈ ਵੀ ਜ਼ਿਆਦਾ ਪ੍ਰਭਾਵਸ਼ਾਲੀ ਤੇ ਸਮਰੱਥ ਹੁੰਦੀਆਂ ਹਨ।

ਕਈ ਵਾਰ ਸਿਆਸੀ ਪਾਰਟੀਆਂ ਚੋਣਾਂ ਦੌਰਾਨ ਸ਼ੈਡੋ ਉਮੀਦਵਾਰ ਖੜ੍ਹੇ ਕਰ ਦਿੰਦੀਆਂ ਹਨ ਅਤੇ ਬਾਅਦ ਵਿਚ ਜਿੱਤਣ ਦੇ ਚਾਹਵਾਨ ਉਮੀਦਵਾਰ ਤੋਂ ਪੈਸੇ ਲੈ ਕੇ ਇਹ ਪਾਰਟੀਆਂ ਸਬੰਧਤ ਉਮੀਦਵਾਰੀ ਵਾਪਸ ਲੈ ਲੈਂਦੀਆਂ ਹਨ। ਇਸ ਵਾਰ ਦੀਆਂ ਚੋਣਾਂ ਦੌਰਾਨ ਇਕ ਹਜ਼ਾਰ ਤੋਂ ਵੱਧ ਉਮੀਦਵਾਰਾਂ ਨੇ ਆਪਣੀਆਂ ਨਾਮਜ਼ਦਗੀਆਂ ਵਾਪਸ ਲੈ ਲਈਆਂ ਸਨ, ਹਾਲਾਂਕਿ ਇਨ੍ਹਾਂ ਦੇ ਸਪਸ਼ਟ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ।

ਸਿਆਸੀ ਪਾਰਟੀਆਂ ਦੇ ਪਸਾਰ ਦਾ ਇਕ ਹੋਰ ਮੁੱਖ ਕਾਰਨ ਸੌਖੀ ਪਾਰਟੀ ਰਜਿਸਟ੍ਰੇਸ਼ਨ ਪ੍ਰਕਿਰਿਆ ਹੈ। ਇਕ ਵਾਰ ਪਾਰਟੀ ਰਜਿਸਟਰ ਕਰਵਾਉਣ ਤੋਂ ਬਾਅਦ ਚੋਣ ਕਮਿਸ਼ਨ ਕੋਲ ਕਿਸੇ ਪਾਰਟੀ ਦੀ ਰਜਿਸਟ੍ਰੇਸ਼ਨ ਰੱਦ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਲੋਕ ਸਭਾ ਚੋਣਾਂ ਲੜਨ ਵਾਲੀਆਂ ਪਾਰਟੀਆਂ ਦੀ ਵਧਦੀ ਗਿਣਤੀ ਦੇ ਬਾਵਜੂਦ ਸੀਟਾਂ ਜਿੱਤਣ ਵਾਲੀਆਂ ਪਾਰਟੀਆਂ ਦੀ ਗਿਣਤੀ ਬਹੁਤੀ ਨਹੀਂ ਵਧੀ। ਜਿੱਤਣ ਵਾਲਿਆਂ ਵਿੱਚੋਂ ਵੀ ਦੋ ਪ੍ਰਮੁੱਖ ਰਾਸ਼ਟਰੀ ਪਾਰਟੀਆਂ ਭਾਜਪਾ ਤੇ ਕਾਂਗਰਸ ਦਾ ਹੀ ਦਬਦਬਾ ਰਿਹਾ ਹੈ। ਪਿਛਲੀਆਂ 11 ਚੋਣਾਂ 'ਚ ਇਨ੍ਹਾਂ ਦਾ ਸੰਯੁਕਤ ਵੋਟ ਸ਼ੇਅਰ ਔਸਤਨ 55% ਰਿਹਾ ਹੈ। ਇਸ ਵਾਰ ਦੀਆਂ ਚੋਣਾਂ 'ਚ ਚਾਰ ਕੌਮੀ ਪਾਰਟੀਆਂ ਸਮੇਤ ਕੁੱਲ 41 ਵੱਖ-ਵੱਖ ਛੋਟੀਆਂ-ਵੱਡੀਆਂ ਸਿਆਸੀ ਪਾਰਟੀਆਂ ਲੋਕ ਸਭਾ ਵਿਚ ਆਪਣੀ ਹਾਜ਼ਰੀ ਦਰਜ ਕਰਵਾਉਣ ਵਿਚ ਕਾਮਯਾਬ ਰਹੀਆਂ ਹਨ ਜਦਕਿ ਭੰਗ ਹੋਈ ਲੋਕ ਸਭਾ 'ਚ ਕੁੱਲ 36 ਸਿਆਸੀ ਪਾਰਟੀਆਂ ਸਨ। ਆਜ਼ਾਦ ਉਮੀਦਵਾਰ ਵੀ ਬਹੁਤੀ ਸਫਲਤਾ ਹਾਸਲ ਨਹੀਂ ਕਰ ਪਾਉਂਦੇ।

ਇਸ ਵਾਰ ਵੀ ਕੇਵਲ ਸੱਤ ਉਮੀਦਵਾਰ ਹੀ ਲੋਕ ਸਭਾ ਵਾਸਤੇ ਆਜ਼ਾਦ ਜਿੱਤਣ ਵਿਚ ਕਾਮਯਾਬ ਹੋਏ ਹਨ। ਪਿਛਲੀਆਂ 15 ਲੋਕ ਸਭਾ ਚੋਣਾਂ ਲੜਨ ਵਾਲੀਆਂ 1,500 ਤੋਂ ਵੱਧ ਪਾਰਟੀਆਂ ਵਿੱਚੋਂ ਜ਼ਿਆਦਾਤਰ ਨੇ ਸਿਰਫ਼ ਇਕ ਵਾਰ ਹੀ ਚੋਣ ਲੜੀ ਹੈ। ਇਨ੍ਹਾਂ 15 ਵਾਰੀ ਹੋਈਆਂ ਚੋਣਾਂ ਵਿੱਚੋਂ ਅੱਧੇ ਤੋਂ ਵੱਧ ਚੋਣਾਂ ਸਿਰਫ਼ 34 ਪਾਰਟੀਆਂ ਨੇ ਹੀ ਲੜੀਆਂ। ਇਸ ਸਾਲ 18 ਪਾਰਟੀਆਂ ਨੇ ਪਹਿਲਾਂ ਪੰਜ ਤੋਂ ਵੱਧ ਚੋਣਾਂ ਲੜੀਆਂ ਹਨ ਪਰ ਕਦੇ ਵੀ ਕੋਈ ਜਿੱਤ ਨਹੀਂ ਸਕੀ।

ਪ੍ਰੰਤੂ ਵੱਡੀ ਗਿਣਤੀ 'ਚ ਸਿਆਸੀ ਪਾਰਟੀਆਂ ਦੀ ਮੌਜੂਦਗੀ ਤੇ ਉਮੀਦਵਾਰਾਂ ਦੀ ਨਾਮਜ਼ਦਗੀ ਚੋਣ ਪ੍ਰਕਿਰਿਆ ਨੂੰ ਦਿਲਚਸਪ ਬਣਾਉਣ ਦੇ ਨਾਲ-ਨਾਲ ਮੁਸ਼ਕਲ, ਮਹਿੰਗੀ ਤੇ ਬੇਕਾਬੂ ਕਰ ਦਿੰਦੀ ਹੈ। ਸਿੱਟੇ ਵਜੋਂ ਚੋਣ ਪ੍ਰਬੰਧਨ, ਸੁਰੱਖਿਆ, ਅਮਨ ਤੇ ਕਾਨੂੰਨ ਵਿਵਸਥਾ ਬਣਾਈ ਰੱਖਣ ਦੇ ਖ਼ਰਚੇ ਵਧ ਜਾਂਦੇ ਹਨ ਤੇ ਵੋਟਿੰਗ ਮਸ਼ੀਨਾਂ ਦੇ ਬੈਲਟਿੰਗ ਯੂਨਿਟਾਂ ਦੀ ਵਾਧੂ ਗਿਣਤੀ ਸਿਰਦਰਦੀ ਬਣਦੀ ਜਾਂਦੀ ਹੈ। ਚੋਣਾਂ ਦੇ ਅਜਿਹੇ ਕੁਝ ਮਾਮਲਿਆਂ 'ਚ ਪ੍ਰਬੰਧਨ ਕਰਨਾ ਵਧੇਰੇ ਮੁਸ਼ਕਲ ਹੋ ਜਾਂਦਾ ਹੈ ਜਿਵੇਂ ਕਿ ਤਾਮਿਲਨਾਡੂ 'ਚ ਲੋਕ ਸਭਾ ਦਾ ਹਲਕਾ ਕਰੂਰ ਹੈ ਜਿੱਥੇ ਇਸ ਵਾਰ 54 ਉਮੀਦਵਾਰਾਂ ਨੇ ਚੋਣ ਲੜੀ।

## 'ਪਰਦੇਸ ਟਾਇਮਜ਼' ਦੇ ਆਨਰੇਰੀ ਸਲਾਹਕਾਰ ਤੇ ਸਹਿਯੋਗੀ

| | | |
|---|---|---|
| (1) ਕਰਮਵੀਰ ਸਿੰਘ ਬੈਂਸ, ਯੂਬਾ ਸਿਟੀ | (7) ਪਰਮਪਾਲ ਸਿੰਘ | (13) ਸੁਰਿੰਦਰ ਸਿੰਘ ਧਨੋਆ |
| (2) ਅਵਤਾਰ ਸਿੰਘ ਸਹੋਤਾ | (8) ਸ. ਮਹਿੰਗਾ ਸਿੰਘ ਸਰਪੰਚ | (14) ਕਸ਼ਮੀਰ ਸਿੰਘ ਧੁੱਗਾ |
| (3) ਗੁਰਨਾਮ ਸਿੰਘ ਪੰਮਾ | (9) ਕੁਲਦੀਪ ਸਿੰਘ ਅਟਵਾਲ | (15) ਬਲਦੇਵ ਸਿੰਘ ਮਾਨ |
| (4) ਜਸਵੀਰ ਸਿੰਘ ਕੁਲਾਰ | (10) ਸੁਰਜੀਤ ਸਿੰਘ ਅਟਵਾਲ | (16) ਰਾਜ ਬਡਵਾਲ |
| (5) ਗੁਰਚਰਨ ਸਿੰਘ ਮਾਨ | (11) ਸੰਤੋਖ ਸਿੰਘ ਜੱਜ | (17) ਰਣਬੀਰ ਸਿੰਘ |
| (6) ਭੁਪਿੰਦਰ ਸਿੰਘ ਪਦਮ | (12) ਡਾ. ਹਰਮੇਸ਼ ਕੁਮਾਰ | (18) ਮਨਦੀਪ ਸਿੰਘ ਥਿਆੜਾ |

# ਐਚ. ਐਸ. ਭਜਨ ਦੇ ਘਰੇ ਗਾਇਕੀ ਦੀ ਮਹਿਫਿਲ

ਸੈਨਹੋਜ਼ੇ- ਪਿਛਲੇ ਹਫਤੇ ਮਸ਼ਹੂਰ ਪੰਜਾਬੀ ਬੋਲੀ ਦੇ ਗਾਇਕ ਐਚ. ਐਸ. ਭਜਨ ਹੁਰਾਂ ਦੇ ਆਪਣੇ ਖਾਸ ਦੋਸਤਾਂ ਨੂੰ ਸੱਦ ਕੇ ਪੰਜਾਬੋਂ ਆਏ ਹੋਏ ਸੂਫੀ ਪੰਜਾਬੀ ਗਾਇਕ ਸ੍ਰੀ ਬਲਬੀਰ ਸੂਫੀ ਜੀ ਨੂੰ ਆਪਣੇ ਦੋਸਤਾਂ ਦੇ ਸਾਹਮਣੇ ਸਨਮੁਖ ਕੀਤਾ।





ਬਲਬੀਰ ਸੂਫੀ ਜੀ ਜੋ ਪੰਜਾਬੀ ਬੋਲੀ ਦੇ ਉਹਨਾਂ ਗਜ਼ਲ ਤੇ ਸੂਫੀ ਗਾਇਕਾਂ 'ਚੋਂ ਮੋਹਰਲੀ ਕਤਾਰ ਦੇ ਫਨਕਾਰ ਹਨ, ਨੇ ਤਿੰਨ ਘੰਟੇ ਦੀ ਇਸ ਮਹਿਫਿਲ ਵਿਚ ਆਏ ਹੋਏ ਸੱਜਣ-ਮਿੱਤਰਾਂ ਲਈ ਆਨੰਦਮਈ ਮਾਹੌਲ ਬਣਾ ਕੇ ਮਨੋਰੰਜਨ ਕੀਤਾ। ਉਹਨਾਂ ਨੇ ਪ੍ਰੋਗਰਾਮ ਦੇ ਸ਼ੁਰੂ 'ਚ ਇਕ ਗੱਲ ਕਹਿ ਦਿੱਤੀ ਕਿ 'ਵੱਡਾ ਉਹ ਹੁੰਦਾ ਹੈ ਜੋ ਛੋਟੇ ਜਿਹੇ ਬੰਦੇ ਦੇ ਕੋਲ ਬੈਠੇ ਹੋਣਾ ਵੀ ਮਹਿਸੂਸ ਨਾ ਹੋਣ ਦੇਵੇ।

ਗਾਇਕੀ ਦੇ ਸ਼ੁਰੂ 'ਚ ਬਲਬੀਰ ਸੂਫੀ ਨੇ ਜਦੋਂ ਕਿਹਾ 'ਦਿਲ 'ਚ ਬੜੇ ਅਰਮਾਨ ਲੈ ਕੇ ਪਹੁੰਚੇ ਆਂ', 'ਜਿੱਥੇ ਸ਼ਾਮਾਂ ਪੈਂਦੀਆਂ ਨੇ ਉਥੇ ਰਾਤ ਕੱਟ ਲੈਂਦੇ ਆਂ।' ਔਰਤ ਹਮੇਸ਼ਾ ਆਪਣੇ ਪੁੱਤਰ-ਪੋਤਰੇ ਨੂੰ ਛਾਤੀ ਨਾਲ ਲਾ ਕੇ ਪਿਆਰ ਕਰਦੀ ਹੈ।

ਬਾਬਾ-ਨਾਨਾ ਆਪਣੇ ਪੁੱਤਰ, ਪੋਤਰੇ, ਦੋਹਤਰੇ ਨੂੰ ਮੋਢਿਆਂ 'ਤੇ ਚੁੱਕ ਕੇ ਦੁਨੀਆਂ ਵਿਖਾਉਂਦਾ ਹੈ ਤਾਂ ਕਿ ਇਹ ਬੱਚਾ ਉਹਨਾਂ ਬਜ਼ੁਰਗਾਂ ਤੋਂ ਦੂਰ ਦੀ ਦੁਨੀਆਂ ਵੀ ਵੇਖ ਸਕੇ।

ਸਾਡਾ ਤੇਰੇ ਬਿਨਾਂ ਨਹੀਂ ਗੁਜ਼ਾਰਾ
ਵੇ ਤੂੰ ਕਿਹੜਾ ਨਹੀਂ ਜਾਣਦਾ।
ਤੇਰਾ ਪਿਆਰ ਸਾਡੇ ਜੀਣ ਦਾ ਸਹਾਰਾ
ਵੇ ਤੂੰ ਕਿਹੜਾ ਨਹੀਂ ਜਾਣਦਾ।

ਫਿਰ ਐਚ. ਐਸ. ਭਜਨ ਨੇ ਲੋਕਾਂ ਦਾ ਮਨੋਰੰਜਨ ਬਹੁਤ ਹੀ ਉੱਚ ਦਰਜੇ ਦੀ ਗਾਇਕੀ ਨਾਲ ਕਰਾਇਆ।

ਸ਼ੁਰੂ ਵਿਚ ਉਹਨਾਂ ਨੇ ਆਜ਼ਾਦ ਜਲੰਧਰੀ ਤੇ ਸੁਰਿੰਦਰ ਛਿੰਦਾ ਜੀ ਲਈ ਸ਼ਰਧਾਂਜਲੀ ਦੇ ਕੇ ਗੱਲ ਅੱਗੇ ਤੋਰੀ:
ਕਦੇ ਕਦੇ ਜਦ ਮੈਨੂੰ ਚੇਤ ਕਰਦੀ ਹੋਵੇਂਗੀ
ਆਪ ਮੁਹਾਰੇ ਤਾਂ ਇਕ ਹਉਕਾ ਭਰਦੀ ਹੋਵੇਂਗੀ।

ਇਕ ਹੋਰ ਗੀਤ ਦੇ ਬੋਲ ਸਨ:
ਨੀ ਮੈਂ ਤੇਰੇ ਦਿਲ ਦੇ ਦਰਵਾਜ਼ੇ ਦੇ ਵਿਚਕਾਰ
ਇਕ ਪੈਰ ਅੰਦਰ ਇਕ ਪੈਰ ਬਾਹਰ।

ਐਚ. ਐਸ. ਭਜਨ ਨੇ ਆਪਣੀ ਆ ਰਹੀ ਨਵੀਂ ਫਿਲਮ 'ਹੈਡਮਾਸਟਰ' ਬਾਰੇ ਵੀ ਜਾਣਕਾਰੀ ਦਿੱਤੀ, ਜਿਸ ਨੂੰ ਪ੍ਰੋਡਿਊਸਰ ਤੇ ਐਕਟਰ ਦੇ ਤੌਰ ਤੇ ਪੂਰਾ ਕੀਤਾ। ਉਹਨਾਂ ਨਾਲ ਹੀ ਇੱਥੇ ਦੇ ਉਹਨਾਂ ਭਰਾਵਾਂ ਵਰਗੇ ਦੋਸਤ ਚਰਨ ਭੰਡਾਲ ਨੇ ਵੀ ਉਸ ਫਿਲਮ ਵਿਚ ਅਹਿਮ ਰੋਲ ਕੀਤਾ ਤੇ ਉਹ ਫਿਲਮ ਜਲਦੀ ਹੀ ਸਿਨੇਮਾ ਘਰਾਂ ਵਿਚ ਆ ਰਹੀ ਹੈ। ਐਚ. ਐਸ. ਭਜਨ ਤੇ ਬਲਬੀਰ ਸੂਫੀ ਦੀ ਜੋੜੀ ਦਾ ਇਕ ਸੁਮੇਲ ਐਸਾ ਸੀ ਕਿ ਦੋਵਾਂ ਗਾਇਕਾਂ ਨੇ ਪੰਜਾਬੀ ਠੇਠ ਤੋਂ ਰਾਗਾਂ ਵਾਲੇ ਗੀਤ ਵੀ ਆਏ ਹੋਏ ਪਤਵੰਤਿਆਂ ਨੂੰ ਸੁਣਾਏ।

ਲੱਚਰ ਗਾਉਣ ਵਾਲਿਆਂ ਲਈ ਇਹ ਦੋਵੇਂ ਗਾਇਕ ਇਕ ਸ਼ੀਸਾ ਹੈ ਜੋ ਹਮੇਸ਼ਾ ਚੰਗੇ ਗੀਤ ਪੇਸ਼ ਕਰਕੇ ਸਭਿਆਚਾਰ ਦੀ ਸੇਵਾ ਕਰ ਰਹੇ ਹਨ। ਉਮੀਦ ਹੈ ਇਹਨਾਂ ਗਾਇਕਾਂ ਦੇ ਹੋਰ ਚੰਗੇਰੇ ਗੀਤ ਜਲਦੀ ਹੀ ਸੁਣਨ ਨੂੰ ਮਿਲਣਗੇ।

ਆਖਿਰ 'ਚ ਬਲਬੀਰ ਸੂਫੀ ਨੇ ਬਹੁਤ ਹੀ ਟੁੰਬਵਾ ਗੀਤ ਸੁਣਾਇਆ, ਜਿਸ ਨਾਲ ਮਾਹੌਲ ਚੁੱਪ ਹੋ ਗਿਆ ਤੇ ਲੋਕੀ ਆਪਣੀਆਂ ਧੀਆਂ ਦੇ ਗੀਤ ਸੁਣ ਕੇ ਭਾਵੁਕ ਵੀ ਹੋਏ।

ਅੱਖੀਆਂ
ਸਹਿਮੀਆਂ ਸਹਿਮੀਆਂ
ਡਰੀਆਂ ਹੋਈਆਂ
ਹੰਝੂਆਂ ਦੇ ਨਾਲ ਭਰੀਆਂ ਹੋਈਆਂ
ਕਦੇ ਪਿਆ ਛਲਕਦਾ ਸੀ
ਉਹ ਜਦ ਵੀ ਖੁੱਲ੍ਹਦੀਆਂ
ਮੈਨੂੰ ਉਸ ਕੁੜੀ ਦੀਆਂ
ਅੱਖੀਆਂ ਨਹੀਂ ਭੁੱਲਦੀਆਂ
ਮੇਰੀ ਧੀਅ ਦੀ ਅੱਖੀਆਂ ਨਹੀਂ ਭੁੱਲਦੇ

ਵਾਕਿਆ ਹੀ ਬਲਬੀਰ ਸੂਫੀ ਤੇ ਐਚ. ਐਸ. ਭਜਨ ਹੁਰਾਂ ਨੇ ਛੋਟੀ ਮਹਿਫਲ ਸੀ, ਪਰ ਛੜੱਪੇ ਮਾਰਦੇ ਗਾਇਕਾਂ ਦੇ ਮੂੰਹ 'ਤੇ ਐਸੇ ਰਾਗ ਗਾ ਕੇ ਤਾਲੇ ਲਵਾਏ ਤੇ ਉਹ ਗਾਇਕ ਇਹਨਾਂ ਅੱਗੇ ਬੌਣੇ ਲੱਗਦੇ ਹਨ- ਸ਼ੁਭ ਇੱਛਾਵਾਂ ਨਾਲ ਬਲਬੀਰ ਸੂਫੀ ਤੇ ਐਚ. ਐਸ. ਭਜਨ ਦਾ ਧੰਨਵਾਦ।

**-ਬਲਬੀਰ ਸਿੰਘ ਐਮ. ਏ.**

# ਗੁਰਦੁਆਰਾ ਫਰੀਮਾਂਟ ਦੇ ਸੁਪਰੀਮ ਕੌਂਸਲ ਦੇ ਮੈਂਬਰ ਦੇ ਪਿਤਾ ਸਵਰਗਵਾਸ



ਸ. ਰਾਜਿੰਦਰ ਸਿੰਘ ਰਾਜਾ ਦੇ ਪਿਤਾ ਜੀ ਸ. ਤਰਲੋਕ ਸਿੰਘ ਜੋ 1961 'ਚ ਪੰਜਾਬ ਵਿਚ ਮਲਸੀਹਾਂ ਲਾਗਲੇ ਪਿੰਡ 'ਚ ਪੈਦਾ ਹੋਏ ਤੇ ਪਿਛਲੇ ਹਫਤੇ ਥੋੜ੍ਹੀ ਜਿਹੀ ਬਿਮਾਰੀ ਮਗਰੋਂ ਅਕਾਲ ਚਲਾਣਾ ਕਰ ਗਏ ਸਨ, ਜਿਹਨਾਂ ਦਾ ਸਸਕਾਰ ਸਤੰਬਰ 1 ਨੂੰ ਚੈਪਲ ਆਫ ਦੀ ਚਾਈਮ, ਹੇਵਰਡ ਵਿਚ ਕਰ ਦਿੱਤਾ ਗਿਆ ਤੇ ਉਹਨਾਂ ਦੀ ਅੰਤਿਮ ਅਰਦਾਸ ਵੀ ਗੁਰੂ ਘਰ ਫਰੀਮਾਂਟ ਵਿਚ ਉਸੇ ਦਿਨ ਬਾਅਦ ਦੁਪਹਿਰ ਹੋ ਗਈ ਸੀ, ਜਿਸ ਵਿਚ ਕੈਲੇਫੋਰਨੀਆ ਤੇ ਕੈਨੇਡਾ ਤੇ ਹੋਰ ਦਸ਼ਾਂ 'ਚੋਂ ਰਿਸ਼ਤੇਦਾਰਾਂ ਤੋਂ ਇਲਾਵਾ ਦੂਰੋਂ-ਨੇੜਿਉਂ ਬਹੁਤ ਹੀ ਵੱਡੀ ਗਿਣਤੀ ਵਿਚ ਸੱਜਣ-ਮਿੱਤਰ ਆਖਰੀ ਵਿਦਾਇਗੀ ਦੇਣ ਵਾਸਤੇ ਆਏ।

ਉਹ ਬਹੁਤ ਹੀ ਨੇਕ ਸੁਭਾਅ ਦੇ ਗੁਰਸਿੱਖੀ ਜੀਵਨ ਵਾਲੇ ਇਨਸਾਨ ਸਨ। ਉਹਨਾਂ ਨੇ ਦੋਸਤਾਂ-ਮਿੱਤਰਾਂ ਨਾਲ ਹਮੇਸ਼ਾ ਕਿਸੇ ਵੀ ਲੋੜ ਵੇਲੇ ਬਹੁਤ ਹੀ ਸਾਥ ਦਿੰਦੇ ਸਨ। ਆਪਣੇ ਲੋਕਾਂ ਦੇ ਕੰਮ ਆਉਣ ਵਾਲੇ ਸੱਜਣ ਸਨ।

ਵਿਛੜੀ ਰੂਹ ਨੂੰ ਵਾਹਿਗੁਰੂ ਆਪਣੇ ਚਰਨਾਂ 'ਚ ਨਿਵਾਸ ਬਖਸ਼ੇ ਤੇ ਪਿਛਲੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

ਅਫਸੋਸ ਦੇ ਦੋ ਲਫਜ਼ ਬੋਲਣ ਲਈ ਉਹਨਾਂ ਦੇ ਸਪੁੱਤਰ ਸ. ਰਾਜਿੰਦਰ ਸਿੰਘ ਰਾਜਾ ਨੂੰ 510-938-4288 'ਤੇ ਫੋਨ ਕਰ ਸਕਦੇ ਹੋ।

'ਪਰਦੇਸ ਟਾਇਮਜ਼' ਅਦਾਰਾ ਇਸ ਦੁੱਖ ਦੀ ਘੜੀ 'ਚ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕਰਦਾ ਹੈ। ਵਾਹਿਗੁਰੂ ਵਿਛੜੀ ਰੂਹ ਨੂੰ ਆਪਣੇ ਚਰਨਾਂ 'ਚ ਨਿਵਾਸ ਬਖਸ਼ੇ।

**-ਬਲਬੀਰ ਸਿੰਘ ਐਮ. ਏ.**

# ਲਹਿੰਦੇ ਪੰਜਾਬ ਦੇ ਸੀਨੀਅਰ ਪੱਤਰਕਾਰ ਬੇ-ਏਰੀਆ ਪਹੁੰਚੇ

ਨਿਊਆਰਕ: ਮਹਿਰਾਨ ਰੈਸਟੋਰੈਂਟ ਵਿਚ ਪਹਿਲੀ ਵਾਰ ਲਾਹੌਰ ਤੋਂ ਸੀਨੀਅਰ ਜਰਨਲਿਸਟ (ਪੱਤਰਕਾਰ) ਜਨਾਬ ਤੌਫੀਕ ਭੱਟ ਸਾਹਿਬ ਇੱਥੇ ਪਹੁੰਚੇ, ਜਿੱਥੇ 30-40 ਸੱਜਣਾਂ ਦੇ ਇਕੱਠ ਵਿਚ ਜੋ ਕਿ ਦੋਵਾਂ ਪੰਜਾਬਾਂ ਤੋਂ ਹਨ, ਨਾਲ ਮਿਲਣੀ ਕੀਤੀ। ਉਹਨਾਂ ਨੇ ਦੋਵੇਂ ਪੰਜਾਬਾਂ ਦੇ ਲੋਕਾਂ ਨੂੰ ਸੁਖ-ਸ਼ਾਂਤੀ ਦਾ ਸੁਨੇਹਾ ਦਿੱਤਾ। ਉਹਨਾਂ ਅਨੁਸਾਰ 'ਸਾਰੇ ਵੱਡੇ ਬੰਦੇ ਦੁਨੀਆਂ ਦੇ ਫਸਾਦ ਖਤਮ ਕਰਨ ਲਈ ਮਿਲ ਕੇ ਬੈਠਣ, ਸਰਹੱਦਾਂ ਮੁਹੱਬਤ ਦੀਆਂ ਹੋਣੀਆਂ ਚਾਹੀਦੀਆਂ ਹਨ, ਨਾਲ ਖਤਰੇ ਦੀ ਵਜ੍ਹਾ ਨਾਲ ਉਸਾਰੀ ਇਕ





ਕੰਡਿਆਲੀ ਵਾੜ, ਜੋ ਜੋ ਇਨਸਾਨ ਨੂੰ ਹੁਬੜ ਕੇ ਰੱਖਣਾ ਚਾਹੁੰਦੀ ਹੈ।

ਤੁਸੀਂ ਸਾਰੇ ਖੈਰਾਂ ਵੰਡਣ ਵਾਲੇ ਲੋਕ ਹੋ, ਉਸੇ ਤਰ੍ਹਾਂ ਸਾਰੇ ਇਕ ਦੂਜੇ ਦੀ ਮਦਦ ਕਰੋ, ਦੁਨੀਆਂ 'ਚ ਗਮ ਤੇ ਦੁੱਖ ਘਟ ਸਕਣ, ਜਿਸ ਨਾਲ ਨਫਰਤ ਦੀ ਦੀਵਾਰ ਢਹਿ ਕੇ ਪਿਆਰ ਦੀਆਂ ਗਲਵੱਕੜੀਆਂ ਪੈ ਸਕਦੀਆਂ ਹਨ। ਇਕ ਦੂਜੇ ਤੇ ਸ਼ੱਕ ਨਾ ਕਰਕੇ ਪਿਆਰ-ਮੁਹੱਬਤ ਨਾਲ ਮਿਲਣਾ ਸ਼ੁਰੂ ਕਰੋ।

ਇਨਸਾਨ ਹੀ ਇਨਸਾਨ ਦਾ ਦਾਰੂ ਹੈ ਜੋ ਦੁੱਖ-ਸੁੱਖ 'ਚ ਕੰਮ ਕਰ ਸਕਦੇ ਹਨ।

ਇਸ ਛੋਟੀ ਜਿਹੀ ਮਿਲਣੀ 'ਚ ਆਜ਼ਮੀ ਗਿੱਲ 'ਦੁਨੀਆ ਨਿਊਜ਼' ਤੋਂ ਤੇ ਰੋਮੀਲ ਜੀ 'ਬੋਲ ਟੀ. ਵੀ.' ਇੱਥੇ ਪਹੁੰਚੇ।

ਵਾਗਾਰ ਰਿਜ਼ਵੀ, ਸ਼ਹਾਬ ਸਿਦੀਕੀ, ਅਸਦ ਬਲੈਚ ਤੇ ਹੋਰ ਦੋਸਤ-ਮਿੱਤਰ ਵੀ ਪਹੁੰਚੇ।

ਤੌਫੀਕ ਭੱਟ ਜੀ ਨਾਲ ਲਾਹੌਰ 'ਚ ਹੋਰ ਗੱਲਬਾ ਕੀਤੀ ਜਾ ਸਕਦੀ ਹੈ: 03009426068

**-ਬਲਬੀਰ ਸਿੰਘ ਐਮ. ਏ.**

## ਹੈਂਕੜ ਦਾ ਅੰਤ ਮਾੜਾ !

ਹੈਂਕੜ ਵਿਚ ਚਲਾਉਂਦੇ ਹਨ ਚੰਮ ਦੀਆਂ
ਰਹਿੰਦਾ ਰੱਬ ਨਹੀਂ ਯਾਦ ਹੰਕਾਰਿਆਂ ਦੇ।
ਉਠ ਚੜ੍ਹਿਆਂ ਨੂੰ ਸੱਪ ਵੀ 'ਡੰਗ' ਜਾਂਦਾ
ਆਉਣ ਸਮੇਂ ਜਦ ਕਿਸਮਤਾਂ ਮਾਰਿਆਂ ਦੇ।
ਡੁੱਬਣ ਲੱਗਿਆਂ 'ਤਿਣਕੇ' ਹੀ ਭਾਲ਼ਦੇ ਨੇ
ਗੋਤੇ ਖਾਣ ਵਿਚ ਦੋਂਹਾਂ ਕਿਨਾਰਿਆਂ ਦੇ।
ਹੱਥ ਜੋੜ 'ਨਿਮਾਣੇ' ਬਣ ਦੱਸਦੇ ਐ
'ਨਾਟਕ' ਨਵੇਂ ਹੀ ਦੇਖੋ ਦੁਰਕਾਰਿਆਂ ਦੇ।
ਮਗਰੋਂ ਬਾਜੀਆਂ 'ਹਾਰੀਆਂ' ਜਾਪਦੀਆਂ
ਚੜ੍ਹੇ ਗੱਦੀ ਦੇ ਨਸ਼ੇ ਵਿਚ ਜਿੱਤੀਆਂ ਸੀ।
ਫੇਰ ਦੰਦਾਂ ਦੇ ਨਾਲ਼ ਵੀ ਖੁੱਲ੍ਹਦੀਆਂ ਨਹੀਂ
ਨਾਲ਼ ਹੱਥਾਂ ਦੇ ਗੰਢਾਂ ਜੋ ਦਿੱਤੀਆਂ ਸੀ!

**-ਤਰਲੋਚਨ ਸਿੰਘ ਦੁਪਾਲ ਪੁਰ**
001-408-915-1268




# ਰਾਸ਼ਟਰਪਤੀ ਦ੍ਰੌਪਦੀ ਮੁਰਮੂ ਦੀ ਪੀੜ

ਕੋਲਕਾਤਾ ਦੇ ਆਰਜੀ ਕਰ ਮੈਡੀਕਲ ਕਾਲਜ ਦੀ ਟਰੇਨੀ ਮਹਿਲਾ ਡਾਕਟਰ ਦੀ ਹਸਪਤਾਲ ਵਿਚ ਜਬਰ-ਜਨਾਹ ਤੋਂ ਬਾਅਦ ਹੱਤਿਆ ’ਤੇ ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ ਇਨ੍ਹਾਂ ਲਫ਼ਜ਼ਾਂ ’ਚ ਆਪਣੀ ਪੀੜਾ ਜ਼ਾਹਰ ਕਰਕੇ ਜਨਤਾ ਦੇ ਗੁੱਸੇ ਦਾ ਹੀ ਪ੍ਰਗਟਾਵਾ ਕੀਤਾ ਹੈ ਕਿ ਉਹ ਇਸ ਘਟਨਾ ਨੂੰ ਲੈ ਕੇ ਨਿਰਾਸ਼ ਤੇ ਭੈਅਭੀਤ ਹਨ ਅਤੇ ਆਮ ਲੋਕਾਂ ਦੀ ਤਰ੍ਹਾਂ ਗੁੱਸੇ ਵਿਚ ਹਨ। ਉਨ੍ਹਾਂ ਨੇ ਇਹ ਵੀ ਠੀਕ ਕਿਹਾ ਕਿ ਬਹੁਤ ਹੋ ਗਿਆ, ਹੁਣ ਕੁਝ ਕਰਨਾ ਹੋਵੇਗਾ ਕਿਉਂਕਿ ਸੱਭਿਅਕ ਸਮਾਜ ਵਿਚ ਅਜਿਹੇ ਅਪਰਾਧ ਸਵੀਕਾਰਨਯੋਗ ਨਹੀਂ।

ਚੰਗਾ ਹੁੰਦਾ ਕਿ ਉਨ੍ਹਾਂ ਦੇ ਪ੍ਰਤੀਕਰਮ ’ਤੇ ਸਿਆਸੀ ਪਾਰਟੀਆਂ ਪਾਰਟੀਬਾਜ਼ੀ ਵਾਲੀ ਸਿਆਸਤ ਤੋਂ ਉੱਪਰ ਉੱਠ ਕੇ ਗੰਭੀਰਤਾ ਨਾਲ ਵਿਚਾਰ-ਚਰਚਾ ਕਰਦੀਆਂ ਪਰ ਇਹ ਮੰਦਭਾਗੀ ਗੱਲ ਹੈ ਕਿ ਕੁਝ ਪਾਰਟੀਆਂ ਦੇ ਨੇਤਾਵਾਂ ਨੇ ਤਾਂ ਉਨ੍ਹਾਂ ਦੇ ਕਥਨ ’ਤੇ



ਇਤਰਾਜ਼ ਜ਼ਾਹਰ ਕੀਤਾ ਹੀ, ਕਾਂਗਰਸ ਨੂੰ ਵੀ ਪਰੇਸ਼ਾਨੀ ਹੋ ਗਈ। ਇਨ੍ਹਾਂ ਪਾਰਟੀਆਂ ਦੇ ਨੇਤਾਵਾਂ ਦਾ ਤਰਕ ਹੈ ਕਿ ਰਾਸ਼ਟਰਪਤੀ ਨੇ ਸਾਫ਼ ਕਿਹਾ ਕਿ ਇਕ ਪਾਸੇ ਵਿਦਿਆਰਥੀ, ਡਾਕਟਰ ਅਤੇ ਨਾਗਰਿਕ ਕੋਲਕਾਤਾ ਵਿਚ ਵਿਰੋਧ ਪ੍ਰਦਰਸ਼ਨ ਕਰ ਰਹੇ ਸਨ ਤਾਂ ਦੂਜੇ ਪਾਸੇ ਅਪਰਾਧੀ ਹੋਰ ਥਾਵਾਂ ’ਤੇ ਸ਼ਰੇਆਮ ਘੁੰਮ ਰਹੇ ਸਨ।

ਉਨ੍ਹਾਂ ਨੇ ਇਹ ਵੀ ਕਿਹਾ ਕਿ ਪੀੜਤਾਂ ਵਿਚ ਸਕੂਲੀ ਬੱਚੀਆਂ ਵੀ ਸ਼ਾਮਲ ਹਨ। ਸਪਸ਼ਟ ਹੈ ਕਿ ਉਹ ਜਬਰ-ਜਨਾਹ ਦੀਆਂ ਹੋਰ ਘਟਨਾਵਾਂ ਵੱਲ ਵੀ ਇਸ਼ਾਰਾ ਕਰ ਰਹੇ ਸਨ। ਕੀ ਰਾਸ਼ਟਰਪਤੀ ਦੇ ਬਿਆਨ ਨਾਲ ਅਸਹਿਮਤ ਵਿਰੋਧੀ ਨੇਤਾ ਇਹ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਜਬਰ ਜਨਾਹ ਦੀ ਹਰ ਘਟਨਾ ਦਾ ਜ਼ਿਕਰ ਕਰਨਾ ਚਾਹੀਦਾ ਹੈ? ਆਖ਼ਰ ਉਹ ਕਿੰਨੀਆਂ ਘਟਨਾਵਾਂ ਦਾ ਜ਼ਿਕਰ ਕਰਨ ਕਿਉਂਕਿ ਜਬਰ-ਜਨਾਹ ਦੀਆਂ ਪਤਾ ਨਹੀਂ ਕਿੰਨੀਆਂ ਘਟਨਾਵਾਂ ਰੋਜ਼ ਵਾਪਰਦੀਆਂ ਹਨ।

ਆਖ਼ਰ ਰਾਸ਼ਟਰਪਤੀ ਦੇ ਕਥਨ ’ਤੇ ਗੁੱਸੇ ਦਾ ਇਜ਼ਹਾਰ ਕਰ ਰਹੇ ਨੇਤਾ ਉਨ੍ਹਾਂ ਦੀ ਇਹ ਗੱਲ ਸੁਣਨ ਨੂੰ ਕਿਉਂ ਤਿਆਰ ਨਹੀਂ ਕਿ ਸਮਾਜ ਨੂੰ ਇਮਾਨਦਾਰ ਅਤੇ ਨਿਰਪੱਖ ਸਵੈ-ਪੜਚੋਲ ਦੀ ਜ਼ਰੂਰਤ ਹੈ ਅਤੇ ਉਸ ਨੂੰ ਖ਼ੁਦ ਤੋਂ ਕੁਝ ਔਖੇ ਸਵਾਲ ਵੀ ਪੁੱਛਣੇ ਚਾਹੀਦੇ ਹਨ? ਇਹ ਸਵਾਲ ਉਦੋਂ ਹੀ ਪੁੱਛੇ ਜਾ ਸਕਦੇ ਹਨ ਜਦ ਨੇਤਾ ਜਬਰ-ਜਨਾਹ ਜਿਹੇ ਘਿਨੌਣੇ ਅਪਰਾਧ ’ਤੇ ਸਸਤੀ ਸਿਆਸਤ ਕਰਨ ਤੋਂ ਬਾਜ਼ ਆਉਣ ਅਤੇ ਕੋਲਕਾਤਾ ਵਰਗੀਆਂ ਘਟਨਾਵਾਂ ’ਤੇ ਪਰਦਾ ਪਾਉਣ ਦਾ ਕੰਮ ਨਾ ਕਰਨ। ਕੋਲਕਾਤਾ ਦੀ ਘਟਨਾ ’ਤੇ ਦੇਸ਼ ਇਸ ਲਈ ਗੁੱਸੇ ਵਿਚ ਹੈ ਕਿਉਂਕਿ ਮਮਤਾ ਸਰਕਾਰ ਅਤੇ ਉਨ੍ਹਾਂ ਦੀ ਪੁਲਿਸ ਨੇ ਇਸ ਘਟਨਾ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ। ਇਸੇ ਕਾਰਨ ਉਸ ਨੂੰ ਹਾਈ ਕੋਰਟ ਤੇ ਸੁਪਰੀਮ ਕੋਰਟ ਤੋਂ ਫਟਕਾਰ ਸੁਣਨੀ ਪਈ। ਸਿਆਸੀ ਪਾਰਟੀਆਂ ਨੂੰ ਇਹ ਸਮਝਣ ਦੀ ਸਖ਼ਤ ਜ਼ਰੂਰਤ ਹੈ ਕਿ ਸੱਭਿਅਕ ਸਮਾਜ ਨੂੰ ਸ਼ਰਮਿੰਦਾ ਕਰਨ ਵਾਲੀਆਂ ਬਲਾਤਕਾਰ ਦੀਆਂ ਘਟਨਾਵਾਂ ਦੀ ਇਕ ਸੁਰ ਵਿਚ ਨਿੰਦਾ ਕੀਤੀ ਜਾਣੀ ਚਾਹੀਦੀ ਹੈ।

ਇਨ੍ਹਾਂ ਘਟਨਾਵਾਂ ’ਤੇ ਰਾਜਨੀਤੀ ਉਦੋਂ ਹੁੰਦੀ ਹੈ ਜਦ ਸ਼ਾਸਨ-ਪ੍ਰਸ਼ਾਸਨ ਆਪਣੀ ਜ਼ਿੰਮੇਵਾਰੀ ਨੂੰ ਸਹੀ ਤਰੀਕੇ ਨਾਲ ਨਹੀਂ ਨਿਭਾਉਂਦਾ। ਬੇਸ਼ੱਕ ਇਹ ਵੀ ਸਮਝਿਆ ਜਾਣਾ ਚਾਹੀਦਾ ਹੈ ਕਿ ਬਲਾਤਕਾਰ ਦੀਆਂ ਘਟਨਾਵਾਂ ਇਕ ਸਮਾਜਿਕ ਬੁਰਾਈ ਦੀਆਂ ਪ੍ਰਤੀਕ ਹਨ। ਮਹਿਲਾਵਾਂ ਨੂੰ ਘੱਟ ਸਮਝਣ ਅਤੇ ਉਨ੍ਹਾਂ ਵਿਰੋਧੀ ਬਿਮਾਰ ਮਾਨਸਿਕਤਾ ਰੱਖਣ ਵਾਲੇ ਹੀ ਇਨ੍ਹਾਂ ਘਟਨਾਵਾਂ ਨੂੰ ਅੰਜਾਮ ਦਿੰਦੇ ਹਨ। ਸਮਾਜ ਨੂੰ ਅਜਿਹੇ ਅਨਸਰਾਂ ਨੂੰ ਨਫ਼ਰਤ ਭਰੀ ਨਜ਼ਰ ਨਾਲ ਦੇਖਣ ਦੇ ਨਾਲ ਹੀ ਮਹਿਲਾਵਾਂ ਨੂੰ ਮਜ਼ਬੂਤ ਬਣਾਉਣ ਲਈ ਵੀ ਸਰਗਰਮ ਹੋਣਾ ਹੋਵੇਗਾ। ਇਸ ਵਿਚ ਕਾਮਯਾਬੀ ਉਦੋਂ ਹੀ ਮਿਲੇਗੀ ਜਦ ਸਿਆਸੀ ਪਾਰਟੀਆਂ ਆਪਣਾ ਰਵੱਈਆ ਸੁਧਾਰਨਗੀਆਂ।

# ਮੋਦੀ ਦੀ ਯੂਕਰੇਨ ਫੇਰੀ ਕੀ ਜੰਗ ਰੁਕਣ ਦੇ ਸੰਕੇਤ ਨੇ

**ਜਯੋਤੀ ਮਲਹੋਤਰਾ**

ਸ਼ੁੱਕਰਵਾਰ ਨੂੰ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਯੂਕਰੇਨ ਦੀ ਰਾਜਧਾਨੀ ਕੀਵ ਵਿਖੇ ਮਹਾਤਮਾ ਗਾਂਧੀ ਦੇ ਬੁੱਤ ਉੱਪਰ ਸ਼ਰਧਾ ਦੇ ਫੁੱਲ ਭੇਟ ਕਰਨ ਜਾ ਰਹੇ ਸਨ ਤਾਂ ਸ਼ਾਂਤ ਮਾਹੌਲ ਵਿੱਚ ਕੁਝ ਉਤਸ਼ਾਹੀ ਭਾਰਤੀਆਂ ਵੱਲੋਂ ਲਾਏ ਜਾ ਰਹੇ ‘ਹਰ ਹਰ ਮੋਦੀ’ ਅਤੇ ‘ਜੈ ਸ੍ਰੀ ਰਾਮ’ ਦੇ ਨਾਅਰਿਆਂ ਦੀ ਰੜਕ ਮਹਿਸੂਸ ਹੋ ਰਹੀ ਸੀ। ਕੁਝ ਮਿੰਟਾਂ ਬਾਅਦ, ਰੂਸ ਤੇ ਯੂਕਰੇਨ ਵਿਚਕਾਰ ਚੱਲ ਰਹੀ ਜੰਗ ਦੌਰਾਨ ਮਾਰੇ ਗਏ ਲੋਕਾਂ ਦੀ ਯਾਦਗਾਰ ਸਾਹਮਣੇ ਮੋਦੀ ਅਤੇ ਵਲੋਦੀਮੀਰ ਜ਼ੇਲੈਂਸਕੀ ਵਿਚਕਾਰ ਹੋਈ ਮੁਲਾਕਾਤ ਦੇ ਮਾਹੌਲ ਤੋਂ ਸੰਕੇਤ ਮਿਲ ਰਹੇ ਸਨ ਕਿ ਇਸ ਜੰਗ ਨੂੰ ਲੈ ਕੇ ਭਾਰਤ ਨੂੰ ਮੱਧ ਮਾਰਗ ਅਪਣਾਉਣ ਵਿੱਚ ਕਿਹੋ ਜਿਹੀਆਂ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਪਹਿਲੀ ਨਜ਼ਰੇ ਦੇਖਿਆਂ ਇਹ ਮਾਮਲਾ ਸਿੱਧਾ ਜਾਪਦਾ ਹੈ। ਰੂਸ ਨੇ ਯੂਕਰੇਨ ’ਤੇ ਧਾਵਾ ਬੋਲ ਦਿੱਤਾ ਸੀ ਅਤੇ ਇਸ ਦੀ ਨਿੰਦਾ ਕੀਤੀ ਜਾਣੀ ਬਣਦੀ ਸੀ ਜਿਵੇਂ ਕਿ ਬਹੁਤ ਸਾਰੇ ਭਾਰਤੀਆਂ ਅਤੇ ਰੂਸੀਆਂ ਨੇ ਕੀਤੀ ਵੀ ਹੈ। ਪਰ ਰਤਾ ਨੇੜਿਓਂ ਦੇਖਣ ਤੋਂ ਇਸ ਦਾ ਪ੍ਰਸੰਗ ਦਿਸਣ ਲੱਗ ਪੈਂਦਾ ਹੈ। ਦੋ ਸਾਲ ਪਹਿਲਾਂ ਰੂਸ ਨੇ ਜ਼ਾਹਰਾ ਤੌਰ ’ਤੇ ਇਸ ਕਰ ਕੇ ਹਮਲਾ ਵਿੱਢਿਆ ਸੀ ਕਿ ਆਪਣੀਆਂ ਸਰਹੱਦਾਂ ’ਤੇ ਨਾਟੋ ਦੇ ਹੋ ਰਹੇ ਵਿਸਤਾਰ ਤੋਂ ਉਹ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਿਹਾ ਸੀ। ਕਿਸੇ ਵੇਲੇ ਖ਼ਿਆਲ ਅਤੇ ਇੱਕ ਧਰਮ ਦੇ ਪੈਰੋਕਾਰ ਰਹੇ ਰੂਸ ਅਤੇ ਯੂਕਰੇਨ ਵਿਚਕਾਰ ਹੁਣ ਜਿੱਤ ਜਾਂ ਹਾਰ ਦਾ ਮਸਲਾ ਨਹੀਂ ਰਿਹਾ ਸਗੋਂ ਰੂਸ ਅਤੇ ਅਮਰੀਕਾ ਵਿਚਕਾਰ ਬਹੁਤੀ ਚਰਚਾ ਇਸ ਗੱਲ ’ਤੇ ਹੋ ਰਹੀ ਹੈ ਕਿ ਦੁਨੀਆ ਵਿੱਚ ਰੂਸ ਦਾ ਕੀ ਮੁਕਾਮ ਹੋਵੇ। ਹਰ ਕੋਈ, ਖ਼ਾਸਕਰ ਯੂਕਰੇਨੀ ਜਾਣਦੇ ਹਨ ਕਿ ਜੇ ਅਮਰੀਕਾ ਅਤੇ ਜ਼ਿਆਦਾਤਰ ਪੱਛਮੀ ਦੇਸ਼ਾਂ ਵੱਲੋਂ ਜ਼ੇਲੈਂਸਕੀ ਦੇ ਬੰਦਿਆਂ ਨੂੰ ਸੂਖ਼ਮ ਹਥਿਆਰ ਮੁਹੱਈਆ ਨਾ ਕਰਵਾਏ ਗਏ ਹੁੰਦੇ ਤਾਂ ਇਹ ਜੰਗ ਬਹੁਤ ਦੇਰ ਪਹਿਲਾਂ ਹੀ ਮੁੱਕ ਚੁੱਕੀ ਹੋਣੀ ਸੀ। ਪਰ ਅਜਿਹਾ ਹੋਇਆ ਨਹੀਂ ਅਤੇ ਹਾਲੇ ਵੀ ਨਿਰਦੋਸ਼ ਲੋਕਾਂ ਦਾ ਘਾਣ ਹੋ ਰਿਹਾ ਹੈ। ਵੱਡੀਆਂ ਤਾਕਤਾਂ ਦੀ ਰਾਜਨੀਤੀ ਹਾਵੀ ਹੋ ਗਈ ਹੈ। ਯੂਕਰੇਨੀ ਜੰਗ ਦਾ ਇਹੋ ਲਬੋਲਬਾਬ ਹੈ। ਕੌਣ ਬਣੇਗਾ ਦੁਨੀਆ ਦਾ ਚੌਧਰੀ ? 1991 ਵਿੱਚ ਜਦੋਂ ਸੋਵੀਅਤ ਸੰਘ ਖਿੰਡ-ਪੁੰਡ ਗਿਆ ਸੀ ਤਾਂ ਉਦੋਂ ਤੋਂ ਹੀ ਅਮਰੀਕਾ ਟੀਸੀ ਦਾ ਮੁਕਾਮ ਛੱਡਣ ਲਈ ਤਿਆਰ ਨਹੀਂ ਹੈ। ਰੂਸੀ ਹਾਲੇ ਵੀ ਅਮਰੀਕੀਆਂ ਜਿੰਨੇ ਤਾਕਤਵਰ ਨਹੀਂ ਹਨ ਪਰ ਉਹ ਇਸ ਗੱਲ ’ਤੇ ਜ਼ੋਰ ਦੇ ਰਹੇ ਹਨ ਕਿ ਟੀਸੀ ’ਤੇ ਕੋਈ ਇੱਕ ਚੌਧਰੀ ਨਹੀਂ ਹੋਣਾ ਚਾਹੀਦਾ। ਤੇ ਚੀਨੀ ਹਮੇਸ਼ਾ ਵੇਖੋ ਤੇ ਉਡੀਕੋ ਦੀ ਰਣਨੀਤੀ ’ਤੇ ਚਲਦੇ ਹਨ ਅਤੇ ਦੋਵਾਂ ਧਿਰਾਂ ਨੂੰ ਪੁਚਕਾਰ ਕੇ ਅਮਰੀਕਾ ਨਾਲ ਆਪਣਾ ਵਪਾਰ ਵਧਾ ਰਹੇ ਹਨ ਅਤੇ ਦੂਜੇ ਪਾਸੇ ਉਹ ਘਰ ਅਤੇ ਬਾਹਰ ਵਲਾਦੀਮੀਰ ਪੂਤਿਨ ਦੇ ਪ੍ਰਸੰਗਕ ਬਣੇ ਰਹਿਣ ਦੀ ਲਾਚਾਰੀ ਦੀ ਪ੍ਰੋੜਤਾ ਵੀ ਕਰ ਰਹੇ ਹਨ।

ਪ੍ਰਧਾਨ ਮੰਤਰੀ ਮੋਦੀ ਅਤੇ ਭਾਰਤ ਕੀ ਕਰ ਰਹੇ ਹਨ? ਇਸ ਮਹਾਂ ਖੇਡ ਵਿੱਚ ਭਾਰਤ ਕਿੱਥੇ ਖੜ੍ਹਾ ਹੈ, ਇਸ ਦਾ ਜਵਾਬ ਪੇਚੀਦਾ ਹੈ। ਇੱਕ ਪਾਸੇ ਮੋਦੀ ਦੁਨੀਆ ਦੇ ਸਭ ਤੋਂ ਸੋਹਣੇ ਸ਼ਹਿਰਾਂ ਵਿੱਚ ਸ਼ੁਮਾਰ ਕੀਵ ਵਿੱਚ ਰਾਸ਼ਟਰਪਤੀ ਜ਼ੇਲੈਂਸਕੀ ਨੂੰ ਦੱਸ ਰਹੇ ਹਨ ਕਿ ਭਾਰਤ ‘‘ਸ਼ਾਂਤੀ ਵੱਲ ਵਧਣ ਲਈ ਕਿਸੇ ਵੀ ਤਰ੍ਹਾਂ ਦੀ ਕੋਸ਼ਿਸ਼ ਵਿੱਚ ਸਰਗਰਮ ਭੂਮਿਕਾ ਨਿਭਾਉਣ ਲਈ ਤਿਆਰ ਹੈ।’’ ਇਸ ਤੋਂ ਪਹਿਲਾਂ ਉਨ੍ਹਾਂ ਦੋਵਾਂ ਨੇ ਘੁੱਟ ਕੇ ਜੱਫੀ ਪਾਈ ਜਿਵੇਂ ਕਿ ਛੇ ਕੁ ਹਫ਼ਤੇ ਪਹਿਲਾਂ ਮਾਸਕੋ ਦੇ ਬਾਹਰਵਾਰ ਰਾਸ਼ਟਰਪਤੀ ਪੂਤਿਨ ਦੇ ਡਾਚੇ ’ਤੇ ਉਨ੍ਹਾਂ ਨਾਲ ਜੱਫੀ ਪਾਈ ਸੀ ਤੇ ਉਸ ਸਮੇਂ ਪੂਤਿਨ



ਡਿੱਗ ਹੀ ਪਏ ਸਨ। ਇਹ ਗੱਲ ਵੱਖਰੀ ਹੈ ਕਿ ਇਸ ਜੱਫੀ ’ਤੇ ਜ਼ੇਲੈਂਸਕੀ ਨੇ ਤਿੱਖੀ ਨਾਰਾਜ਼ਗੀ ਜਤਾਈ ਸੀ। ਕੁਝ ਪਲ ਬਾਅਦ ਮੋਦੀ ਨੇ ਜ਼ੇਲੈਂਸਕੀ ਦੇ ਖੱਬੇ ਮੋਢੇ ’ਤੇ ਹੱਥ ਰੱਖਿਆ ਜਿਵੇਂ ਕੋਈ ਆਪਣੇ ਛੋਟੇ ਭਰਾ ਨੂੰ ਧਰਵਾਸ ਦੇਣ ਲਈ ਕਰਦਾ ਹੈ ਅਤੇ ਉਨ੍ਹਾਂ ਆਪਣਾ ਹੱਥ ਉਦੋਂ ਤੱਕ ਟਿਕਾ ਕੇ ਰੱਖਿਆ ਜਦੋਂ ਤੱਕ ਫੋਟੋਗ੍ਰਾਫ਼ਰਾਂ ਨੇ ਤਸਵੀਰਾਂ ਨਾ ਖਿੱਚ ਲਈਆਂ।

ਦੇਖਣ ਨੂੰ ਇਹੀ ਲਗਦਾ ਹੈ ਕਿ ਮੋਦੀ ਦਾ ਮਨ ਪਸੀਜ ਗਿਆ ਸੀ ਅਤੇ ਜੇ ਅਜਿਹਾ ਹੋਇਆ ਸੀ ਤਾਂ ਇਹ ਕੋਈ ਮਾੜੀ ਗੱਲ ਵੀ ਨਹੀਂ। ਭਾਰਤ ਅਮੂਮਨ ਕਮਜ਼ੋਰਾਂ ਨਾਲ ਖੜ੍ਹਦਾ ਰਿਹਾ ਹੈ – ਸਾਬਕਾ ਪੂਰਬੀ ਪਾਕਿਸਤਾਨ ਵਿੱਚ ਮੁਕਤੀ ਬਾਹਿਨੀ ਦੀ ਹਮਾਇਤ ਇਸ ਦੀ ਚੰਗੀ ਮਿਸਾਲ ਹੈ ਪਰ ਇਸ ਤੋਂ ਇਲਾਵਾ ਵੀ ਇੱਥੇ ਕਾਫ਼ੀ ਕੁਝ ਹੋ ਰਿਹਾ ਹੈ। ਜਾਪਦਾ ਹੈ ਕਿ ਸ੍ਰੀ ਮੋਦੀ ਨੂੰ ਇਸ ਲਈ ਕਾਫ਼ੀ ਹੱਦ ਤੱਕ ਰਾਜ਼ੀ ਕਰ ਲਿਆ ਗਿਆ ਹੈ ਕਿ ਉਹ ਯੂਕਰੇਨੀਆਂ ਦੇ ਨਾਲ ਖਲੋਤੇ ਨਜ਼ਰ ਆਉਣ ਤੇ ਇਵੇਂ ਅਮਰੀਕੀਆਂ ਨਾਲ ਵੀ। ਅਮਰੀਕੀਆਂ ਨੇ ਮੋਦੀ ਦੀ ਮਾਸਕੋ ਫੇਰੀ ਪ੍ਰਤੀ ਆਪਣੀ ਨਾਖੁਸ਼ੀ ਵਿੱਚ ਕੋਈ ਲੁਕੋਅ ਨਹੀਂ ਰੱਖਿਆ ਸੀ। ਭਾਵੇਂ ਪਿਛਲੇ ਦੋ ਸਾਲਾਂ ਦੌਰਾਨ ਨਵੀਂ ਦਿੱਲੀ ਵੱਲੋਂ ਰੂਸ ਤੋਂ ਰਿਆਇਤੀ ਤੇਲ ਖਰੀਦਣ ਕਰ ਕੇ ਵਪਾਰ ਵਿੱਚ ਕਾਫ਼ੀ ਇਜ਼ਾਫ਼ਾ ਦਰਸਾਇਆ ਜਾ ਰਿਹਾ ਹੈ ਪਰ ਤੱਥ ਇਹ ਹੈ ਕਿ ਭਾਰਤ ਅਤੇ ਅਮਰੀਕਾ ਵਿਚਕਾਰ ਵਪਾਰ ਹਾਲੇ ਵੀ ਭਾਰਤ ਅਤੇ ਰੂਸ ਵਿਚਾਲੇ ਹੋਣ ਵਾਲੇ ਵਪਾਰ ਨਾਲੋਂ ਦੁੱਗਣਾ ਹੈ।

ਪੱਛਮ ਵਿੱਚ ਜਿਹੜੇ ਲੋਕੀਂ ਯੂਕਰੇਨ ’ਤੇ ਰੂਸੀ ਹਮਲੇ ਦੀ ਭਾਰਤ ਵੱਲੋਂ ਨਿਖੇਧੀ ਨਾ ਕੀਤੇ ਜਾਣ ਨੂੰ ਲੈ ਕੇ ਭਾਰਤ ਦੀ ਆਲੋਚਨਾ ਕਰਦੇ ਹਨ ਉਨ੍ਹਾਂ ਨੂੰ ਆਪਣੇ ਅੰਦਰ ਝਾਤੀ ਮਾਰਨ ਦੀ ਲੋੜ ਅਤੇ ਪੱਖਲੀਆਂ ਮਾਰਨ ਦੇ ਦੋਸ਼ ਦਾ ਖ਼ਤਰਾ ਮੁੱਲ ਲੈਂਦਿਆਂ ਆਪਣੇ ਆਪ ਤੋਂ ਵੀ ਪੁੱਛਣਾ ਚਾਹੀਦਾ ਹੈ ਕਿ ਮਿਸਾਲ ਦੇ ਤੌਰ ’ਤੇ ਕੀ ਉਹ ਇਜ਼ਰਾਈਲ ਨੂੰ ਗਾਜ਼ਾ ਵਿੱਚ ਹਸਪਤਾਲਾਂ, ਸਕੂਲਾਂ ਅਤੇ ਯੂਐੱਨ ਅਹਾਤਿਆਂ ’ਤੇ ਬੰਬ ਸੁੱਟਣ ਤੋਂ ਰੋਕਣ ਲਈ ਕੁਝ ਕਰ ਰਹੇ ਹਨ। ਜਾਂ ਫਿਰ ਕੀ ਇਨ੍ਹਾਂ ’ਚੋਂ ਕੋਈ ਵੀ ਪੱਛਮੀ ਦੇਸ਼ ਜੋ ਜ਼ਿਆਦਾਤਰ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਦੇ ਮੈਂਬਰ ਹਨ, ਨੇ ਉਦੋਂ ਮਾਮੂਲੀ ਜਿਹੀ ਅਸਹਿਮਤੀ ਪ੍ਰਗਟ ਕੀਤੀ ਸੀ ਜਦੋਂ 2003 ਵਿੱਚ ਅਮਰੀਕਾ ਨੇ ਇਰਾਕ ’ਤੇ ਬੰਬਾਰੀ ਕਰਨ ਦਾ ਫ਼ੈਸਲਾ ਕੀਤਾ ਸੀ ਕਿਉਂਕਿ ਉਨ੍ਹਾਂ ਨੂੰ ਸੱਦਾਮ ਹੁਸੈਨ ਕੋਲ ਜਨ ਤਬਾਹੀ ਦੇ ਹਥਿਆਰ ਹੋਣ ਦੀ ਸੂਚਨਾ ਮਿਲੀ ਸੀ। ਜ਼ਰਾ ਇੱਕ ਸਕਿੰਟ ਲਈ ਰੁਕੋ – ਸੱਦਾਮ ਕੋਲ ਅਜਿਹਾ ਕੋਈ ਹਥਿਆਰ ਨਹੀਂ ਸੀ।

ਮੋਦੀ ਜਦੋਂ ਯੂਕਰੇਨ ਸਨ ਤਾਂ ਐਨ ਉਸੇ ਵਕਤ ਰੱਖਿਆ ਮੰਤਰੀ ਰਾਜਨਾਥ ਸਿੰਘ ਵਾਸ਼ਿੰਗਟਨ ਡੀਸੀ ਪਹੁੰਚੇ ਹੋਏ ਸਨ। ਹੋ ਸਕਦਾ ਹੈ ਕਿ ਇਹ ਇਤਫ਼ਾਕ ਹੋਵੇ। ਅਮਰੀਕੀਆਂ ਨਾਲ ਇੱਕ-ਦੋ ਰੱਖਿਆ ਸੌਦੇ ਕਰਨ ਵਿੱਚ ਕੀ ਬੁਰਾਈ ਹੋਵੇਗੀ। ਪਰ ਜੇ ਇਹ ਇਤਫ਼ਾਕ ਨਾ ਹੋਇਆ ਤਾਂ ਇਸ ਦੇ ਦੋ ਹੋਰ ਨਤੀਜੇ ਅਕਸ ਕੀਤੇ ਜਾ ਸਕਦੇ ਹਨ।

ਪਹਿਲਾ ਇਹ ਕਿ ਅਮਰੀਕਾ ਨੂੰ ਕਿਸੇ ਦੀ ਵੀ ਨਾਂਹ-ਨੁੱਕਰ ਪਸੰਦ ਨਹੀਂ ਹੈ, ਫਿਰ ਭਾਵੇਂ ਉਹਦੇ ਵਰਗੇ ਕਿਸੇ ਲੋਕਤੰਤਰੀ ਦੇਸ਼ ਵੱਲੋਂ ਹੀ ਕਿਉਂ ਨਾ ਕੀਤੀ ਗਈ ਹੋਵੇ। ਮੋਦੀ ਨੂੰ ਕੀਵ ਜਾ ਕੇ ਜ਼ੇਲੈਂਸਕੀ ਨੂੰ ਮਿਲਣ ਲਈ ਰਾਜ਼ੀ ਕਰਨ ਵਾਸਤੇ ਦਿੱਲੀ ਅਤੇ ਵਾਸ਼ਿੰਗਟਨ ਅਤੇ ਕਈ ਹੋਰ ਪੱਛਮੀ ਰਾਜਧਾਨੀਆਂ ਵਿੱਚ ਵੀ ਬਹੁਤ ਸਾਰੀਆਂ ਮੀਟਿੰਗਾਂ ਹੋਈਆਂ ਹੋਣਗੀਆਂ। ਤੇ ਦੂਜਾ ਨਤੀਜਾ ਇਹ ਹੈ ਕਿ ਇਹ ਸਪੱਸ਼ਟ ਹੋ ਗਿਆ ਹੈ ਕਿ ਯੂਕਰੇਨ ਮੋਦੀ ਲਈ ਹੁਣ ਤੱਕ ਦੀ ਸਭ ਤੋਂ ਟੇਢੀ ਚੁਣੌਤੀ ਬਣਦਾ ਜਾ ਰਿਹਾ ਹੈ। ਇੱਕ ਵਾਰ ਫਿਰ ਯਾਦ ਰੱਖੋ ਕਿ ਯੂਕਰੇਨ ਮਹਿਜ਼ ਇੱਕ ਬਹਾਨਾ ਹੈ ਸਗੋਂ ਅਮਰੀਕੀਆਂ ਲਈ ਇੱਕ ਹੱਥਠੋਕਾ ਹੀ ਹੈ। ਕੀਵ ਜਾਣ ਵਿੱਚ ਕੋਈ ਬੁਰਾਈ ਨਹੀਂ ਹੈ ਪਰ ਬਿਹਤਰ ਹੁੰਦਾ ਕਿ ਅਸੀਂ ਪੂਤਿਨ ਜਾਂ ਬਾਇਡਨ ਦੀਆਂ ਸੁਣਨ ਦੀ ਬਜਾਇ ਆਪ ਉੱਥੇ ਜਾ ਕੇ ਹਾਲਾਤ ਦਾ ਮੁਆਇਨਾ ਕਰਦੇ। ਜੇ ਪ੍ਰਧਾਨ ਮੰਤਰੀ ਹਥਠੋਕਿਆਂ ਦੀ ਇਸ ਖੇਡ ਨਾਲ ਸਿੱਝਣ ਵਿੱਚ ਕਾਮਯਾਬ ਹੋ ਜਾਂਦੇ ਹਨ ਜਿਵੇਂ ਕਿ ਉਨ੍ਹਾਂ ਦੇ ਕਈ ਪੂਰਬਵਰਤੀ ਪ੍ਰਧਾਨ ਮੰਤਰੀਆਂ ਨੇ ਕੀਤਾ ਸੀ, ਤਾਂ ਉਹ ਦੁਨੀਆ ਅੰਦਰ ਭਾਰਤ ਦੀ ਅਨੂਠੀ ਥਾਂ ਬਣਾਉਣ ਵਿੱਚ ਸਫ਼ਲ ਹੋ ਜਾਣਗੇ।

# ਨੌਜਵਾਨ ਵਰਗ ਵਿਚ ਵਿਦੇਸ਼ਾਂ ਵੱਲ ਜਾਣ ਦੀ ਲੱਗੀ ਅੰਨ੍ਹੀ ਦੌੜ

**ਜਸ਼ਨਪ੍ਰੀਤ ਸਿੰਘ**

ਨੌਜਵਾਨ ਦੇਸ਼ ਦਾ ਸਰਮਾਇਆ ਹੁੰਦੇ ਹਨ। ਦੇਸ਼ ਦਾ ਭਵਿੱਖ ਉਨ੍ਹਾਂ ਉੱਤੇ ਹੀ ਨਿਰਭਰ ਕਰਦਾ ਹੈ। ਉਹੀ ਚੰਗੇ ਸਮਾਜ ਦੇ ਸਿਰਜਣਹਾਰ ਹੁੰਦੇ ਹਨ ਤੇ ਦੇਸ਼ ਦੀ ਤਰੱਕੀ ਅਤੇ ਖੁਸ਼ਹਾਲੀ ਦਾ ਮੁੱਢ ਬੰਨ੍ਹਦੇ ਹਨ। ਪਰ ਸਾਡੇ ਦੇਸ਼ ਦੀ ਬਦਕਿਸਮਤੀ ਇਹ ਹੈ ਕਿ ਮਹਿੰਗੀ ਪੜ੍ਹਾਈ ਕਰਨ ਤੋਂ ਬਾਅਦ ਵੀ ਨੌਜਵਾਨ ਵਰਗ ਨੂੰ ਨੌਕਰੀਆਂ ਨਹੀਂ ਮਿਲ ਰਹੀਆਂ। ਹਰ ਸਾਲ ਲੱਖਾਂ ਨੌਜਵਾਨ ਮੁੰਡੇ-ਕੁੜੀਆਂ ਪੜ੍ਹਨ-ਲਿਖਣ ਤੋਂ ਬਾਅਦ ਰੁਜ਼ਗਾਰ ਲਈ ਬਾਜ਼ਾਰ ਵਿਚ ਪ੍ਰਵੇਸ਼ ਕਰ ਜਾਂਦੇ ਹਨ। ਸਾਡੇ ਦੇਸ਼ ਅੰਦਰ ਬੇਰੁਜ਼ਗਾਰਾਂ ਦੀ ਗਿਣਤੀ ਵਿਚ ਹਰ ਸਾਲ ਵੱਡਾ ਵਾਧਾ ਹੋ ਰਿਹਾ ਹੈ। ਪੜ੍ਹਨ-ਲਿਖਣ ਤੋਂ ਬਾਅਦ ਵੀ ਉਨ੍ਹਾਂ ਨੂੰ ਰੁਜ਼ਗਾਰ ਨਾ ਮਿਲਣ ਕਰ ਕੇ ਉਨ੍ਹਾਂ ਦਾ ਮਨ ਗੁੱਸੇ ਨਾਲ ਭਰਿਆ ਹੋਇਆ ਹੁੰਦਾ ਹੈ। ਦੇਸ਼ ਦੀ ਗੰਧਲੀ ਹੋ ਰਹੀ ਰਾਜਨੀਤੀ , ਪ੍ਰਦੂਸ਼ਿਤ ਹੋ ਰਿਹਾ ਵਾਤਾਵਰਨ ਤੇ ਭ੍ਰਿਸ਼ਟ ਹੋ ਰਹੇ ਨਿਜ਼ਾਮ ਦਾ ਬੋਲਬਾਲਾ ਚਾਰੇ ਪਾਸੇ ਹੈ। ਭਾਰਤ ਵਿਚ ਦਰੁਸਤ ਨਿਜ਼ਾਮ ਦੀ ਬਹੁਤ ਵੱਡੀ ਘਾਟ ਹੈ। ਪੜ੍ਹ-ਲਿਖ ਕੇ ਵੀ ਸਹੀ ਨੌਕਰੀਆਂ ਨਾ ਮਿਲਣ ਕਾਰਨ ਨੌਜਵਾਨ ਵਰਗ ਆਪਣੇ ਭਵਿੱਖ ਨੂੰ ਲੈ ਕੇ ਚਿੰਤਤ ਹੈ।

ਪੜ੍ਹਨ-ਲਿਖਣ ਤੋਂ ਬਾਅਦ ਜ਼ਿਆਦਾਤਰ ਨੌਜਵਾਨ ਸਰਕਾਰੀ ਨੌਕਰੀ ਕਰਨੀ ਚਾਹੁੰਦੇ ਹਨ ਪਰ ਹਰ ਨੌਜਵਾਨ ਨੂੰ ਸਰਕਾਰੀ ਨੌਕਰੀ ਮਿਲਣੀ ਸੰਭਵ ਨਹੀਂ । ਦੇਸ਼ ਵਿਚ ਆਪਣਾ ਕੁਝ ਨਾ ਬਣਦਾ ਵੇਖ ਕੇ ਨੌਜਵਾਨ ਧੜੱਲੇ ਨਾਲ ਵਿਦੇਸ਼ਾਂ ਦਾ ਰੁਖ਼ ਕਰ ਰਹੇ ਹਨ। ਉਨ੍ਹਾਂ ਨੇ ਵਿਦੇਸ਼ ਜਾਣ ਨੂੰ ਆਪਣਾ ਸੁਪਨਾ ਬਣਾਇਆ ਹੋਇਆ ਹੈ ਅਤੇ ਉਹ ਕਰਜ਼ੇ ਚੁੱਕ ਕੇ, ਜ਼ਮੀਨਾਂ ਵੇਚ ਕੇ ਵਿਦੇਸ਼ ਜਾ ਰਹੇ ਹਨ। ਕੈਨੇਡਾ, ਅਮਰੀਕਾ, ਆਸਟ੍ਰੇਲੀਆ , ਨਿਊਜ਼ੀਲੈਂਡ ਆਦਿ ਦੇਸ਼ਾਂ ਵਿਚ ਜਾਣ ਵਾਲੇ ਇਹ ਨੌਜਵਾਨ ਆਪਣੇ ਦੇਸ਼ ਤੋਂ ਬਾਰਾਂ ਜਮਾਤਾਂ ਪਾਸ ਕਰਦੇ ਹੀ ਅੰਡਰ ਗ੍ਰੈਜੂਏਟ ਕੋਰਸਾਂ ਲਈ ਉਡਾਰੀ ਮਾਰ ਜਾਂਦੇ ਹਨ। ਭਾਰਤ ਦੇ ਪੜ੍ਹੇ-ਲਿਖੇ ਵਿਗਿਆਨੀ, ਇੰਜੀਨੀਅਰ ਧੜਾਧੜ ਦੇਸ਼ ਛੱਡ ਰਹੇ ਹਨ।

ਇਕੱਲੇ ਅਮਰੀਕਾ ਵਿਚ ਹੀ 9.5 ਲੱਖ ਭਾਰਤੀ ਵਿਗਿਆਨੀ ਤੇ ਇੰਜੀਨੀਅਰ ਗਏ ਹਨ। ਇਕ ਹੋਰ ਰਿਪੋਰਟ ਮੁਤਾਬਕ 2003 ਤੋਂ 2013 ਤੱਕ ਭਾਰਤ ਤੋਂ ਜਾਣ ਵਾਲੇ ਵਿਗਿਆਨੀਆਂ ਤੇ ਇੰਜੀਨੀਅਰਾਂ ਵਿਚ 8.5 ਫ਼ੀਸਦੀ ਦਾ ਵਾਧਾ ਹੋਇਆ ਸੀ। ਆਸਟ੍ਰੇਲੀਆ ’ਚ 9% ਲੋਕ ਭਾਰਤੀ ਹਨ। ਸੰਨ 2006 ਵਿਚ ਆਸਟ੍ਰੇਲੀਆ ਵਿਚ ਭਾਰਤੀ ਮੂਲ ਦੇ ਲੋਕਾਂ ਦੀ ਗਿਣਤੀ 15,300 ਸੀ ਜੋ 2016 ਵਿਚ ਵਧ ਕੇ 40,145 ਹੋ ਗਈ ਸੀ ।

TANVIR Tour & Travels FRESNO
(559) 803-0055
Where journey don't cost the world
Cheap Fares For Airline Tickets all around the world
Best Deals to India England, Pakistan, Canada and Europe
Our Services
* Cheap Fares For Airline Tickets all around the world
* Best Deals to India, England, Pakistan, Canada and Europe
* Apply for USA Citizenship
* Indian Passport renewal and Visa
* OCI Card and Renunciation
* Family Petition, Work Permit
* Power of Attorney
* Green card renewal
B.R. Joshi, Prop.
5627 N. Figarden Dr. STE 114 Fresno, CA 93722
email: tanvirtravels@gmail.com, www.tanvirtravels.com

# ਲੋਕ ਸਭਾ ਤੋਂ ਬਾਅਦ ਹੁਣ ਵਿਧਾਨ ਸਭਾ ਚੋਣਾਂ

ਰਾਹੁਲ ਵਰਮਾ

ਲੋਕ ਸਭਾ ਚੋਣਾਂ ਦੇ ਨਤੀਜੇ ਆਉਣ ਤੋਂ ਬਾਅਦ ਤੋਂ ਦੇਸ਼ ਦੀ ਰਾਜਨੀਤੀ ਕੁਝ ਬਦਲੀ-ਬਦਲੀ ਜਿਹੀ ਨਜ਼ਰ ਆ ਰਹੀ ਹੈ। ਜਿੱਥੇ ਇਕ ਪਾਸੇ ਵਿਰੋਧੀ ਖੇਮਾ ਹਮਲਾਵਰ ਤੇ ਉਤਸ਼ਾਹਤ ਹੈ ਤਾਂ ਸੱਤਾ ਧਿਰ ਬੇਰੰਗ ਜਿਹੀ ਨਜ਼ਰ ਆ ਰਹੀ ਹੈ। ਆਗਾਮੀ ਵਿਧਾਨ ਸਭਾ ਚੋਣਾਂ ਤੋਂ ਬਾਅਦ ਸਿਆਸੀ ਮਾਹੌਲ ਵਿਚ ਇਸ ਬਦਲਾਅ ਦੀਆਂ ਲਕੀਰਾਂ ਹੋਰ ਸਪਸ਼ਟ ਹੁੰਦੀਆਂ ਚਲੀਆਂ ਜਾਣਗੀਆਂ। ਹਾਲੇ ਤਾਂ ਭਾਜਪਾ ਆਪਣਾ ਹਰ ਕਦਮ ਫੂਕ-ਫੂਕ ਕੇ ਰੱਖ ਰਹੀ ਹੈ।

ਫਿਰ ਚਾਹੇ ਉਹ ਵਕਫ਼ ਸੰਪਤੀ ਨਾਲ ਜੁੜੇ ਬਿੱਲ ਦਾ ਮਾਮਲਾ ਹੋਵੇ ਜਾਂ ਫਿਰ ਸਿਖ਼ਰਲੀ ਨੌਕਰਸ਼ਾਹੀ ਵਿਚ ਲੇਟਰਲ ਐਂਟਰੀ ਦਾ ਮੁੱਦਾ। ਭਾਜਪਾ ਦੀਆਂ ਪਿਛਲੀਆਂ ਸਰਕਾਰਾਂ ਵਿਚ ਅਜਿਹਾ ਰੁਖ਼-ਰਵੱਈਆ ਦੇਖਣ ਨੂੰ ਨਹੀਂ ਮਿਲਿਆ ਸੀ। ਹਾਲਾਂਕਿ ਖੇਤੀ ਕਾਨੂੰਨ ਜਿਹੇ ਕੁਝ ਅਪਵਾਦ ਵੀ ਸਨ ਪਰ ਬੀਤੇ ਦੋ ਕਾਰਜਕਾਲਾਂ ਵਿਚ ਭਾਜਪਾ ਦੀ ਅਗਵਾਈ ਵਾਲੀ ਐਨਡੀਏ ਸਰਕਾਰ ਵਿਚ ਇਹੀ ਦਸਤੂਰ ਸੀ ਕਿ ਕਿਸੇ ਮੁੱਦੇ 'ਤੇ ਅੱਗੇ ਵਧਣ ਤੋਂ ਬਾਅਦ ਪਿੱਛੇ ਨਹੀਂ ਮੁੜਨਾ ਹੈ।



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਭਾਸ਼ਾ ਅਤੇ ਹਾਵ-ਭਾਵ ਵੀ ਕੁਝ ਬਦਲੇ ਹੋਏ ਦਿਸਦੇ ਹਨ। ਵਿਚਾਰਕ ਪ੍ਰਤੀਬੱਧਤਾ ਦੇ ਮੁੱਦਿਆਂ ਤੋਂ ਲੈ ਕੇ ਵਿਕਸਤ ਭਾਰਤ ਦੀ ਆਪਣੀ ਖ਼ਾਹਿਸ਼ੀ ਸੰਕਲਪਨਾ ਦੇ ਨਾਲ-ਨਾਲ ਨੌਜਵਾਨਾਂ, ਬੇਰੁਜ਼ਗਾਰੀ ਅਤੇ ਅਸਮਾਨਤਾ ਜਿਹੇ ਮੁੱਦਿਆਂ 'ਤੇ ਵੀ ਓਨਾ ਹੀ ਜ਼ੋਰ ਦੇ ਰਹੇ ਹਨ। ਸੁਤੰਤਰਤਾ ਦਿਵਸ ਦੇ ਆਪਣੇ ਸੰਬੋਧਨ ਵਿਚ ਵੀ ਉਨ੍ਹਾਂ ਨੇ ਕਿਹਾ ਕਿ ਇਕ ਲੱਖ ਅਜਿਹੇ ਨੌਜਵਾਨਾਂ ਨੂੰ ਰਾਜਨੀਤੀ ਵਿਚ ਅੱਗੇ ਆਉਣਾ ਚਾਹੀਦਾ ਹੈ ਜਿਨ੍ਹਾਂ ਦਾ ਪਰਿਵਾਰਕ ਪਿਛੋਕੜ ਰਾਜਨੀਤਕ ਨਾ ਹੋਵੇ। ਇਹ ਗੱਲ ਉਨ੍ਹਾਂ ਨੇ 'ਮਨ ਕੀ ਬਾਤ' ਪ੍ਰੋਗਰਾਮ ਵਿਚ ਵੀ ਦੁਹਰਾਈ। ਬਜਟ ਵਿਚ ਵੀ ਨੌਜਵਾਨਾਂ ਨੂੰ ਕੇਂਦਰਿਤ ਕਰਨ ਵਾਲੀਆਂ ਨਵੀਆਂ ਯੋਜਨਾਵਾਂ ਦਾ ਐਲਾਨ ਇਹੀ ਦਰਸਾਉਂਦਾ ਹੈ ਕਿ ਭਾਜਪਾ ਚੁਣਾਵੀ ਝਟਕੇ ਕਾਰਨ ਹੋਏ ਨੁਕਸਾਨ ਦੀ ਭਰਪਾਈ ਵਿਚ ਜੁਟ ਗਈ ਹੈ। ਏਕੀਕ੍ਰਿਤ ਪੈਨਸ਼ਨ ਸਕੀਮ ਯਾਨੀ ਯੂਪੀਐੱਸ ਵੀ ਇਸ ਦਿਸ਼ਾ ਵਿਚ ਇਕ ਕਦਮ ਹੈ।

ਦੂਜੇ ਪਾਸੇ, ਵਿਰੋਧੀ ਖੇਮਾ ਪੂਰੀ ਤਰ੍ਹਾਂ ਉਤਸ਼ਾਹਤ ਹੈ। ਰਾਹੁਲ ਗਾਂਧੀ ਅਗਲੇਰੇ ਮੋਰਚੇ ਸੰਭਾਲੀ ਬੈਠੇ ਹਨ। ਪਾਰਟੀ ਬੁਲਾਰਿਆਂ ਦੇ ਤੇਵਰ ਵੀ ਤਿੱਖੇ ਹੋਏ ਹਨ। ਸਰਗਰਮ ਸਿਆਸਤ ਤੋਂ ਲਗਪਗ ਦੂਰ ਹੋ ਚੁੱਕੀ ਸੋਨੀਆ ਗਾਂਧੀ ਦੇ ਸੁਰ ਵੀ ਬਦਲੇ ਹੋਏ ਹਨ। ਬੀਤੇ ਦਿਨੀਂ ਉਨ੍ਹਾਂ ਨੇ ਪਾਰਟੀ ਦੇ ਨੇਤਾਵਾਂ ਨੂੰ ਕਿਹਾ ਕਿ ਇਸ ਸਮੇਂ ਰਾਜਨੀਤਕ ਮਾਹੌਲ ਕਾਂਗਰਸ ਦੇ ਪੱਖ ਵਿਚ ਹੈ। ਸੋ, ਕਿਸੇ ਪ੍ਰਕਾਰ ਦੀ ਢਿੱਲ ਨਾ ਵਰਤੀ ਜਾਵੇ। ਕਾਂਗਰਸ ਨੇ ਚੁਣਾਵੀ ਸੂਬਿਆਂ ਵਿਚ ਆਪਣੀ ਤਿਆਰੀ ਵੀ ਸ਼ੁਰੂ ਕਰ ਦਿੱਤੀ ਹੈ।

ਇਸੇ ਸਿਲਸਿਲੇ ਵਿਚ ਹਾਲ ਹੀ ਵਿਚ ਕਾਂਗਰਸ ਦੇ ਮੁਖੀ ਮੱਲਿਕਾਰਜੁਨ ਖੜਗੇ ਅਤੇ ਲੋਕ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਜੰਮੂ-ਕਸ਼ਮੀਰ ਦਾ ਦੌਰਾ ਕਰਦੇ ਹੋਏ ਉੱਥੇ ਨੈਸ਼ਨਲ ਕਾਨਫਰੰਸ ਦੇ ਆਗੂਆਂ ਨੂੰ ਮਿਲ ਕੇ ਇਕੱਠੇ ਚੋਣਾਂ ਲੜਨ ਦਾ ਐਲਾਨ ਕਰ ਦਿੱਤਾ। ਇਹੀ ਨਹੀਂ, ਰਾਹੁਲ ਤਾਂ ਉੱਥੇ ਆਮ ਲੋਕਾਂ ਨੂੰ ਮਿਲ ਕੇ ਕਾਂਗਰਸ ਦੇ ਪੱਖ ਵਿਚ ਹਵਾ ਬਣਾਉਣ ਦਾ ਵੀ ਹੀਆ ਕਰ ਰਹੇ ਹਨ ਜਦਕਿ ਭਾਜਪਾ ਅੰਦਰੂਨੀ ਕਲੇਸ਼ ਦੀ ਸ਼ਿਕਾਰ ਦਿਸ ਰਹੀ ਹੈ। ਇਸੇ ਲਈ ਉਸ ਨੂੰ ਜੰਮੂ-ਕਸ਼ਮੀਰ ਲਈ ਐਲਾਨੇ ਗਏ 44 ਉਮੀਦਵਾਰਾਂ ਦੀ ਸੂਚੀ ਵਾਪਸ ਲੈਣੀ ਪਈ।

ਹੁਣ ਦੇਖਣਾ ਇਹੀ ਹੈ ਕਿ ਕੀ ਦੇਸ਼ ਦੀ ਸਭ ਤੋਂ ਪੁਰਾਣੀ ਪਾਰਟੀ ਲੋਕ ਸਭਾ ਚੋਣਾਂ ਵਿਚ ਉਮੀਦ ਨਾਲੋਂ ਬਿਹਤਰ ਕਾਰਗੁਜ਼ਾਰੀ ਦੀ ਖੁਮਾਰੀ ਵਿਚ ਹੀ ਗੁਆਚੀ ਰਹਿੰਦੀ ਹੈ ਜਾਂ ਖ਼ੁਦ ਨੂੰ ਨਵੇਂ ਸਿਰੇ ਤੋਂ ਮਜ਼ਬੂਤ ਕਰਨ ਨੂੰ ਲੈ ਕੇ ਗੰਭੀਰਤਾ ਨਾਲ ਕਦਮ ਚੁੱਕਦੀ ਹੈ? ਹਰਿਆਣਾ ਅਤੇ ਜੰਮੂ-ਕਸ਼ਮੀਰ ਲਈ ਤਾਂ ਚੁਣਾਵੀ ਪ੍ਰੋਗਰਾਮ ਦਾ ਐਲਾਨ ਹੋ ਗਿਆ ਹੈ। ਇਸ ਤੋਂ ਬਾਅਦ ਮਹਾਰਾਸ਼ਟਰ ਤੇ ਝਾਰਖੰਡ ਦੀ ਵਾਰੀ ਆਵੇਗੀ। ਮਹਾਰਾਸ਼ਟਰ ਅਤੇ ਹਰਿਆਣਾ ਦੀ ਸੱਤਾ ਭਾਜਪਾ ਕੋਲ ਹੈ ਜਦਕਿ ਝਾਰਖੰਡ ਵਿਚ ਝਾਮੁਮੋ ਦੀ ਅਗਵਾਈ ਵਿਚ ਵਿਰੋਧੀ ਗੱਠਜੋੜ ਹੁਕਮਰਾਨ ਹੈ। ਜੰਮੂ-ਕਸ਼ਮੀਰ ਵਿਚ ਰਾਸ਼ਟਰਪਤੀ ਰਾਜ ਹੈ। ਸੱਤਾ ਦੇ ਸਮੀਕਰਨਾਂ ਦੇ ਲਿਹਾਜ਼ ਨਾਲ ਦੇਖੀਏ ਤਾਂ ਇਨ੍ਹਾਂ ਚੋਣਾਂ ਵਿਚ ਭਾਜਪਾ ਦਾ ਕਾਫ਼ੀ ਕੁਝ ਦਾਅ 'ਤੇ ਲੱਗਿਆ ਹੋਇਆ ਹੈ ਕਿਉਂਕਿ ਉਸ ਕੋਲ ਗੁਆਉਣ ਲਈ ਬਹੁਤ ਕੁਝ ਹੈ। ਹਰਿਆਣਾ ਵਿਚ ਉਹ ਦਸ ਸਾਲਾਂ ਤੋਂ ਸੱਤਾ ਸੰਭਾਲੀ ਬੈਠੀ ਹੈ।

ਮਹਾਰਾਸ਼ਟਰ ਵਿਚ ਇਕ ਛੋਟੇ ਜਿਹੇ ਅੰਤਰਾਲ ਨੂੰ ਛੱਡ ਕੇ ਉਹ ਸਹਿਯੋਗੀਆਂ ਨਾਲ ਤਕਰੀਬਨ ਇਕ ਦਹਾਕੇ ਤੋਂ ਸੱਤਾ ਵਿਚ ਹੈ। ਲੋਕ ਸਭਾ ਚੋਣਾਂ ਦੇ ਪ੍ਰਦਰਸ਼ਨ ਨੂੰ ਦੇਖੀਏ ਤਾਂ ਇੱਥੇ ਭਾਜਪਾ ਲਈ ਖ਼ਤਰੇ ਦੀ ਘੰਟੀ ਵੱਜ ਚੁੱਕੀ ਹੈ।

ਪਾਰਟੀ ਦੇ ਪੂਰਨ ਬਹੁਮਤ ਤੋਂ ਦੂਰ ਰਹਿਣ ਦੀ ਇਕ ਵਜ੍ਹਾ ਮਹਾਰਾਸ਼ਟਰ ਦਾ ਖ਼ਰਾਬ ਪ੍ਰਦਰਸ਼ਨ ਵੀ ਮੰਨਿਆ ਗਿਆ। ਮਰਾਠਾ ਰਾਖਵਾਂਕਰਨ ਦਾ ਮੁੱਦਾ ਵੀ ਉਸ ਨੂੰ ਪਰੇਸ਼ਾਨ ਕਰ ਰਿਹਾ ਹੈ। ਸਹਿਯੋਗੀਆਂ ਦੇ ਨਾਲ ਵੀ ਉਸ ਨੂੰ ਆਪਣੇ ਸਮੀਕਰਨ ਦਰੁਸਤ ਰੱਖਣ ਲਈ ਖ਼ਾਸੀ ਸਿਰ-ਖਪਾਈ ਕਰਨੀ ਪੈ ਸਕਦੀ ਹੈ। ਅਜਿਹੇ ਵਿਚ ਸੱਤਾ ਵਿਰੋਧੀ ਰੁਝਾਨ ਦੇ ਨਾਲ-ਨਾਲ ਉਸ ਨੂੰ ਵਿਰੋਧੀ ਏਕਤਾ ਦਾ ਵੀ ਸਾਹਮਣਾ ਕਰਨਾ ਪਵੇਗਾ ਕਿਉਂਕਿ ਊਧਵ ਠਾਕਰੇ, ਸ਼ਰਦ ਪਵਾਰ ਅਤੇ ਕਾਂਗਰਸ ਦਾ ਖੇਮਾ ਹਾਲੇ ਤੱਕ ਤਾਂ ਮਜ਼ਬੂਤੀ ਨਾਲ ਚੋਣ ਮੁਹਿੰਮ ਵਿਚ ਲੱਗਾ ਹੋਇਆ ਹੈ। ਹਰਿਆਣਾ ਵਿਚ ਵੀ ਭਾਜਪਾ ਲਈ ਚੰਗੇ ਸੰਕੇਤ ਨਹੀਂ ਦਿਸ ਰਹੇ। ਲੋਕ ਸਭਾ ਚੋਣਾਂ ਵਿਚ ਉਸ ਨੂੰ ਪੰਜ ਸੀਟਾਂ 'ਤੇ ਹੀ ਜਿੱਤ ਹਾਸਲ ਹੋਈ ਸੀ ਜਦਕਿ 2019 ਵਿਚ ਉਸ ਨੇ ਸਾਰੀਆਂ ਦਸ ਸੀਟਾਂ 'ਤੇ ਜਿੱਤ ਹਾਸਲ ਕੀਤੀ ਸੀ। ਕਿਸਾਨ ਅੰਦੋਲਨ ਅਤੇ ਅਗਨੀਵੀਰ ਵਰਗੀਆਂ ਯੋਜਨਾਵਾਂ ਕਾਰਨ ਭਾਜਪਾ ਇੱਥੇ ਬੈਕਫੁੱਟ 'ਤੇ ਹੈ। ਦਸ ਸਾਲਾਂ ਦੇ ਸੱਤਾ ਵਿਰੋਧੀ ਰੁਝਾਨ ਦਾ ਵੀ ਉਸ ਨੂੰ ਸਾਹਮਣਾ ਕਰਨਾ ਪਵੇਗਾ। ਇੱਥੇ ਪਾਰਟੀ ਦੀ ਉਮੀਦ ਪ੍ਰਭਾਵਸ਼ਾਲੀ ਜਾਟ ਭਾਈਚਾਰੇ ਦੇ ਮੁਕਾਬਲੇ ਹੋਰ ਜਾਤਾਂ ਦੀ ਲਾਮਬੰਦੀ 'ਤੇ ਹੈ। ਹਰਿਆਣਾ ਭਾਜਪਾ ਦੀਆਂ ਉਨ੍ਹਾਂ ਰਾਜਨੀਤਕ ਪ੍ਰਯੋਗਸ਼ਾਲਾਵਾਂ 'ਚੋਂ ਇਕ ਰਹੀ ਹੈ ਜਿੱਥੇ ਪਾਰਟੀ ਨੇ ਸੂਬੇ ਵਿਚ ਚੜ੍ਹਤ ਰੱਖਣ ਵਾਲੀ ਜਾਤ ਦੀ ਬਜਾਏ ਬਦਲਵੀਂ ਲੀਡਰਸ਼ਿਪ ਨੂੰ ਤਰਜੀਹ ਦਿੱਤੀ।

ਹਾਲਾਂਕਿ ਪਿਛਲੀ ਵਾਰ ਵੀ ਰਾਜ ਵਿਧਾਨ ਸਭਾ ਵਿਚ ਭਾਜਪਾ ਨੂੰ ਪੂਰਨ ਬਹੁਮਤ ਨਹੀਂ ਮਿਲਿਆ ਸੀ। ਪਾਰਟੀ ਲਈ ਇੱਥੇ ਉਲਟ ਹਾਲਾਤ ਦੇ ਬਾਵਜੂਦ ਉਸ ਦੇ ਨਜ਼ਰੀਏ ਤੋਂ ਇਕ ਚੰਗੀ ਗੱਲ ਇਹੀ ਹੈ ਕਿ ਇੱਥੇ ਕਾਂਗਰਸ ਇਕਜੁੱਟ ਨਹੀਂ ਦਿਸ ਰਹੀ ਹੈ ਅਤੇ ਪਾਰਟੀ ਕਈ ਖੇਮਿਆਂ ਵਿਚ ਵੰਡੀ ਹੋਈ ਹੈ। ਨਾਲ ਹੀ, ਜਾਟਾਂ ਨੂੰ ਸੇਧਣ ਲਈ ਪਾਰਟੀ ਨੇ ਹਾਲ ਹੀ ਵਿਚ ਕਾਂਗਰਸ ਤੋਂ ਆਈ ਕਿਰਨ ਚੌਧਰੀ ਨੂੰ ਰਾਜ ਸਭਾ ਵਿਚ ਭੇਜਣ ਦਾ ਪੱਤਾ ਖੇਡਿਆ ਹੈ। ਸੱਤਾ ਦੀਆਂ ਸੰਭਾਵਨਾਵਾਂ ਦੇ ਲਿਹਾਜ਼ ਨਾਲ ਝਾਰਖੰਡ ਦੀ ਸਥਿਤੀ ਉਮੀਦ ਨਾਲੋਂ ਅਲੱਗ ਹੈ। ਲੋਕ ਸਭਾ ਚੋਣਾਂ ਵਿਚ ਕੁਝ ਨੁਕਸਾਨ ਦੇ ਬਾਵਜੂਦ ਭਾਜਪਾ ਇੱਥੇ ਹਾਸ਼ੀਏ 'ਤੇ ਨਹੀਂ ਪੁੱਜੀ।

ਹਾਲਾਂਕਿ, ਐੱਸਟੀ ਸੀਟਾਂ 'ਤੇ ਪਾਰਟੀ ਨੂੰ ਨੁਕਸਾਨ ਸਹਿਣਾ ਪਿਆ। ਇਸ ਦੀ ਇਕ ਵਜ੍ਹਾ ਹੇਮੰਤ ਸੋਰੇਨ ਦੇ ਜੇਲ੍ਹ ਜਾਣ ਕਾਰਨ ਝਾਮੁਮੋ ਨੂੰ ਮਿਲੀ ਕੁਝ ਹਮਦਰਦੀ ਵੀ ਹੋ ਸਕਦੀ ਹੈ। ਸੋਰੇਨ ਹੁਣ ਰਿਹਾਅ ਹੋ ਗਏ ਹਨ ਅਤੇ ਵਾਪਸ ਸੱਤਾ ਦੀ ਕਮਾਨ ਸੰਭਾਲ ਲਈ ਹੈ।

ਹੇਮੰਤ ਆਪਣੀ ਜਗ੍ਹਾ ਜਿਸ ਚੰਪਈ ਸੋਰੇਨ ਨੂੰ ਮੁੱਖ ਮੰਤਰੀ ਬਣਾ ਕੇ ਗਏ ਸਨ, ਉਹੀ ਹੁਣ ਪਾਰਟੀ ਤੋਂ ਕਿਨਾਰਾ ਕਰਨ ਦਾ ਮਨ ਬਣਾ ਰਹੇ ਹਨ। ਇਸ ਨਾਲ ਸ਼ਾਇਦ ਭਾਜਪਾ ਨੂੰ ਕੁਝ ਫ਼ਾਇਦਾ ਹੋ ਜਾਵੇ। ਦੂਜੇ ਪਾਸੇ, ਭਾਜਪਾ ਆਪਣੀਆਂ ਸਭ ਕਿੱਲਾਂ-ਕੰਡੇ ਦਰੁਸਤ ਕਰਨ ਵਿਚ ਲੱਗੀ ਹੋਈ ਹੈ। ਪਾਰਟੀ ਨੂੰ ਉਮੀਦ ਹੈ ਕਿ ਝਾਮੁਮੋ ਵਿਰੁੱਧ ਸੱਤਾ ਵਿਰੋਧੀ ਰੁਝਾਨ ਦਾ ਵੀ ਉਸ ਨੂੰ ਲਾਹਾ ਮਿਲੇਗਾ।

ਜੰਮੂ-ਕਸ਼ਮੀਰ ਬਾਰੇ ਹਾਲੇ ਕੁਝ ਕਹਿਣਾ ਜਲਦਬਾਜ਼ੀ ਹੈ ਪਰ ਉੱਥੇ ਭਾਜਪਾ ਹੀ ਕਸੌਟੀ 'ਤੇ ਰਹੇਗੀ, ਜਿੱਥੇ ਇਹ ਦੇਖਣਾ ਹੋਵੇਗਾ ਕਿ ਧਾਰਾ 370 ਨੂੰ ਹਟਾਉਣ ਅਤੇ ਮੁਕੰਮਲ ਸੂਬੇ ਦਾ ਦਰਜਾ ਸਮਾਪਤ ਹੋਣ ਤੋਂ ਬਾਅਦ ਵਿਕਸਤ ਹੋਏ ਨਵੇਂ ਤੰਤਰ ਨੂੰ ਸੂਬੇ ਦੀ ਜਨਤਾ ਨੇ ਕਿਸ ਰੂਪ ਵਿਚ ਲਿਆ। ਇਨ੍ਹਾਂ ਚੋਣਾਂ ਤੋਂ ਜਿੱਥੇ ਵਿਰੋਧੀ ਧਿਰ ਨੂੰ ਬਹੁਤ ਉਮੀਦਾਂ ਹਨ, ਓਥੇ ਹੀ ਇਹ ਭਾਜਪਾ ਲਈ ਅਗਨੀ-ਪ੍ਰੀਖਿਆ ਦੀ ਤਰ੍ਹਾਂ ਹੋਣਗੀਆਂ।

ਪਾਰਟੀ ਦੀ ਹਾਰ-ਜਿੱਤ ਐਨਡੀਏ ਵਿਚ ਸਹਿਯੋਗੀਆਂ ਵਿਚਾਲੇ ਉਸ ਦੀ ਹੈਸੀਅਤ ਨਿਰਧਾਰਤ ਕਰੇਗੀ। ਭਾਜਪਾ ਦੀ ਅੰਦਰੂਨੀ ਸਿਆਸਤ ਲਈ ਵੀ ਇਹ ਚੋਣਾਂ ਮਹੱਤਵਪੂਰਨ ਹੋਣਗੀਆਂ ਕਿਉਂਕਿ ਇਸ ਲੋਕ ਫ਼ਤਵੇ ਕਾਰਨ ਮੋਦੀ-ਸ਼ਾਹ ਦੀ ਜੋੜੀ ਦੇ ਜਾਦੂ ਦਾ ਅਸਰ ਅਤੇ ਪਾਰਟੀ ਦੇ ਭਾਵੀ ਪ੍ਰਧਾਨ ਦੀ ਚੋਣ ਵਿਚ ਉਨ੍ਹਾਂ ਦੀ ਪਸੰਦ ਵੀ ਪ੍ਰਭਾਵਿਤ ਹੋਵੇਗੀ। ਕੁੱਲ ਮਿਲਾ ਕੇ, ਇਨ੍ਹਾਂ ਚੋਣਾਂ ਜ਼ਰੀਏ ਲੰਬੇ ਸਮੇਂ ਤੋਂ ਭਾਜਪਾ ਕੇਂਦਰਿਤ ਰਹੀ ਦੇਸ਼ ਦੀ ਰਾਜਨੀਤੀ ਵਿਚ ਅਰਸੇ ਬਾਅਦ ਇਕ ਸਮਾਨ ਰਾਜਨੀਤਕ ਧਰਾਤਲ 'ਤੇ ਸਿਆਸੀ ਮੁਕਾਬਲਾ ਦੇਖਣ ਨੂੰ ਮਿਲਣ ਵਾਲਾ ਹੈ।

# ਜ਼ਿੰਦਗੀ ਦੇ ਅਖੀਰਲੇ ਦਿਨਾਂ 'ਚ ਟੁੱਟਦੇ ਰਿਸ਼ਤੇ

ਕਸ਼ਮਾ ਸ਼ਰਮਾ

ਬਹੁਤ ਸਮੇਂ ਤੋਂ ਨਾਮਚੀਨ ਨਾਇਕ-ਨਾਇਕਾਵਾਂ ਦੇ ਤਲਾਕ ਦੀਆਂ ਖ਼ਬਰਾਂ ਇੰਟਰਨੈੱਟ ਮੀਡੀਆ 'ਤੇ ਛਾਈਆਂ ਹੋਈਆਂ ਹਨ। ਲੋਕ ਦਾਅਵਾ ਕਰ ਰਹੇ ਹਨ ਕਿ ਬਸ ਅਜਿਹਾ ਹੋਣ ਹੀ ਵਾਲਾ ਹੈ। ਸੱਚ ਕੀ ਹੈ, ਕਿਹਾ ਨਹੀਂ ਜਾ ਸਕਦਾ ਪਰ ਗ੍ਰੇਅ ਡਾਇਵੋਰਸ ਯਾਨੀ ਵਿਆਹ ਦੇ ਦਹਾਕਿਆਂ ਬਾਅਦ ਪਤੀ-ਪਤਨੀ ਦਾ ਅਲੱਗ ਹੋ ਜਾਣਾ ਇਨ੍ਹੀਂ ਦਿਨੀਂ ਬੇਹੱਦ ਚਲਨ ਵਿਚ ਹੈ।

ਔਰਤਾਂ ਕਹਿ ਰਹੀਆਂ ਹਨ ਕਿ ਇਕ ਖ਼ਰਾਬ ਰਿਸ਼ਤੇ ਵਿਚ ਜੀਵਨ ਬਤੀਤ ਕਰਨ ਨਾਲੋਂ ਚੰਗਾ ਹੈ ਕਿ ਜਦ ਮੌਕਾ ਮਿਲੇ, ਅਲੱਗ ਹੋ ਜਾਓ। ਇਸ ਲੇਖਿਕਾ ਨੇ ਕਈ ਮਹਿਲਾਵਾਂ ਨੂੰ ਖ਼ੁਦ ਦੇਖਿਆ ਹੈ। ਕਈ ਸਾਲ ਪਹਿਲਾਂ ਇਹ ਲੇਖਿਕਾ ਜਿਸ ਅਦਾਰੇ ਵਿਚ ਕੰਮ ਕਰਦੀ ਸੀ, ਉੱਥੇ ਇਕ ਔਰਤ ਆਈ। ਉਸ ਨੂੰ ਕੰਮ ਚਾਹੀਦਾ ਸੀ। ਉਸ ਦੀ ਉਮਰ ਉਸ ਵੇਲੇ 50 ਕੁ ਸਾਲ ਦੀ ਹੋਵੇਗੀ। ਉਸ ਦਾ ਕਹਿਣਾ ਸੀ ਕਿ ਪਤੀ ਬਹੁਤ ਤੰਗ ਕਰਦਾ ਹੈ।

ਸਵੇਰੇ-ਸ਼ਾਮ ਮਾਰਕੁੱਟ ਕਰਦਾ ਹੈ ਅਤੇ ਹਰ ਰਾਤ ਸ਼ਰਾਬ ਪੀ ਕੇ ਆਉਂਦਾ ਹੈ। ਉਹ ਔਰਤ ਉੱਚ ਸਿੱਖਿਆ ਪ੍ਰਾਪਤ ਵੀ ਸੀ ਪਰ ਨੌਕਰੀ ਨਹੀਂ ਕਰਦੀ ਸੀ। ਉਹ ਸਭ ਕੁਝ ਇੰਨੇ ਸਾਲਾਂ ਤੋਂ ਇਸ ਲਈ ਸਹਿਣ ਕਰਦੀ ਰਹੀ ਕਿ ਆਪਣੇ ਬੇਟੇ ਦੇ ਵੱਡਾ ਹੋਣ ਦਾ ਇੰਤਜ਼ਾਰ ਕਰ ਰਹੀ ਸੀ। ਹੁਣ ਉਹ ਆਪਣੇ ਪੈਰਾਂ 'ਤੇ ਖੜ੍ਹੀ ਹੋਣਾ ਚਾਹੁੰਦੀ ਸੀ। ਉਸੇ ਸਮੇਂ ਦੇ ਨੇੜੇ-ਤੇੜੇ ਇਕ ਸੀਨੀਅਰ ਮਹਿਲਾ ਪੱਤਰਕਾਰ ਨੇ ਆਪਣੇ ਬਹੁਤ ਮਸ਼ਹੂਰ ਪਤੀ ਤੋਂ ਅਲੱਗ ਹੋਣ ਦੀ ਪਾਰਟੀ ਦਿੱਤੀ ਸੀ ਅਤੇ ਆਪਣੀ ਆਜ਼ਾਦੀ ਦਾ ਜਸ਼ਨ ਮਨਾਇਆ ਸੀ। ਇਹ ਕੋਈ ਨਵੀਂ-ਅਨੋਖੀ ਗੱਲ ਨਹੀਂ ਕਿ ਹੁਣ ਤਲਾਕ ਦੀਆਂ ਵੀ ਪਾਰਟੀਆਂ ਹੋਣ ਲੱਗੀਆਂ ਹਨ।



**ਗ੍ਰੇਅ ਡਾਇਵੋਰਸ ਦਾ ਅਰਥ ਦੱਸਿਆ ਜਾਂਦਾ ਹੈ ਕਿ ਜਦ ਪਤੀ-ਪਤਨੀ 50 ਦੀ ਉਮਰ ਤੋਂ ਬਾਅਦ ਅਲੱਗ ਹੋਣ ਯਾਨੀ ਜਦ ਵਾਲਾਂ 'ਚ ਸਫ਼ੇਦੀ ਆਉਣ ਲੱਗੇ। ਹਾਲਾਂਕਿ ਜੋ ਲੋਕ ਅਜਿਹਾ ਕਰਦੇ ਹਨ, ਉਨ੍ਹਾਂ ਦਾ ਰਾਹ ਵੀ ਆਸਾਨ ਨਹੀਂ ਹੁੰਦਾ। ਬਹੁਤ ਵਾਰ ਜ਼ਮੀਨ-ਜਾਇਦਾਦ ਦਾ ਫ਼ੈਸਲਾ ਕਰਨਾ ਮੁਸ਼ਕਲ ਹੋ ਜਾਂਦਾ ਹੈ ਜੋ ਸਾਂਝੀ ਹੁੰਦੀ ਹੈ ਜਾਂ ਬੈਂਕ ਖਾਤੇ ਸਾਂਝੇ ਹੁੰਦੇ ਹਨ। ਇਸ ਤੋਂ ਬਿਨਾਂ ਵੱਡੇ ਬੱਚੇ ਵੀ ਮਾਤਾ-ਪਿਤਾ ਦੇ ਇਸ ਤਰ੍ਹਾਂ ਅਲੱਗ ਹੋਣ ਨੂੰ ਸਹਿ ਨਹੀਂ ਪਾਉਂਦੇ।**

ਗ੍ਰੇਅ ਡਾਇਵੋਰਸ ਦਾ ਅਰਥ ਦੱਸਿਆ ਜਾਂਦਾ ਹੈ ਕਿ ਜਦ ਪਤੀ-ਪਤਨੀ 50 ਦੀ ਉਮਰ ਤੋਂ ਬਾਅਦ ਅਲੱਗ ਹੋਣ ਯਾਨੀ ਜਦ ਵਾਲਾਂ 'ਚ ਸਫ਼ੇਦੀ ਆਉਣ ਲੱਗੇ। ਹਾਲਾਂਕਿ ਜੋ ਲੋਕ ਅਜਿਹਾ ਕਰਦੇ ਹਨ, ਉਨ੍ਹਾਂ ਦਾ ਰਾਹ ਵੀ ਆਸਾਨ ਨਹੀਂ ਹੁੰਦਾ। ਬਹੁਤ ਵਾਰ ਜ਼ਮੀਨ-ਜਾਇਦਾਦ ਦਾ ਫ਼ੈਸਲਾ ਕਰਨਾ ਮੁਸ਼ਕਲ ਹੋ ਜਾਂਦਾ ਹੈ ਜੋ ਸਾਂਝੀ ਹੁੰਦੀ ਹੈ ਜਾਂ ਬੈਂਕ ਖਾਤੇ ਸਾਂਝੇ ਹੁੰਦੇ ਹਨ। ਇਸ ਤੋਂ ਬਿਨਾਂ ਵੱਡੇ ਬੱਚੇ ਵੀ ਮਾਤਾ-ਪਿਤਾ ਦੇ ਇਸ ਤਰ੍ਹਾਂ ਅਲੱਗ ਹੋਣ ਨੂੰ ਸਹਿ ਨਹੀਂ ਪਾਉਂਦੇ।

ਕਈ ਵਾਰ ਬੱਚੇ ਮਾਪਿਆਂ ਨੂੰ ਇਸ ਦੇ ਲਈ ਪ੍ਰੇਰਿਤ ਵੀ ਕਰਦੇ ਹਨ। ਇਕ ਮੁੰਡੇ ਨੇ ਸਾਰੀ ਉਮਰ ਆਪਣੀ ਮਾਂ ਨੂੰ ਪਿਤਾ ਦੇ ਹੱਥੋਂ ਤੰਗ-ਪਰੇਸ਼ਾਨ ਹੁੰਦੇ ਦੇਖਿਆ। ਵੱਡਾ ਹੋਣ 'ਤੇ ਉਸ ਨੇ ਮਾਂ ਨੂੰ ਕਿਹਾ ਕਿ ਇੰਨਾ ਅਪਮਾਨ ਸਹਿਣ ਨਾਲੋਂ ਬਿਹਤਰ ਹੈ ਕਿ ਉਹ ਦੋਵੇਂ ਅਲੱਗ ਹੋ ਜਾਣ। ਫਿਲਮੀ ਦੁਨੀਆ 'ਚ ਵੀ ਜਿੱਥੇ ਅਕਸਰ ਮੀਆਂ-ਬੀਵੀ ਇਕ ਖ਼ੁਸ਼ਹਾਲ ਪਰਿਵਾਰ ਦੀ ਤਸਵੀਰ ਪੇਸ਼ ਕਰਦੇ ਹਨ, ਉੱਥੇ ਵੀ ਅਜਿਹਾ ਹੋ ਰਿਹਾ ਹੈ।

ਇਸ 'ਚ ਫਰਹਾਨ ਅਖਤਰ-ਅਧੁਨਾ ਭਬਾਨੀ, ਅਰਬਾਜ਼ ਖ਼ਾਨ-ਮਲਾਇਕਾ ਅਰੋੜਾ, ਈਸ਼ਾ ਦਿਓਲ-ਭਰਤ ਤਖ਼ਤਾਨੀ, ਸੋਨਮ ਖ਼ਾਨ-ਰਾਜੀਵ ਰਾਏ, ਕਿਰਨ ਰਾਓ-ਆਮਿਰ ਖ਼ਾਨ, ਰਿਤਿਕ ਰੋਸ਼ਨ-ਸੁਜ਼ੈਨ ਖ਼ਾਨ, ਅਰਜੁਨ ਰਾਮਪਾਲ-ਮੇਹਰ ਜੇਸੀਆ ਵਰਗੇ ਜੋੜੇ ਸ਼ਾਮਲ ਹਨ। ਇਨ੍ਹਾਂ ਸਾਰਿਆਂ ਦੇ ਵੱਡੇ-ਵੱਡੇ ਬੱਚੇ ਵੀ ਹਨ। ਕਿਰਨ ਰਾਓ ਨੇ ਇਕ ਇੰਟਰਵਿਊ 'ਚ ਕਿਹਾ ਸੀ ਕਿ ਆਮਿਰ ਨਾਲ ਉਸ ਦੇ ਸਬੰਧ ਬਹੁਤ ਨਿੱਘੇ ਹਨ। ਤਲਾਕ ਨੇ ਸਾਨੂੰ ਆਜ਼ਾਦੀ ਦਿੱਤੀ ਹੈ।

ਉਹ ਖ਼ੁਦ ਦੀ ਮਹੱਤਤਾ ਪਛਾਣਨੀ ਚਾਹੁੰਦੀ ਸੀ। ਆਪਣੇ ਤਲਾਕ 'ਤੇ ਅਰਜੁਨ ਰਾਮਪਾਲ ਨੇ ਇਸ ਤੋਂ ਬਿਲਕੁਲ ਅਲੱਗ ਗੱਲ ਆਖੀ। ਉਸ ਨੇ ਕਿਹਾ ਸੀ ਕਿ ਤਲਾਕ ਬਹੁਤ ਆਸਾਨ ਨਹੀਂ ਹੁੰਦਾ। ਇਹ ਤੁਹਾਡੇ ਇਕਲਾਪੇ ਨੂੰ ਵਧਾਉਂਦਾ ਹੈ। ਜਿੰਨੇ ਵੀ ਫਿਲਮੀ ਜੋੜੇ ਇਕ-ਦੂਜੇ ਨਾਲੋਂ ਅਲੱਗ ਹੋਏ ਹਨ, ਉਹ ਆਪਣੇ ਪਿਛਲੇ ਸਾਥੀ ਬਾਰੇ ਚੰਗੀਆਂ ਗੱਲਾਂ ਕਰਦੇ ਹੋਏ ਇਹ ਵੀ ਆਖਦੇ ਹਨ ਕਿ ਉਹ ਦੋਵੇਂ ਸਭ ਤੋਂ ਚੰਗੇ ਦੋਸਤ ਹਨ।

ਫਿਲਮਕਾਰ ਅਨੁਰਾਗ ਕਸ਼ਿਅਪ ਜਦ ਕਲਿਕ ਕੋਚਲੀਨ ਨਾਲੋਂ ਅਲੱਗ ਹੋਇਆ ਤਾਂ ਕੁਝ ਦਿਨਾਂ ਬਾਅਦ ਉਸ ਨੇ ਕਿਹਾ ਸੀ ਕਿ ਜਦ ਉਹ ਦੋਵੇਂ ਇਕੱਠੇ ਸਨ ਤਾਂ ਹਮੇਸ਼ਾ ਲੜਦੇ ਰਹਿੰਦੇ ਸਨ ਪਰ ਹੁਣ ਦੋਵਾਂ ਵਿਚਾਲੇ ਖ਼ੂਬ ਮਿੱਤਰਤਾ ਹੈ। ਕਸ਼ਿਅਪ ਇਸ ਤੋਂ ਪਹਿਲਾਂ ਵੀ ਆਪਣੀ ਪਤਨੀ ਤੋਂ ਵੱਖ ਹੋ ਚੁੱਕਾ ਸੀ।

ਖ਼ੈਰ, ਇਹ ਜੋੜੇ ਇਹ ਵੀ ਕਹਿੰਦੇ ਹਨ ਕਿ ਜਿਸ ਸਾਥੀ ਨਾਲੋਂ ਅਲੱਗ ਹੋਏ, ਉਹ ਬਹੁਤ ਚੰਗਾ ਵਿਅਕਤੀ ਹੈ। ਕੀ ਇਹ ਸੋਚ ਕੇ ਹੈਰਾਨੀ ਨਹੀਂ ਹੁੰਦੀ ਕਿ ਜੇ ਕੋਈ ਇੰਨਾ ਚੰਗਾ ਇਨਸਾਨ ਅਤੇ ਦੋਸਤ ਹੈ ਤਾਂ ਫਿਰ ਵੱਖ ਕਿਉਂ ਹੋਣਾ ਪਿਆ? ਸ਼ਾਇਦ ਇਸ ਦਾ ਜਵਾਬ ਕਿਸੇ ਕੋਲ ਨਹੀਂ ਹੁੰਦਾ। ਪਿਊ ਰਿਸਰਚ ਨੇ ਅਮਰੀਕਾ ਵਿਚ ਗ੍ਰੇਅ ਡਾਇਵੋਰਸ 'ਤੇ ਇਕ ਅਧਿਐਨ ਕੀਤਾ। ਇਸ ਵਿਚ ਦੱਸਿਆ ਗਿਆ ਕਿ ਬੀਤੇ ਦੋ ਦਹਾਕਿਆਂ ਵਿਚ ਤਲਾਕ ਦੇ ਸਾਰੇ ਮਾਮਲਿਆਂ ਵਿਚ 40 ਪ੍ਰਤੀਸ਼ਤ ਮਾਮਲੇ ਅਜਿਹੇ ਸਨ ਜਿਨ੍ਹਾਂ ਵਿਚ 50 ਅਤੇ ਉਸ ਤੋਂ ਉੱਪਰ ਦੇ ਜੋੜੇ ਸ਼ਾਮਲ ਸਨ।

ਸੰਨ 1990 ਤੋਂ ਬਾਅਦ ਇਨ੍ਹਾਂ ਦੀ ਗਿਣਤੀ ਦੁੱਗਣੀ ਹੋ ਗਈ ਅਤੇ ਹੁਣ ਜੋ ਲੋਕ 65 ਤੋਂ ਉੱਪਰ ਹਨ, ਉਨ੍ਹਾਂ ਦੀ ਗਿਣਤੀ ਤਿੱਗਣੀ ਹੋ ਗਈ ਹੈ। ਮਾਹਿਰ ਦੱਸਦੇ ਹਨ ਕਿ ਜਦ ਤੱਕ ਲੋਕ ਆਪਣੇ ਬੱਚਿਆਂ ਨੂੰ ਪਾਲਦੇ ਹਨ, ਉਦੋਂ ਤੱਕ ਉਹ ਕਿਸੇ ਤਰ੍ਹਾਂ ਇਕੱਠੇ ਰਹਿ ਲੈਂਦੇ ਹਨ ਪਰ ਜਿਵੇਂ ਹੀ ਬੱਚੇ ਵੱਡੇ ਹੁੰਦੇ ਹਨ, ਉਨ੍ਹਾਂ ਦਾ ਆਪਣਾ ਘਰ ਤੇ ਪਰਿਵਾਰ ਹੁੰਦਾ ਹੈ ਤਾਂ ਪਤੀ-ਪਤਨੀ ਨੂੰ ਲੱਗਦਾ ਹੈ ਕਿ ਹੁਣ ਉਨ੍ਹਾਂ ਨੂੰ ਇਕ-ਦੂਜੇ ਦੀ ਜ਼ਰੂਰਤ ਨਹੀਂ ਰਹੀ। ਇਸ ਤੋਂ ਇਲਾਵਾ ਆਪਣੇ ਦੇਸ਼ ਵਿਚ ਮਹਿਲਾਵਾਂ ਪ੍ਰਤੀ ਜੋ ਹਿੰਸਾ ਹੈ, ਉਸ ਨੂੰ ਸ਼ਾਇਦ ਉਹ ਬੱਚਿਆਂ ਕਾਰਨ ਸਹਾਰਦੀਆਂ ਰਹਿੰਦੀਆਂ ਹਨ ਪਰ ਅੱਜ ਦੀਆਂ ਮਹਿਲਾਵਾਂ ਪੰਜ ਦਹਾਕੇ ਪਹਿਲਾਂ ਦੀਆਂ ਔਰਤਾਂ ਨਹੀਂ ਹਨ ਜੋ ਕਿਸੇ ਵੀ ਬੁਰੇ ਰਿਸ਼ਤੇ ਨੂੰ ਸਮਾਜ ਦੇ ਡਰੋਂ ਨਿਭਾਈ ਜਾਂਦੀਆਂ ਸਨ।

ਅੱਜ ਉਹ ਪਹਿਲਾਂ ਦੀ ਤਰ੍ਹਾਂ ਆਪਣੇ ਪਤੀ 'ਤੇ ਨਿਰਭਰ ਨਹੀਂ ਹਨ। ਫ਼ੈਸਲਾ ਲੈਣ ਦੀ ਉਨ੍ਹਾਂ ਦੀ ਸਮਰੱਥਾ ਵਧੀ ਹੈ। ਇਸ ਲਈ ਉਹ ਵੀ ਤਲਾਕ ਦੀ ਪਹਿਲ ਕਰਦੀਆਂ ਹਨ ਅਤੇ ਬੁਰੇ ਰਿਸ਼ਤੇ ਤੋਂ ਆਜ਼ਾਦੀ ਚਾਹੁੰਦੀਆਂ ਹਨ ਪਰ ਇਹ ਗੱਲ ਵੀ ਸੱਚ ਹੈ ਕਿ ਬੱਚਿਆਂ 'ਤੇ ਇਸ ਦਾ ਬੁਰਾ ਅਸਰ ਪੈਂਦਾ ਹੈ।

ਮੇਰੇ ਦਫ਼ਤਰ ਆਈ ਉਸੇ ਮਹਿਲਾ ਦੇ ਮੁੰਡੇ ਨੇ ਇਕ ਵਾਰ ਕਿਹਾ ਸੀ ਕਿ ਤੁਸੀਂ ਹੀ ਦੱਸੋ, ਮੈਂ ਕਿੱਧਰ ਜਾਵਾਂ। ਮੈਨੂੰ ਤਾਂ ਆਪਣੇ ਮਾਤਾ-ਪਿਤਾ, ਦੋਵਾਂ ਨਾਲ ਪਿਆਰ ਹੈ। ਮੈਂ ਇਕ ਨੂੰ ਮਿਲਣ ਜਾਂਦਾ ਹਾਂ ਤਾਂ ਦੂਜਾ ਬੁਰਾ ਮੰਨਦਾ ਹੈ। ਇਸ ਮਾਮਲੇ 'ਚ ਫਿਲਮੀ ਦੁਨੀਆ ਦੇ ਲੋਕ ਅਕਸਰ ਆਪਣੇ ਬੱਚਿਆਂ 'ਤੇ ਇਸ ਤਰ੍ਹਾਂ ਦੀਆਂ ਪਾਬੰਦੀਆਂ ਨਹੀਂ ਲਗਾਉਂਦੇ। ਜਦ ਉਹ ਅਲੱਗ ਹੁੰਦੇ ਹਨ ਤਾਂ ਕਹਿੰਦੇ ਹਨ ਕਿ ਆਪਣੇ ਬੱਚਿਆਂ ਲਈ ਉਹ ਦੋਵੇਂ ਹਮੇਸ਼ਾ, ਹਰ ਹਾਲਤ 'ਚ ਮੌਜੂਦ ਰਹਿਣਗੇ ਪਰ ਆਮ ਲੋਕ ਅਜਿਹਾ ਨਹੀਂ ਕਰ ਪਾਉਂਦੇ।

ਕੁੜੱਤਣ ਇੰਨੀ ਵੱਧ ਹੁੰਦੀ ਹੈ ਕਿ ਉਹ ਇਕ-ਦੂਜੇ ਦੀ ਸ਼ਕਲ ਵੀ ਨਹੀਂ ਦੇਖਣੀ ਚਾਹੁੰਦੇ। ਉਂਜ ਕਾਫ਼ੀ ਜੋੜੇ ਵੱਖ ਹੋਣ ਮਗਰੋਂ ਫਿਰ ਇਕੱਠੇ ਰਹਿਣ ਲੱਗਦੇ ਹਨ। ਇਸ ਪਿੱਛੇ ਇਹ ਸੱਚ ਵੀ ਹੈ ਕਿ ਜੀਵਨ ਦੇ ਚੌਥੇ ਪਹਿਰ 'ਚ ਤੁਹਾਨੂੰ ਸਾਥੀ ਤੇ ਸਹਾਰੇ ਦੀ ਲੋੜ ਵਧੇਰੇ ਹੁੰਦੀ ਹੈ ਕਿਉਂਕਿ ਬੱਚੇ ਆਪੋ-ਆਪਣੇ ਰਾਹ 'ਤੇ ਚਲੇ ਗਏ ਹੁੰਦੇ ਹਨ। ਸ਼ਾਇਦ ਇਸੇ ਲਈ ਕੁਝ ਲੋਕ ਵਾਪਸ ਆ ਕੇ ਜੀਵਨ ਫਿਰ ਤੋਂ ਸ਼ੁਰੂ ਕਰਦੇ ਹਨ।

# ਗੁਆਂਢੀ ਦੇਸ਼ਾਂ ਨਾਲ ਬਣਾ ਕੇ ਰੱਖਣ ਦਾ ਭਾਰਤ ਦਾ ਸਬਕ




ਨਿਰੂਪਮਾ ਸੁਬਰਾਮਣੀਅਨ

ਇਸ ਸਾਲ ਜਨਵਰੀ ਤੋਂ ਮਾਰਚ ਮਹੀਨੇ ਤੱਕ ਭਾਰਤ ਅਤੇ ਮਾਲਦੀਵ ਦੇ ਰਿਸ਼ਤਿਆਂ ਵਿੱਚ ਕਾਫ਼ੀ ਨਿਘਾਰ ਆ ਗਿਆ ਸੀ ਪਰ ਉਸ ਤੋਂ ਬਾਅਦ ਦੋਵੇਂ ਦੇਸ਼ ਆਪਣੇ ਰਿਸ਼ਤੇ ਸੁਧਾਰਨ ਲਈ ਚੁੱਪਚਾਪ ਕੰਮ ਕਰਦੇ ਨਜ਼ਰ ਆ ਰਹੇ ਹਨ। ਮਾਲਦੀਵ ਦੇ ਰਾਸ਼ਟਰਪਤੀ ਮੁਹੰਮਦ ਮੁਇਜ਼ੂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸਹੁੰ ਚੁੱਕ ਸਮਾਗਮ ਵਿੱਚ ਸ਼ਿਰਕਤ ਕਰਨ ਪਹੁੰਚੇ ਸਨ ਜਿਸ ਤੋਂ ਦੋ ਮਹੀਨਿਆਂ ਬਾਅਦ ਇਸ ਮਹੀਨੇ ਦੇ ਸ਼ੁਰੂ ਵਿੱਚ ਵਿਦੇਸ਼ ਮਾਮਲਿਆਂ ਬਾਰੇ ਮੰਤਰੀ ਐੱਸ। ਜੈਸ਼ੰਕਰ ਨੇ ਮਾਲੇ ਦਾ ਦੌਰਾ ਕੀਤਾ ਸੀ। ਇਹ ਗੱਲ ਸਾਫ਼ ਨਜ਼ਰ ਆ ਰਹੀ ਹੈ ਕਿ ਦੋਵੇਂ ਦੇਸ਼ਾਂ ਨੂੰ ਸਮਝ ਪੈ ਗਈ ਹੈ ਕਿ ਉਨ੍ਹਾਂ ਨੂੰ ਇੱਕ ਦੂਜੇ ਦੀ ਲੋੜ ਹੈ। ਭਾਰਤ ਨੂੰ ਮਾਲਦੀਵ ਤੋਂ ਆਪਣੇ ਫ਼ੌਜੀ ਵਾਪਸ ਬੁਲਾਉਣੇ ਪਏ ਸਨ ਪਰ ਉਸ ਟਾਪੂ ਮੁਲਕ ਦਾ ਸੈਰ-ਸਪਾਟੇ ਅਤੇ ਦਰਾਮਦਾਂ 'ਤੇ ਨਿਰਭਰ ਅਰਥਚਾਰਾ ਮਾਲੀ ਅਤੇ ਚਲੰਤ ਖਾਤਾ ਖਸਾਰੇ ਕਰ ਕੇ ਸੰਕਟ ਵਿੱਚ ਘਿਰਿਆ ਹੋਇਆ ਹੈ ਅਤੇ ਉਸ ਦਾ ਕਰਜ਼ੇ ਦਾ ਬੋਝ ਪਹਾੜ ਵਰਗਾ ਹੁੰਦਾ ਜਾ ਰਿਹਾ ਹੈ।

ਪਿਛਲੇ ਮਹੀਨੇ ਰਾਸ਼ਟਰਪਤੀ ਨੇ ਸਰਕਾਰੀ ਖਰਚ ਵਿੱਚ ਕਟੌਤੀ ਦਾ ਐਲਾਨ ਕੀਤਾ ਸੀ। ਸਰਕਾਰੀ ਖਰਚ ਵਿੱਚ ਜ਼ਬਰਦਸਤ ਕਟੌਤੀ ਕੀਤੀ ਗਈ ਹੈ ਜਿਸ ਨਾਲ ਬੁਨਿਆਦੀ ਢਾਂਚੇ ਦੇ ਪ੍ਰਾਜੈਕਟ ਅਧੂਰੇ ਲਟਕ ਗਏ ਹਨ। ਮੁਫ਼ਤ ਸਿਹਤ ਸੰਭਾਲ ਪ੍ਰਣਾਲੀ ਦੀ ਕਾਇਆ ਕਲਪ ਕੀਤੀ ਜਾਣੀ ਹੈ ਅਤੇ ਘਾਟੇ ਦਾ ਸਾਹਮਣਾ ਕਰ ਰਹੇ ਸਰਕਾਰੀ ਮਾਲਕੀ ਵਾਲੇ ਅਦਾਰਿਆਂ ਨੂੰ 'ਸੁਧਾਰਾਂ' ਦਾ ਸਾਹਮਣਾ ਕਰਨਾ ਪਵੇਗਾ। ਜੇ ਮਾਲਦੀਵ ਨੂੰ ਭਾਰਤ ਤੋਂ ਆਰਥਿਕ ਮਦਦ ਦੀ ਲੋੜ ਹੈ ਤਾਂ ਦਿੱਲੀ ਨੂੰ ਵੀ ਮਾਲਦੀਵ ਦੀ ਰਣਨੀਤਕ ਅਹਿਮੀਅਤ ਦਾ ਚੰਗੀ ਤਰ੍ਹਾਂ ਪਤਾ ਹੈ। ਮਾਲੇ ਦੀ ਬੇਨਤੀ 'ਤੇ ਦਿੱਲੀ ਨੇ 5 ਕਰੋੜ ਡਾਲਰ ਦਾ ਮਾਲਦੀਵ ਖ਼ਜ਼ਾਨਾ ਬਿੱਲ ਅਗਾਂਹ ਪਾ ਦਿੱਤਾ ਹੈ ਅਤੇ ਇਸ ਦੀ ਮਿਆਦ ਵਿੱਚ ਇੱਕ ਸਾਲ ਦਾ ਵਾਧਾ ਕਰ ਦਿੱਤਾ ਹੈ। ਸ਼ੁਕਰਾਨਾ ਸੰਦੇਸ਼ ਇੱਕ ਮਹੀਨੇ ਬਾਅਦ ਆਇਆ ਹੈ। ਮਾਲਦੀਵ ਦੇ ਆਰਥਿਕ ਵਿਕਾਸ ਅਤੇ ਵਪਾਰ ਮੰਤਰੀ ਮੁਹੰਮਦ ਸਈਦ ਨੇ ਚੀਨ ਦੇ ਦੌਰੇ ਮੌਕੇ ਇੱਕ ਟੀਵੀ ਚੈਨਲ ਨਾਲ ਮੁਲਾਕਾਤ ਵਿੱਚ ਆਪਣੇ ਦੇਸ਼ ਦੇ ਅਰਥਚਾਰੇ ਲਈ ਭਾਰਤ ਦੀ ਅਹਿਮੀਅਤ ਨੂੰ ਦਰਸਾਇਆ ਹੈ। ਜਨਵਰੀ ਵਿੱਚ ਮੁਇਜ਼ੂ ਨੇ ਪੇਈਚਿੰਗ ਵਿੱਚ ਐਲਾਨ ਕੀਤਾ ਸੀ ਕਿ ''ਭਾਰਤ ਸਾਡੀ ਪ੍ਰਭੂਸੱਤਾ ਲਈ ਖ਼ਤਰਾ ਹੈ'' ਜਿਸ ਤੋਂ ਉਨ੍ਹਾਂ ਹੁਣ ਯਕਦਮ 180 ਡਿਗਰੀ ਦਾ ਮੋੜਾ ਕੱਟਿਆ ਹੈ।

ਬਹਰਹਾਲ, ਦਿੱਲੀ ਦਾ ਮਾਲਦੀਵ ਤੋਂ ਜ਼ਿਆਦਾ ਅਹਿਮ ਸਵਾਲ ਖੁੱਲ੍ਹੇ ਵਪਾਰ ਸਮਝੌਤੇ ਬਾਰੇ ਹੈ। ਸਈਦ ਨੇ ਮਾਲੇ ਵਿੱਚ ਇੱਕ ਪ੍ਰੈੱਸ ਕਾਨਫਰੰਸ ਵਿੱਚ ਕਿਹਾ ਸੀ ਕਿ ਭਾਰਤ ਇਹ ਕਹਿ ਰਿਹਾ ਹੈ ਕਿ ਖੁੱਲ੍ਹਾ ਵਪਾਰ ਸਮਝੌਤਾ ਹੋਣਾ ਚਾਹੀਦਾ ਹੈ ਅਤੇ ਇਸ ਸਬੰਧ ਵਿੱਚ ਵਿਚਾਰ ਵਟਾਂਦਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਮਾਲਦੀਵ ਸਾਰੇ ਦੇਸ਼ਾਂ ਨਾਲ ਖੁੱਲ੍ਹੇ ਵਪਾਰ ਸਮਝੌਤੇ ਸਹੀਬੰਦ ਕਰਨ ਲਈ ਤਿਆਰ ਹੈ। ਚੀਨ ਨਾਲ ਉਸ ਦਾ ਪਹਿਲਾਂ ਹੀ ਖੁੱਲ੍ਹਾ ਵਪਾਰ ਸਮਝੌਤਾ ਚੱਲ ਰਿਹਾ ਹੈ ਜਿਸ 'ਤੇ 2018 ਵਿੱਚ ਅਬਦੁੱਲਾ ਯਾਮੀਨ ਸਰਕਾਰ ਨੇ ਸਹੀ ਪਾਈ ਸੀ। ਇਸ 'ਤੇ ਅਮਲ ਕਰਨ ਤੋਂ ਪਹਿਲਾਂ ਹੀ ਯਾਮੀਨ ਸਰਕਾਰ ਚੋਣਾਂ ਹਾਰਨ ਕਰ ਕੇ ਸੱਤਾ ਤੋਂ ਲਾਂਭੇ ਹੋ ਗਈ ਸੀ। ਉਨ੍ਹਾਂ ਤੋਂ ਬਾਅਦ ਆਈ ਅਬੂ ਸੋਲੀਹ ਸਰਕਾਰ ਨੇ ਇਹ ਸਮਝੌਤਾ ਤਿਆਗ ਦਿੱਤਾ ਸੀ। ਇਹ ਅਹਿਮ ਗੱਲ ਹੈ ਕਿ ਮੁਇਜ਼ੂ ਨੇ ਜੈਸ਼ੰਕਰ ਦੇ ਦੌਰੇ ਤੋਂ ਕੁਝ ਦਿਨ ਪਹਿਲਾਂ ਸਤੰਬਰ ਤੋਂ ਚੀਨ ਨਾਲ ਖੁੱਲ੍ਹੇ ਵਪਾਰ ਸਮਝੌਤੇ ਨੂੰ ਲਾਗੂ ਕਰਨ ਦਾ ਐਲਾਨ ਕੀਤਾ ਹੈ। ਜੈਸ਼ੰਕਰ ਦੇ ਦੌਰੇ ਦੌਰਾਨ ਇਨ੍ਹਾਂ ਸਾਰੀਆਂ ਗੱਲਾਂ 'ਤੇ ਚਰਚਾ ਹੋਈ ਹੋਵੇਗੀ।

ਇਸ ਦਾ ਮਤਲਬ ਇਹ ਹੈ ਕਿ ਮਾਲਦੀਵ-ਭਾਰਤ ਰਿਸ਼ਤਿਆਂ ਵਿੱਚ ਸੁਧਾਰ ਦੀ ਪ੍ਰਕਿਰਿਆ ਅਜੇ ਚੱਲ ਰਹੀ ਹੈ ਅਤੇ ਸਭ ਕੁਝ ਸੁਚਾਰੂ ਢੰਗ ਨਾਲ ਸਿਰੇ ਚੜ੍ਹਨਾ ਸੌਖਾ ਨਹੀਂ ਹੋਵੇਗਾ ਪਰ ਭਾਰਤ ਅਤੇ ਮਾਲਦੀਵ ਜਿਹੇ ਛੋਟੇ ਮੁਲਕ ਦੇ ਆਪਸੀ ਸਬੰਧਾਂ ਦੀਆਂ ਕਨਸੋਆਂ ਦੇਣ ਵਾਲੀ ਵਿਹਾਰਕਤਾ ਮੰਗ ਕਰਦੀ ਹੈ ਕਿ ਖਿੱਤੇ ਦੇ ਸਾਰੇ ਮੁਲਕਾਂ ਨਾਲ ਭਾਰਤ ਦੇ ਸਬੰਧ ਕਾਇਮ ਹੋਣ। ਇਸ ਦਾ ਇੱਕ ਕਾਰਨ ਇਹ ਹੈ ਕਿ ਜੇ ਵਿਦੇਸ਼ੀ ਸਰਕਾਰਾਂ ਨੂੰ 'ਦਿੱਲੀ ਦੇ ਦੋਸਤ' ਜਾਂ 'ਭਾਰਤ ਵਿਰੋਧੀ' ਵਰਗਾਂ 'ਚ ਵੰਡਿਆ ਜਾਂਦਾ ਹੈ ਤਾਂ ਇਸ ਤੋਂ ਕੇਵਲ ਭਾਰਤ ਦੀ ਆਪਣੀ 'ਮਜ਼ਬੂਤ ਵਿਦੇਸ਼ ਨੀਤੀ' ਦੀਆਂ ਆਪਣੀਆਂ ਖ਼ਾਮੀਆਂ ਹੀ ਨਜ਼ਰ ਅਉਂਦੀਆਂ ਹਨ। ਇਸ ਤੋਂ ਭਾਰਤ ਬਾਰੇ ਬਣੀ ਉਹ ਧਾਰਨਾ ਹੋਰ ਪੱਕੀ ਹੁੰਦੀ ਹੈ ਕਿ ਇਸ ਦੀ ਕੂਟਨੀਤੀ ਉਨ੍ਹਾਂ ਖ਼ਾਸ ਆਦਰਸ਼ ਹਾਲਤਾਂ 'ਚ ਹੀ ਸਫ਼ਲ ਹੋ ਸਕਦੀ ਹੈ ਜਦੋਂ ਦੂਜੀਆਂ ਹਕੂਮਤਾਂ ਵਫ਼ਾਦਾਰੀ ਦਾ ਦਮ ਭਰ ਰਹੀਆਂ ਹੋਣ। ਇਹ ਗੱਲ ਅਜੇ ਭੇਤ ਬਣੀ ਹੋਈ ਹੈ ਕਿ 2022 ਵਿੱਚ ਅਬੂ ਸੋਲੀਹ ਵਲੋਂ ਭਾਰਤ ਦੀ ਨੁਕਤਾਚੀਨੀ ਨੂੰ ਗ਼ੈਰਕਾਨੂੰਨੀ ਕਰਾਰ ਦੇਣ ਦੇ ਫ਼ੈਸਲੇ ਪਿੱਛੇ ਭਾਰਤ ਦਾ ਕਿੰਨਾ ਕੁ ਹੱਥ ਸੀ ਪਰ ਇੱਕ ਗੱਲ ਸਾਫ਼ ਹੈ ਕਿ ਸੋਲੀਹ ਸਰਕਾਰ ਦੇ ਇਸ ਗ਼ੈਰ-ਜਮਹੂਰੀ ਕਦਮ ਨੇ ਮਾਲਦੀਵ ਦੀ ਵਿਰੋਧੀ ਧਿਰ ਅਤੇ 'ਇੰਡੀਆ ਆਊਟ' ਮੁਹਿੰਮ ਚਲਾਉਣ ਵਾਲਿਆਂ ਨੂੰ ਹਥਿਆਰ ਦੇ ਦਿੱਤਾ ਸੀ। ਉਵੇਂ ਹੀ ਜਿਵੇਂ ਭਾਰਤ ਅਤੇ ਸ਼ੇਖ ਹਸੀਨਾ ਵਿਚਕਾਰ ਬਹੁ-ਪ੍ਰਚਾਰੀ ਦੋਸਤੀ ਨੇ ਦੁਵੱਲੇ ਰਿਸ਼ਤਿਆਂ ਨੂੰ ਵੱਡੇ ਜੋਖ਼ਮ ਵਿੱਚ ਪਾ ਦਿੱਤਾ, ਖ਼ਾਸਕਰ ਉਦੋਂ ਜਦੋਂ ਦਿੱਲੀ ਹਸੀਨਾ ਦੀ ਇੱਕ ਵੱਡੀ ਮੰਗ ਭਾਵ ਤੀਸਤਾ ਨਦੀ ਦੇ ਪਾਣੀਆਂ ਦੀ ਵੰਡ ਬਾਰੇ ਸਮਝੌਤਾ ਕਰਨ 'ਤੇ ਪੂਰਾ ਨਹੀਂ ਉਤਰ ਸਕੀ ਅਤੇ ਉਹ ਜਿਸ ਨਿਰੰਕੁਸ਼ਤਾ ਦੇ ਰਾਹ 'ਤੇ ਤੁਰ ਪਈ ਸੀ, ਉਸ ਦਾ ਦੋਸ਼ ਵੀ ਭਾਰਤ 'ਤੇ ਆ ਪਿਆ ਸੀ।

ਦੂਜਾ, ਲੋਕਤੰਤਰੀ ਪ੍ਰਣਾਲੀਆਂ ਵਿੱਚ ਸਰਕਾਰਾਂ ਦੀ ਤਬਦੀਲੀ ਤੈਅ ਹੁੰਦੀ ਹੈ ਜਿਸ ਕਰ ਕੇ ਵਿਰੋਧੀ ਧਿਰ ਦੀਆਂ ਪਾਰਟੀਆਂ ਨਾਲ ਰਾਬਤਾ ਬਹੁਤ ਅਹਿਮ ਹੁੰਦਾ ਹੈ। ਭਾਰਤ ਬਾਰੇ ਸੁਣਨ ਵਿੱਚ ਆਇਆ ਸੀ ਕਿ ਇਸ ਨੇ ਸ੍ਰੀਲੰਕਾ ਵਿੱਚ ਜਨਤਾ ਵਿਮੁਕਤੀ ਪੇਰਾਮੁਨਾ (ਜੇਵੀਪੀ) ਨਾਲ ਰਾਬਤਾ ਬਣਾਇਆ ਹੈ ਜਿਸ ਦਾ ਇਤਿਹਾਸ ਭਾਰਤ ਵਿਰੋਧੀ ਰਿਹਾ ਗਿਣਿਆ ਜਾਂਦਾ ਹੈ ਅਤੇ ਜਿਸ ਦੇ ਨੇਤਾ ਅਨੂਰਾ ਕੁਮਾਰਾ ਦੀਸਾਨਾਇਕੇ ਆਉਣ ਵਾਲੀ ਰਾਸ਼ਟਰਪਤੀ ਦੀ ਚੋਣ ਵਿੱਚ ਇੱਕ ਮਜ਼ਬੂਤ ਦਾਅਵੇਦਾਰ ਸਮਝੇ ਜਾਂਦੇ ਹਨ। ਉਨ੍ਹਾਂ ਦੀ ਪਾਰਟੀ ਸਿੰਹਾਲਾ ਰਾਸ਼ਟਰਵਾਦ ਅਤੇ ਖੱਬੀ ਸਿਆਸਤ ਨੂੰ ਜੋੜ ਕੇ ਚੱਲਦੀ ਹੈ ਅਤੇ ਹਾਲ ਹੀ ਵਿੱਚ ਉਨ੍ਹਾਂ ਨੂੰ ਭਾਰਤ ਬੁਲਾਇਆ ਗਿਆ ਸੀ ਅਤੇ ਭਾਰਤ ਦੇ ਦੁੱਧ ਆਤਮ-ਨਿਰਭਰਤਾ ਦੇ ਧੁਰੇ ਆਨੰਦ (ਗੁਜਰਾਤ) ਅਤੇ ਭਾਰਤੀ ਸੰਘਵਾਦ ਦੀ ਖੁੱਲ੍ਹੀ ਕਾਰਜਸ਼ਾਲਾ ਦੇ ਪ੍ਰਤੀਕ ਕੇਰਲਾ ਦਾ ਦੌਰਾ ਕਰਵਾਇਆ ਗਿਆ ਸੀ।

ਇਸ ਨੂੰ ਸਮੇਂ ਦੇ ਨਾਲ ਰੁਟੀਨ 'ਚ ਕਰਨਾ ਹੀ ਮਹੱਤਵਪੂਰਨ ਹੈ ਨਾ ਕਿ ਕਿਸੇ ਅਹਿਮ ਚੋਣ ਤੋਂ ਛੇ ਮਹੀਨੇ ਪਹਿਲਾਂ ਅਜਿਹਾ ਕੀਤਾ ਜਾਵੇ ਜਿਸ ਨਾਲ ਕਿਸੇ ਹੋਰ ਹੀ ਕਿਸਮ ਦਾ ਸੁਨੇਹਾ ਮਿਲਦਾ ਹੈ। ਬੰਗਲਾਦੇਸ਼ ਵਿੱਚ, ਭਾਰਤ ਨੇ 2012 ਤੋਂ ਬੀਐੱਨਪੀ ਨੂੰ ਤਿਆਗਿਆ ਹੋਇਆ ਹੈ।

ਤੀਜੀ ਗੱਲ, ਧਾਰਮਿਕ ਲੀਹਾਂ 'ਤੇ ਵੰਡੇ ਗਏ ਖੇਤਰ ਵਿੱਚ ਆਪਣੇ ਘਰ 'ਚ ਦਿੱਤੇ ਗਏ ਫ਼ਿਰਕੂ ਰੰਗ ਦੇ ਬਿਆਨ ਜਾਂ ਫ਼ਿਰਕੂ ਨਫ਼ਰਤ ਦੀਆਂ ਹਿੰਸਕ ਘਟਨਾਵਾਂ ਬਹੁਤ ਜਲਦੀ ਸਰਹੱਦ ਪਾਰ ਕਰ ਜਾਂਦੀਆਂ ਹਨ। ਜੂਨ 2022 'ਚ ਸੋਲੀਹ ਸਰਕਾਰ ਦੀ 'ਇੰਡੀਆ ਫਸਟ' ਨੀਤੀ ਦੇ ਬਾਵਜੂਦ ਇਸ ਨੂੰ ਵਿਰੋਧੀ ਧਿਰ ਨੇ ਮਜਬੂਰ ਕਰ ਦਿੱਤਾ ਸੀ ਕਿ ਇਹ ਭਾਜਪਾ ਤਰਜਮਾਨ ਵੱਲੋਂ ਪੈਗੰਬਰ ਮੁਹੰਮਦ ਖ਼ਿਲਾਫ਼ ਕੀਤੀਆਂ ਟਿੱਪਣੀਆਂ ਉੱਤੇ 'ਗਹਿਰੀ ਚਿੰਤਾ' ਜ਼ਾਹਿਰ ਕਰੇ।

ਦੂਜੇ ਪਾਸੇ, ਸ਼ੇਖ ਹਸੀਨਾ ਦੀ ਸਰਕਾਰ ਨੇ ਮਾਮਲੇ ਨੂੰ 'ਇੱਕ ਅੰਦਰੂਨੀ ਮੁੱਦਾ' ਕਰਾਰ ਦਿੱਤਾ, ਜਿਸ ਨੇ ਇਸ ਧਾਰਨਾ ਨੂੰ ਪਕੇਰਾ ਕੀਤਾ ਕਿ ਉਸ ਨੂੰ ਦਿੱਲੀ ਤੋਂ ਆਦੇਸ਼ ਮਿਲ ਰਹੇ ਹਨ। ਦਿੱਲੀ ਵੱਲੋਂ ਬੰਗਲਾਦੇਸ਼ ਨੂੰ ਇਸ ਦੀਆਂ ਘੱਟਗਿਣਤੀਆਂ ਦੀ ਰਾਖੀ ਲਈ ਕਹਿਣਾ ਦਰੁਸਤ ਹੈ ਪਰ ਖ਼ੁਦ ਦਿੱਲੀ ਦਾ ਇਸ ਮਾਮਲੇ 'ਚ ਮਿਸਾਲ ਬਣਨ ਵਿੱਚ ਨਾਕਾਮ ਹੋਣਾ ਅਜੀਬ ਜਾਪਦਾ ਹੈ।

ਬੰਗਲਾਦੇਸ਼ ਦੀ ਅੰਤ੍ਰਿਮ ਸਰਕਾਰ ਦੇ ਮੁਖੀ ਮੁਹੰਮਦ ਯੂਨਸ ਨੇ ਹਿੰਦੂ ਮੰਦਰ ਦਾ ਦੌਰਾ ਕੀਤਾ ਹੈ ਤੇ ਮੁਲਕ ਦੇ ਹਿੰਦੂਆਂ ਨੂੰ ਮੁੜ ਭਰੋਸਾ ਦਿਵਾਇਆ ਹੈ ਕਿ ਉਨ੍ਹਾਂ ਦੀ ਰਾਖੀ ਕੀਤੀ ਜਾਵੇਗੀ। ਭਾਰਤ ਵਿੱਚ ਪ੍ਰਧਾਨ ਮੰਤਰੀ ਖ਼ੁਦ ਕਈ ਵਾਰ ਖ਼ਤਰਨਾਕ ਸੰਕੇਤਕ ਭਾਸ਼ਾ ਵਰਤਦੇ ਹਨ ਜੋ ਕਿਸੇ ਵਿਸ਼ੇਸ਼ ਸਮੂਹ ਵੱਲ ਸੇਧਿਤ ਹੁੰਦੀ ਹੈ।

ਆਖਰ 'ਚ, ਭਾਰਤ ਲਈ, ਜੋ ਖ਼ੁਦ ਨੂੰ ਆਂਢ-ਗੁਆਂਢ 'ਚ ਸੰਕਟ ਸਮੇਂ ਸਭ ਤੋਂ ਪਹਿਲਾਂ ਮਦਦ ਲਈ ਹੱਥ ਅੱਗੇ ਕਰਨ ਵਾਲੀ ਧਿਰ ਵਜੋਂ ਪੇਸ਼ ਕਰਦਾ ਹੈ- ਵਿੱਤੀ ਸੰਕਟ ਤੋਂ ਲੈ ਕੇ ਜਲਵਾਯੂ ਤਬਦੀਲੀ ਤੱਕ, ਸਮੁੰਦਰੀ ਲੁੱਟਾਂ-ਖੋਹਾਂ, ਸਾਗਰ 'ਚ ਹੋਣ ਵਾਲੇ ਹਾਦਸੇ, ਪਾਣੀ ਦੀ ਘਾਟ, ਸੁਨਾਮੀਆਂ, ਭੂਚਾਲ ਆਦਿ ਵਿੱਚ, ਸਭ ਤੋਂ ਵੱਧ ਮਹੱਤਵਪੂਰਨ ਹੈ ਕਿ ਧਿਆਨ ਦਾ ਕੇਂਦਰ ਲੋਕ ਹੋਣ। ਨੇਪਾਲ, ਸ੍ਰੀਲੰਕਾ, ਬੰਗਲਾਦੇਸ਼, ਮਾਲਦੀਵ, ਸਿਵਲ ਸੁਸਾਇਟੀ ਤੇ ਮੀਡੀਆ ਅਜਿਹੇ ਮਜ਼ਬੂਤ ਪੱਖ ਹਨ ਜੋ ਲੋਕ ਰਾਇ ਨੂੰ ਵੱਡੇ ਪੱਧਰ 'ਤੇ ਪ੍ਰਭਾਵਿਤ ਕਰਨ ਦੀ ਸਮਰੱਥਾ ਰੱਖਦੇ ਹਨ। ਭਾਰਤ ਬਾਰੇ ਲੋਕਾਂ ਦੀਆਂ ਧਾਰਨਾਵਾਂ ਤੇ ਦ੍ਰਿਸ਼ਟੀਕੋਣ ਅਤੇ ਇਸ ਦੀ ਭੂਮਿਕਾ ਲਗਭਗ ਇਨ੍ਹਾਂ ਸਾਰੇ ਮੁਲਕਾਂ 'ਚ ਸਿੱਧੇ ਜਾਂ ਅਸਿੱਧੇ ਤੌਰ 'ਤੇ ਸੱਤਾ ਵਿਰੋਧੀ ਲਹਿਰ ਖੜ੍ਹੀ ਹੋਣ ਲਈ ਜ਼ਿੰਮੇਵਾਰ ਹੁੰਦੇ ਹਨ।

ਨੇਪਾਲ, ਬੰਗਲਾਦੇਸ਼ ਤੇ ਸ੍ਰੀਲੰਕਾ ਦੇ ਸਮਾਜਿਕ ਕਾਰਕੁਨਾਂ ਅਤੇ ਮੀਡੀਆ ਹਸਤੀਆਂ ਵੱਲੋਂ ਹਾਲ ਹੀ 'ਚ ਜਾਰੀ ਇੱਕ ਬਿਆਨ 'ਚ ਭਾਰਤ ਨੂੰ ਕਿਹਾ ਗਿਆ ਹੈ ਕਿ ਉਹ ''ਦੱਖਣੀ ਏਸ਼ੀਆ ਦੇ ਲੋਕਾਂ ਦੀਆਂ ਜਮਹੂਰੀ ਖ਼ਾਹਿਸ਼ਾਂ ਦੀ ਪੂਰਤੀ 'ਚ ਮਦਦਗਾਰ ਬਣੇ ਤੇ ਉਨ੍ਹਾਂ ਨੂੰ ਭਵਿੱਖ ਵੱਲ ਆਪਣੇ ਰਸਤੇ ਆਪ ਹੀ ਬਣਾਉਣ ਦਿੱਤੇ ਜਾਣ।'' ਪਰ ਖੇਤਰ ਲਈ ਦਿੱਲੀ ਦੀ ਖ਼ਾਸ ਵਿਦੇਸ਼ ਨੀਤੀ ਵਿੱਚ ਗ਼ੈਰ-ਸਰਕਾਰੀ ਜਮਾਤ ਨਾਲ ਤਾਲਮੇਲ ਦੀ ਥਾਂ ਬਹੁਤ ਘੱਟ ਹੈ ਤੇ ਦੇਸ਼ 'ਚ ਵੀ ਮੋਦੀ ਸਰਕਾਰ ਦੇ ਰਵੱਈਏ 'ਚੋਂ ਇਸ ਦੀ ਝਲਕ ਦਿਸਦੀ ਹੈ। ਆਖ਼ਰੀ ਵਾਰ ਕਦੋਂ ਭਾਰਤ ਦੇ ਕਿਸੇ ਵਿਦੇਸ਼ ਮੰਤਰੀ ਨੇ ਇਨ੍ਹਾਂ ਮੁਲਕਾਂ ਦੇ ਮੀਡੀਆ ਨੂੰ ਇੰਟਰਵਿਊ ਦਿੱਤੀ ਸੀ? ਇਸ ਦੀ ਥਾਂ, ਇਨ੍ਹਾਂ ਮੁਲਕਾਂ 'ਚ ਲੋਕਾਂ ਦੀ ਕਾਰਵਾਈ ਨੂੰ ਠਿੱਬੀ ਲਾਉਣ ਦਾ ਰੁਝਾਨ ਰਿਹਾ ਹੈ ਤੇ ਜਨ ਅੰਦੋਲਨਾਂ 'ਚ ਵਿਦੇਸ਼ੀ ਤਾਕਤਾਂ ਜਾਂ ਸਿਆਸੀ ਧਿਰਾਂ ਦਾ ਹੱਥ ਦੱਸ ਕੇ ਇਨ੍ਹਾਂ ਨੂੰ ਖਾਰਜ ਕੀਤਾ ਗਿਆ ਹੈ, ਜਿਸ ਦੇ ਮਗਰੋਂ ਮਾੜੇ ਨਤੀਜੇ ਨਿਕਲੇ ਹਨ।

ਭਾਰਤ ਨੂੰ ਬਿਨਾਂ ਸ਼ਰਤ ਪਿਆਰ ਕਰਨ ਵਾਲੇ ਖਿੱਤੇ ਦੇ ਇਕੋ-ਇੱਕ ਮੁਲਕ ਅਫ਼ਗਾਨਿਸਤਾਨ ਵਿੱਚ ਦਿੱਲੀ ਨੇ ਤਾਲਿਬਾਨ ਨਾਲ ਆਪਣੀ ਗੱਲਬਾਤ ਖਾਤਰ ਅਤੇ ਪਾਕਿਸਤਾਨ ਦੀ ਭੂਮਿਕਾ ਨੂੰ ਦੇਖਦਿਆਂ ਜਾਣਬੁੱਝ ਕੇ ਲੋਕਾਂ ਵਿਚਾਲੇ ਮਜ਼ਬੂਤ ਮੇਲ-ਜੋਲ ਬਣਾਉਣ ਤੋਂ ਪੈਰ ਪਿਛਾਂਹ ਖਿੱਚੇ ਹਨ। ਪਰ ਉੱਥੇ ਵੀ, ਦਿੱਲੀ ਇਹ ਯਕੀਨ ਕਰ ਕੇ ਗ਼ਲਤੀ ਹੀ ਕਰੇਗੀ ਕਿ ਲੋਕ ਕਦੇ ਵੀ ਆਪਣੀ ਪਹਿਲਾਂ ਵਾਲੀ ਹੈਸੀਅਤ ਵਾਪਸ ਨਹੀਂ ਲੈ ਸਕਣਗੇ।

# ਸੰਵਿਧਾਨਕ ਨੈਤਿਕਤਾ ਦਾ ਸਤਿਕਾਰ ਕਿਉਂ ਜ਼ਰੂਰੀ?

ਜਸਟਿਸ ਮਦਨ ਬੀ ਲੋਕੁਰ

ਕੀ ਭਾਰਤ ਦੇ ਸੰਵਿਧਾਨਕ ਅਦਾਰੇ ਸੰਵਿਧਾਨਕ ਨੈਤਿਕਤਾ ਵਿੱਚ ਵਿਸ਼ਵਾਸ ਰੱਖਦੇ ਹਨ? ਸ਼ਾਇਦ ਕੁਝ ਅਦਾਰੇ ਨਹੀਂ ਰੱਖਦੇ। ਵਾਰ ਵਾਰ ਸਾਨੂੰ ਇੱਕ ਸੰਵਿਧਾਨਕ ਅਦਾਰੇ ਦੇ ਇਸ਼ਾਰੇ 'ਤੇ ਕੁਝ ਅਣਕਿਆਸੇ ਅਤੇ ਅਜਬ ਵਰਤਾਰੇ ਦੇਖਣ ਨੂੰ ਮਿਲਦੇ ਹਨ। ਦਿੱਕਤ ਇਹ ਹੈ ਕਿ ਇਹੋ ਜਿਹੇ ਵਰਤਾਰੇ ਕਿਸੇ ਇੱਕ ਜਾਂ ਦੋ ਸੰਵਿਧਾਨਕ ਅਦਾਰਿਆਂ ਤੱਕ ਮਹਿਦੂਦ ਨਹੀਂ ਹਨ ਸਗੋਂ ਘੱਟ ਜਾਂ ਵੱਧ ਲਗਪਗ ਸਭ ਅਦਾਰਿਆਂ ਵਿੱਚ ਇਹੋ ਹਾਲ ਹੈ। ਸਵਾਲ ਇਹ ਹੈ ਕਿ ਇਨ੍ਹਾਂ ਨੂੰ ਕੌਣ ਸਲਾਹ ਦੇਵੇਗਾ? ਉਹ ਸੰਵਿਧਾਨ ਦੀ ਰੂਹ ਨੂੰ ਨੁਕਸਾਨ ਪਹੁੰਚਾਉਂਦੇ ਹਨ ਅਤੇ ਇੱਕ ਲੇਖੇ ਸਾਡੇ ਸੰਵਿਧਾਨ ਘਾੜਿਆਂ ਅਤੇ ਸਾਡੇ ਭਵਿੱਖੀ ਆਗੂਆਂ ਦੇ ਕਿਰਦਾਰ ਅਤੇ ਦਿਆਨਤਦਾਰੀ ਵਿੱਚ ਉਨ੍ਹਾਂ ਦੇ ਭਰੋਸੇ ਦੀ ਖਿੱਲੀ ਉਡਾਉਂਦੇ ਹਨ।

ਇਹ ਗੱਲ ਸਹੀ ਹੈ ਕਿ ਅਤੀਤ ਵਿੱਚ ਵੀ ਸਾਡੇ ਆਗੂ ਸੰਵਿਧਾਨ ਦੀ ਦੁਰਵਰਤੋਂ ਕਰਦੇ ਰਹੇ ਹਨ ਪਰ ਇਸ ਦੀ ਜਿਵੇਂ ਅੱਜ ਕੁਵਰਤੋਂ ਹੋ ਰਹੀ ਹੈ, ਉਸ ਨੂੰ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਕੋਸ਼ਿਸ਼ ਇਹ ਹੋਣੀ ਚਾਹੀਦੀ ਹੈ ਕਿ ਕੋਈ ਬਵੰਡਰ ਪੈਦਾ ਕਰਨ ਦੀ ਬਜਾਇ ਇਸ ਨਿਘਾਰ ਦੇ ਸਿਲਸਿਲੇ ਨੂੰ ਠੱਲ੍ਹ ਪਾਈ ਜਾਵੇ। ਸੰਵਿਧਾਨਕ ਨੈਤਿਕਤਾ ਲਈ ਇੰਤਜ਼ਾਮੀਆ ਨੂੰ ਇਸ ਤੋਂ ਬਚਣ ਦੀ ਥਾਂ ਸਹੀ ਕੰਮ ਕਰਨ ਦੀ ਲੋੜ ਹੈ; ਇਸ ਲਈ ਇੰਤਜ਼ਾਮੀਆ ਨੂੰ ਕਾਨੂੰਨ ਦੇ ਰਾਜ ਨੂੰ ਤੋੜਨ ਮਰੋੜਨ ਦੀ ਬਜਾਇ ਇਸ ਦੀ ਪਾਲਣਾ ਕਰਨੀ ਪਵੇਗੀ; ਇਸ ਲਈ ਨਿਮਨਤਮ ਗੁਣਾਂਕ ਦੀ ਥਾਂ ਉੱਚ ਇਖਲਾਕੀ ਮਿਆਰਾਂ ਨੂੰ ਬਰਕਰਾਰ ਰੱਖਣਾ ਪਵੇਗਾ। ਆਓ, ਕੁਝ ਮਿਸਾਲਾਂ 'ਤੇ ਝਾਤ ਮਾਰੀਏ।

ਮਹਾਰਾਸ਼ਟਰ ਵਿੱਚ ਰਾਜ ਸਰਕਾਰ ਨੇ ਰਾਜਪਾਲ ਨੂੰ ਵਿਧਾਨ ਪਰਿਸ਼ਦ ਵਿੱਚ ਮੈਂਬਰ ਮਨੋਨੀਤ ਕਰਨ ਦੀ ਸਲਾਹ ਦਿੱਤੀ ਸੀ। ਸਰਕਾਰ ਨੇ ਅੱਠ ਮਹੀਨਿਆਂ ਤਕ ਇਸ 'ਤੇ ਕੋਈ ਵੀ ਕਾਰਵਾਈ ਨਾ ਕੀਤੀ ਭਾਵ ਨਾ ਇਸ ਨੂੰ ਰੱਦ ਕੀਤਾ ਅਤੇ ਨਾ ਹੀ ਪ੍ਰਵਾਨ ਕੀਤਾ। ਉਹ ਬਸ ਇਸ ਨੂੰ ਦੱਬ ਕੇ ਬੈਠ ਗਏ। ਇਸ 'ਤੇ ਬੰਬਈ ਹਾਈ ਕੋਰਟ



ਵਿੱਚ ਇੱਕ ਜਨਹਿਤ ਪਟੀਸ਼ਨ ਦਾਇਰ ਹੋ ਗਈ। ਹਾਈ ਕੋਰਟ ਨੇ ਕੇਸ ਦਾ ਫ਼ੈਸਲਾ ਕਰਦਿਆਂ ਇੱਕ ਜਨਤਕ ਐਲਾਨ ਕੀਤਾ ਕਿ ਸੰਵਿਧਾਨ ਇਹ ਲਾਜ਼ਮੀ ਕਰਦਾ ਹੈ ਕਿ ਰਾਜਪਾਲ ਇਸ ਸਲਾਹ ਨੂੰ ਵਾਜਿਬ ਸਮੇਂ ਅੰਦਰ ਪ੍ਰਵਾਨ ਕਰੇ ਜਾਂ ਸਰਕਾਰ ਨੂੰ ਵਾਪਸ ਭਿਜਵਾਏ ਅਤੇ ਅੱਠ ਮਹੀਨਿਆਂ ਦਾ ਸਮਾਂ ਬਿਲਕੁਲ ਵੀ ਵਾਜਿਬ ਨਹੀਂ ਹੈ। ਇਹ ਵੀ ਤੈਅ ਕੀਤਾ ਗਿਆ ਕਿ ਸੰਵਿਧਾਨ ਵੱਲੋਂ ਤੈਅ ਕੀਤੇ ਉਦੇਸ਼ਾਂ ਦੀ ਪੂਰਤੀ ਲਈ ਇਹ ਮੁਨਾਸਿਬ ਹੋਵੇਗਾ ਕਿ ਇਹ ਫ਼ਰਜ਼ ਬਿਨਾਂ ਬੇਲੋੜੀ ਦੇਰੀ ਕੀਤਿਆਂ ਪੂਰਾ ਕੀਤਾ ਜਾਵੇ।

ਅੰਦਾਜ਼ਾ ਲਾਓ ਕਿ ਕੀ ਹੋਇਆ ਹੋਵੇਗਾ? ਰਾਜਪਾਲ ਨੇ ਫਿਰ ਵੀ ਕੋਈ ਕਾਰਵਾਈ ਨਾ ਕੀਤੀ। ਕੀ ਇਹ ਸਹੀ ਹੈ? ਬਾਅਦ ਵਿੱਚ ਰਾਜ ਸਰਕਾਰ ਡਿੱਗ ਪਈ ਅਤੇ ਨਵੀਂ ਸਰਕਾਰ ਨੇ ਨਵੀਂ ਸਿਫ਼ਾਰਸ਼ ਕੀਤੀ ਜਿਸ ਨੂੰ ਰਾਜਪਾਲ ਨੇ ਝੱਟ ਪ੍ਰਵਾਨ ਕਰ ਲਿਆ। ਸੰਵਿਧਾਨਿਕ ਨੈਤਿਕਤਾ ਨੂੰ ਅਗਲਿਆਂ ਖਿੜਕੀ 'ਚੋਂ ਵਗਾਹ ਕੇ ਬਾਹਰ ਮਾਰਿਆ। ਪਿਛਲੇ ਕੁਝ ਸਮਿਆਂ ਵਿੱਚ ਇਹੋ ਜਿਹੀਆਂ ਬਹੁਤ ਸਾਰੀਆਂ ਮਿਸਾਲਾਂ ਮਿਲਦੀਆਂ ਹਨ ਅਤੇ ਕੁਝ ਤਾਂ ਹਾਲੇ ਵੀ ਵਾਪਰ ਰਹੀਆਂ ਹਨ। ਸਾਡੇ ਕੁਝ ਰਾਜਪਾਲਾਂ ਨੇ ਸੂਬਾਈ ਵਿਧਾਨ ਸਭਾਵਾਂ ਵੱਲੋਂ ਪਾਸ ਕੀਤੇ ਬਿਲਾਂ ਨੂੰ ਦਿੱਤੀ ਜਾਣ ਵਾਲੀ ਸਹਿਮਤੀ ਵਿੱਚ ਦੇਰ ਕਰ ਦਿੱਤੀ; ਕੁਝ ਹੋਰਨਾਂ ਨੇ ਗ਼ੈਰਵਾਜਿਬ ਢੰਗ ਨਾਲ ਮਹੀਨਿਆਂ ਤੇ ਸਾਲਾਂਬੱਧੀਂ ਸਹਿਮਤੀ ਰੋਕ ਕੇ ਰੱਖੀ ਜਿਸ ਕਰ ਕੇ ਘੱਟੋ-ਘੱਟ ਦੋ ਸੂਬਾਈ ਸਰਕਾਰਾਂ ਨੂੰ ਅਜਿਹੇ ਮਾਮਲਿਆਂ ਵਿੱਚ ਰਾਜਪਾਲ ਦੀ ਸ਼ਕਤੀ ਦੀ ਵਿਆਖਿਆ ਕਰਨ ਲਈ ਸੁਪਰੀਮ ਕੋਰਟ ਤੱਕ ਪਹੁੰਚ ਕਰਨੀ ਪਈ।

ਵਿਧਾਨ ਸਭਾ ਦਾ ਸਪੀਕਰ ਵੀ ਇੱਕ ਸੰਵਿਧਾਨਕ ਅਥਾਰਿਟੀ ਹੁੰਦਾ ਹੈ ਅਤੇ ਮਨੀਪੁਰ ਵਿਧਾਨ ਸਭਾ ਦਾ ਸਪੀਕਰ ਵੱਲੋਂ ਸੰਵਿਧਾਨਕ ਨੈਤਿਕਤਾ ਨੂੰ ਕੋਈ ਮਹੱਤਤਾ ਨਹੀਂ ਦਿੱਤੀ ਜਾਂਦੀ। ਦਲਬਦਲੀ ਵਿਰੋਧੀ ਕਾਨੂੰਨ ਸੰਵਿਧਾਨ ਦੀ ਦਸਵੀਂ ਅਨੁਸੂਚੀ ਵਿੱਚ ਦਰਜ ਹੈ ਅਤੇ ਉਨ੍ਹਾਂ ਤਿੰਨ ਸਾਲਾਂ ਤੋਂ ਇਸ ਕਾਨੂੰਨ ਦੀ ਕਥਿਤ ਉਲੰਘਣਾ ਦੇ ਮਾਮਲਿਆਂ ਵੱਲ ਕੋਈ ਕਾਰਵਾਈ ਨਹੀਂ ਕੀਤੀ। ਜਿਨ੍ਹਾਂ ਬੰਦਿਆਂ ਖ਼ਿਲਾਫ਼ ਇਸ ਕਾਨੂੰਨ ਦੀ ਉਲੰਘਣਾ ਦੇ ਦੋਸ਼ ਹਨ ਉਨ੍ਹਾਂ 'ਚੋਂ ਇੱਕ ਕੈਬਨਿਟ ਮੰਤਰੀ ਹੈ। ਸਪੀਕਰ ਤੋਂ ਤਵੱਕੋ ਕੀਤੀ ਜਾਂਦੀ ਹੈ ਕਿ ਉਹ ਪਾਰਟੀ ਸਿਆਸਤ ਤੋਂ ਉਪਰ ਉਠ ਕੇ ਕੰਮ ਕਰੇਗਾ ਪਰ ਉਸ ਨੇ ਕੋਈ ਫ਼ੈਸਲਾ ਹੀ ਨਹੀਂ ਕੀਤਾ ਜਿਸ ਨਾਲ ਮੰਤਰੀ ਆਪਣੇ ਅਹੁਦੇ 'ਤੇ ਬਣਿਆ ਹੋਇਆ ਹੈ। ਕੀ ਕੋਈ ਸਪੀਕਰ ਅਣਮਿੱਥੇ ਸਮੇਂ ਲਈ ਕਿਸੇ ਫ਼ੈਸਲੇ ਨੂੰ ਟਾਲ ਸਕਦਾ ਹੈ? ਸੁਪਰੀਮ ਕੋਰਟ ਨੇ ਇਸ ਦਾ ਜਵਾਬ ਨਾਂਹ ਵਿਚ ਦਿੱਤਾ ਹੈ ਅਤੇ ਸਪੀਕਰ ਨੂੰ ਇੱਕ ਮਹੀਨੇ ਦੇ ਅੰਦਰ-ਅੰਦਰ ਕੋਈ ਫ਼ੈਸਲਾ ਕਰਨਾ ਜ਼ਰੂਰੀ ਹੈ ਜੋ ਕਿ ਅਦਾਲਤ ਦੀ ਨਜ਼ਰ ਵਿੱਚ ਵਾਜਿਬ ਸਮਾਂ ਬਣਦਾ ਹੈ। ਸਪੀਕਰ ਫਿਰ ਵੀ ਅਜਿਹਾ ਨਹੀਂ ਕਰਦਾ ਅਤੇ ਮੋਹਲਤ ਦੀ ਮੰਗ ਕਰਦਾ ਹੈ; ਫਿਰ ਉਹ ਅਦਾਲਤ ਨੂੰ ਕਿਸੇ ਖ਼ਾਸ ਤਰੀਕ ਨੂੰ ਫ਼ੈਸਲਾ ਕਰਨ ਦਾ ਭਰੋਸਾ ਦਿਵਾਉਂਦਾ ਹੈ। ਫ਼ੈਸਲਾ ਫਿਰ ਵੀ ਨਹੀਂ ਆਉਂਦਾ। ਕੀ ਸੁਪਰੀਮ ਕੋਰਟ ਨੂੰ ਭਰੋਸਾ ਦਿਵਾਉਣ ਤੋਂ ਬਾਅਦ ਵੀ ਅਜਿਹਾ ਕਰਨਾ ਸਹੀ ਹੈ? ਅਜਿਹੇ ਅਸਾਧਾਰਨ ਹਾਲਾਤ ਦੇ ਮੱਦੇਨਜ਼ਰ, ਅਦਾਲਤ ਨੂੰ ਸਬੰਧਿਤ ਮੰਤਰੀ ਦੇ ਵਿਧਾਨ ਸਭਾ ਵਿੱਚ ਦਾਖ਼ਲੇ 'ਤੇ ਰੋਕ ਲਾਉਣ ਦੇ ਆਦੇਸ਼ ਜਾਰੀ ਕਰਨੇ ਪਏ। ਇਹ ਤਦ ਹੋਇਆ ਜਦੋਂ ਪਾਣੀ ਸਿਰੋਂ ਲੰਘ ਗਿਆ। ਬਹਰਹਾਲ, ਇਸ ਤਰ੍ਹਾਂ ਦਾ ਦੁਸਾਹਸ ਕਰਨ ਵਾਲਾ ਇਹ ਕੋਈ ਇਕਲੌਤਾ ਸਪੀਕਰ ਨਹੀਂ ਹੈ।

ਕਿਸੇ ਰਾਜ ਦਾ ਮੁੱਖ ਮੰਤਰੀ ਵੀ ਸੰਵਿਧਾਨਿਕ ਸਦਾਚਾਰ ਦੇ ਉਲੰਘਣ ਦਾ ਦੋਸ਼ੀ ਹੈ। ਪੱਛਮੀ ਬੰਗਾਲ 'ਚ

**(ਬਾਕੀ ਅਗਲੇ ਸਫੇ 'ਤੇ)**

# ਟਰੂਡੋ ਦਾ ਪਰਵਾਸੀ ਕਾਮਿਆਂ ਦੀ ਗਿਣਤੀ ਘਟਾਉਣ ਲਈ ਇੱਕ ਹੋਰ ਕਦਮ

ਹੁਣ ਸੈਲਾਨੀ ਵੀਜ਼ੇ ਉੱਤੇ ਕੈਨੇਡਾ ਗਏ ਲੋਕ ਕੰਮ ਕਰਨ ਦੀ ਆਗਿਆ ਲੈਣ ਲਈ ਅਰਜ਼ੀ ਨਹੀਂ ਦੇ ਸਕਣਗੇ। ਕੈਨੇਡਾ ਸਰਕਾਰ ਦੇ ਇਮੀਗ੍ਰੇਸ਼ਨ, ਰਿਫਿਊਜੀ ਐਂਡ ਸਿਟੀਜ਼ਨਸ਼ਿਪ (ਆਈਆਰਸੀਸੀ) ਨੇ ਤੁਰੰਤ ਪ੍ਰਭਾਵ ਤੋਂ ਉਹ ਆਰਜ਼ੀ ਨੀਤੀ ਖ਼ਤਮ ਕਰ ਦਿੱਤੀ ਹੈ, ਜਿਸ ਤਹਿਤ ਸੈਲਾਨੀ ਵੀ ਵਰਕ ਪਰਮਿਟ ਲਈ ਅਰਜੀ ਦੇ ਸਕਦੇ ਸਨ। ਇਸ ਕਦਮ ਤੋਂ ਪਹਿਲਾਂ ਸੋਮਵਾਰ ਨੂੰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇਸ ਵਿੱਚ ਆਰਜ਼ੀ ਕਾਮਿਆਂ ਦੀ ਗਿਣਤੀ ਸੀਮਤ ਕਰਨ ਦਾ ਐਲਾਨ ਕਰ ਚੁੱਕੇ ਹਨ। ਆਈਆਰਸੀਸੀ ਵੱਲੋਂ ਇਹ ਨੀਤੀ ਅਗਸਤ 2020 ਵਿੱਚ ਸੈਲਾਨੀ ਵੀਜ਼ੇ ਉੱਤੇ ਆਏ ਉਨ੍ਹਾਂ ਲੋਕਾਂ ਲਈ ਲਿਆਂਦੀ ਗਈ ਸੀ ਜੋ ਕੋਵਿਡ ਕਾਰਨ ਲਾਗੂ ਸਫ਼ਰੀ ਬੰਦਿਸ਼ਾਂ ਕਾਰਨ ਦੇਸ ਛੱਡਣ ਤੋਂ ਅਸਮਰੱਥ ਸਨ। ਇਸ ਤੋਂ ਇਲਾਵਾ ਉਹ ਵਿਦੇਸ਼ੀ ਨਾਗਰਿਕ ਜਿਨ੍ਹਾਂ ਕੋਲ ਪਿਛਲੇ 12 ਮਹੀਨਿਆਂ ਦੌਰਾਨ ਵਰਕ ਪਰਮਿਟ ਤਾਂ ਸੀ ਪਰ ਉਨ੍ਹਾਂ ਨੇ ਆਪਣਾ ਰੁਤਬਾ ਵਿਜ਼ਟਰ ਵਿੱਚ ਤਬਦੀਲ ਕਰਵਾ ਲਿਆ ਸੀ।

ਉਹ ਨਵੇਂ ਵਰਕ ਪਰਮਿਟ ਦੀ ਅਰਜ਼ੀ ਉੱਤੇ ਫੈਸਲਾ ਆਉਣ ਦੀ ਉਡੀਕ ਕਰਦੇ ਹੋਏ ਬਿਨਾਂ ਕੈਨੇਡਾ ਛੱਡੇ ਵਰਕ ਪਰਮਿਟ ਲਈ ਅਰਜ਼ੀ ਦੇ ਸਕਦੇ ਸਨ, ਤਾਂ ਜੋ ਉਹ ਇਸ ਦੌਰਾਨ ਕਨੂੰਨੀ ਰੂਪ ਵਿੱਚ ਕੰਮ ਕਰ ਸਕਣ। ਹਾਲਾਂਕਿ ਇਹ ਆਰਜ਼ੀ ਨੀਤੀ ਦੀ ਮਿਆਦ 28 ਫਰਵਰੀ 2025 ਨੂੰ ਪੁੱਗਣੀ ਸੀ। ਪਰ ਆਈਆਰਸੀਸੀ ਨੇ ਅਜਿਹਾ ਕਰ ਦਿੱਤਾ ਹੈ। ਆਈਆਰਸੀਸੀ ਮੁਤਾਬਕ ਉਨ੍ਹਾਂ ਦੀ ਜਾਣਕਾਰੀ ਵਿੱਚ ਆਇਆ ਸੀ ਕਿ ਕੁਝ ਬੁਰੇ ਅਨਸਰ ਵਿਦੇਸ਼ੀ ਲੋਕਾਂ ਨੂੰ ਬਿਨਾਂ ਅਧਿਕਾਰਿਤ ਪ੍ਰਵਾਨਗੀ ਦੇ ਕੈਨੇਡਾ ਵਿੱਚ ਕੰਮ ਕਰਨ ਦਾ ਝਾਂਸਾ ਦੇਣ ਲਈ ਇਸ ਨੀਤੀ ਦੀ ਦੁਰਵਰਤੋਂ ਕਰ ਰਹੇ ਸਨ। ਇਸ ਤੋਂ ਇਲਾਵਾ ਇਹ ਕਦਮ ਸਰਕਾਰ ਦੀ ਦੇਸ ਵਿੱਚ ਆਰਜ਼ੀ ਨਾਗਰਿਕਾਂ ਦੀ ਸੰਖਿਆ ਨੂੰ ਸੀਮਤ ਕਰਨ ਦੇ ਉਪਰਾਲੇ ਦਾ ਹਿੱਸਾ ਵੀ ਹੈ।

### ਨੀਤੀ ਕਿਉਂ ਲਿਆਂਦੀ ਗਈ ਸੀ?

ਨਵੰਬਰ 2022 ਵਿੱਚ ਕੈਨੇਡਾ ਵੱਲੋਂ ਦੇਸ ਵਿੱਚ ਕਾਮਿਆਂ ਦੀ ਗਿਣਤੀ ਵਧਾਉਣ ਦੀ ਗੱਲ ਆਖੀ ਗਈ ਸੀ। ਮਾਰਚ 2023 ਵਿੱਚ ਵਿਜ਼ਟਰ ਵੀਜ਼ੇ ਰਾਹੀਂ ਕੈਨੇਡਾ ਪਹੁੰਚੇ ਲੋਕਾਂ ਲਈ ਵਰਕ ਪਰਮਿਟ ਲਈ ਅਪਲਾਈ ਕਰਨ ਦੇ ਸਮੇਂ ਵਿੱਚ ਦੋ ਸਾਲ ਦਾ ਵਾਧਾ ਕੀਤਾ ਗਿਆ। ਵਿਜ਼ਟਰ ਵੀਜ਼ੇ ਜ਼ਰੀਏ ਕੈਨੇਡਾ ਪਹੁੰਚੇ ਜਿਹੜੇ ਲੋਕਾਂ ਲਈ ਵਰਕ ਪਰਮਿਟ ਲਈ ਅਰਜ਼ੀ ਦੀ ਮਿਤੀ ਫ਼ਰਵਰੀ ਦੇ ਆਖ਼ਰੀ ਹਫ਼ਤੇ ਤੱਕ ਸੀ। ਇਸੇ ਨੂੰ ਕੈਨੇਡਾ ਸਰਕਾਰ ਵੱਲੋਂ 28 ਫ਼ਰਵਰੀ 2025 ਤੱਕ ਵਧਾਉਣ ਦਾ ਫ਼ੈਸਲਾ ਲਿਆ ਸੀ। ਇਸ ਨੀਤੀ ਤਹਿਤ ਉਹ ਵਿਦੇਸ਼ੀ ਨਾਗਰਿਕ ਜੋ ਕੈਨੇਡਾ ਵਿੱਚ ਸੈਰ-ਸਪਾਟੇ ਲਈ ਜਾਂ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਲਈ ਸੈਲਾਨੀਆਂ ਵਜੋਂ ਆਏ ਹੋਣ ਤੇ ਉਨ੍ਹਾਂ ਕੋਲ ਜੇਕਰ ਜਾਇਜ਼ ਨੌਕਰੀ ਦੀ ਪੇਸ਼ਕਸ਼ ਹੋਵੇ, ਉਹ ਵਰਕ ਪਰਮਿਟ ਲਈ ਅਪਲਾਈ ਕਰਨ ਯੋਗ ਸਨ।

ਵਰਕ ਪਰਮਿਟ ਦਾ ਸਮਾਂ ਵਧਾਏ ਜਾਣ ਦਾ ਫ਼ਾਇਦਾ ਵਿਜ਼ੀਟਰ ਵੀਜ਼ਾ ਜ਼ਰੀਏ ਨਵੇਂ ਗਏ ਲੋਕਾਂ ਦੇ ਨਾਲ-ਨਾਲ ਪਹਿਲਾਂ ਤੋਂ ਹੀ ਕੈਨੇਡਾ ਵਿੱਚ ਵਰਕ ਪਰਮਿਟ ’ਤੇ ਕੰਮ ਕਰਨ ਵਾਲਿਆਂ ਨੂੰ ਵੀ ਸੀ। ਇਮੀਗ੍ਰੇਸ਼ਨ ਮੰਤਰਾਲੇ ਮੁਤਾਬਕ ਕੈਨੇਡਾ ਵਿੱਚ ਵਰਕ ਪਰਮਿਟ ਦੇ ਆਧਾਰ ’ਤੇ ਅਸਥਾਈ ਤੌਰ ’ਤੇ ਰਹਿਣ ਵਾਲੇ ਲੋਕ ਵੀ ਜਨਤਕ ਨੀਤੀ ਤਹਿਤ ਉੱਥੇ ਰਹਿੰਦਿਆਂ ਹੀ ਅਗਾਊ ਵੀਜ਼ੇ ਲਈ ਅਪਲਾਈ ਕਰ ਸਕਦੇ ਸਨ। ਉਹ ਵੀ ਆਪਣੇ ਨਵੇਂ ਰੁਜ਼ਗਾਰਦਾਤਾ ਨਾਲ ਕੰਮ ਸ਼ੁਰੂ ਕਰ ਸਕਦੇ ਹਨ। ਉਨ੍ਹਾਂ ਨੂੰ ਕੰਮ ਬਦਲਣ ਲਈ ਦੇਸ ਛੱਡਣ ਦੀ ਲੋੜ ਵੀ ਨਹੀਂ ਸੀ। ਕੈਨੇਡਾ ਇਮੀਗ੍ਰੇਸ਼ਨ ਵਿਭਾਗ ਮੁਤਾਬਕ ਇਹ ਫ਼ੈਸਲਾ ਕੈਨੇਡਾ ਵਿੱਚ ਕਾਮਿਆਂ ਦੀ ਲੋੜ ਨੂੰ ਧਿਆਨ ਵਿੱਚ ਰੱਖ ਕੇ ਲਿਆ ਗਿਆ ਹੈ। ਜ਼ਿਕਰਯੋਗ ਹੈ ਕਿ ਕੈਨੇਡਾ ਮਹਾਂਮਾਰੀ ਤੋਂ ਬਾਅਦ ਕਾਮਿਆਂ ਦੀ ਘਾਟ ਨਾਲ ਜੂਝ ਰਿਹਾ ਸੀ।



### ਟਰੂਡੋ ਨੇ ਕੀ ਕਿਹਾ ਸੀ?

ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸੋਮਵਾਰ ਨੂੰ ਕਿਹਾ ਹੈ ਕਿ ਉਹ ਘੱਟ ਤਨਖਾਹ ਵਾਲੇ ਅਸਥਾਈ ਵਿਦੇਸ਼ੀ ਕਾਮਿਆਂ ਅਤੇ ਸਥਾਈ ਵਾਸੀਆਂ ਦੀ ਗਿਣਤੀ ਨੂੰ ਘਟਾਉਣ ਦੀ ਯੋਜਨਾ ਬਣਾ ਰਹੇ ਹਨ। ਟਰੂਡੋ ਨੇ ਸੋਸ਼ਲ ਮੀਡੀਆ ਪੋਸਟ ਰਾਹੀਂ ਇਹ ਜਾਣਕਾਰੀ ਸਾਂਝੀ ਕੀਤੀ ਸੀ, ਉਨ੍ਹਾਂ ਕਿਹਾ ਸੀ ਕਿ ਹੁਣ ਲੇਬਰ ਮਾਰਕੀਟ ਬਦਲ ਗਈ ਹੈ। ਟਰੂਡੋ ਨੇ ਐਕਸ 'ਤੇ ਸਾਂਝੀ ਕੀਤੀ ਜਾਣਕਾਰੀ ਵਿੱਚ ਲਿਖਿਆ ਸੀ, "ਅਸੀਂ ਕੈਨੇਡਾ ਵਿੱਚ ਘੱਟ ਤਨਖ਼ਾਹ ਉੱਤੇ ਆਉਣ ਵਾਲੇ ਅਸਥਾਈ ਵਿਦੇਸ਼ੀ ਕਾਮਿਆਂ ਦੀ ਗਿਣਤੀ ਨੂੰ ਘਟਾ ਰਹੇ ਹਾਂ। ਲੇਬਰ ਮਾਰਕੀਟ ਬਦਲ ਗਈ ਹੈ।"

“ਹੁਣ ਸਾਡੇ ਕਾਰੋਬਾਰਾਂ ਲਈ ਕੈਨੇਡਾ ਦੇ ਵਾਸੀ ਕਾਮਿਆਂ ਅਤੇ ਨੌਜਵਾਨਾਂ ਉੱਤੇ ਨਿਵੇਸ਼ ਕਰਨ ਦਾ ਸਮਾਂ ਆ ਗਿਆ ਹੈ।" ਇਹ ਫ਼ੈਸਲਾ ਉਸ ਸਮੇਂ ਆਇਆ ਹੈ ਜਦੋਂ ਕੈਨੇਡਾ ਤੇਜ਼ੀ ਨਾਲ ਵਧ ਰਹੀ ਆਬਾਦੀ ਨਾਲ ਜੂਝ ਰਿਹਾ ਹੈ। ਧਦੀ ਆਬਾਦੀ ਬਾਰੇ ਅਰਥਸ਼ਾਸਤਰੀਆਂ ਦਾ ਕਹਿਣਾ ਹੈ ਕਿ ਇਸ ਨਾਲ ਰਿਹਾਇਸ਼ ਅਤੇ ਜਨਤਕ ਸੇਵਾਵਾਂ ਜਿਵੇਂ ਕਿ ਸਿਹਤ ਸੰਭਾਲ ਅਤੇ ਸਿੱਖਿਆ ਦੇ ਖੇਤਰ 'ਤੇ ਦਬਾਅ ਪੈ ਗਿਆ ਹੈ। ਇਸ ਪ੍ਰੋਗਰਾਮ ਵੱਲ ਹਾਲ ਹੀ ਵਿੱਚ ਸੰਯੁਕਤ ਰਾਸ਼ਟਰ ਦੀ ਇੱਕ ਰਿਪੋਰਟ ਤੋਂ ਬਾਅਦ ਧਿਆਨ ਖਿੱਚਿਆ ਗਿਆ ਸੀ। ਇਸ ਰਿਪੋਰਟ ਵਿੱਚ ਅਸਥਾਈ ਵਿਦੇਸ਼ੀ ਕਾਮੇ ਪ੍ਰੋਗਰਾਮ ਨੂੰ, ‘ਗ਼ੁਲਾਮੀ ਦੇ ਸਮਕਾਲੀ ਰੂਪਾਂ ਲਈ ਇੱਕ ਥਾਂ’ ਵਜੋਂ ਦਰਸਾਇਆ ਗਿਆ ਸੀ। ਇਸ ਤੋਂ ਇਲਾਵਾ ਮਜ਼ਦੂਰਾਂ ਦੇ ਹਮਾਇਤੀ ਸਮੂਹ ਵੀ ਇਸ ਪ੍ਰੋਗਰਾਮ ਦੀ ਅਲੋਚਨਾ ਕਰਦੇ ਰਹੇ ਹਨ। ਸੰਯੁਕਤ ਰਾਸ਼ਟਰ ਦੇ ਵਿਸ਼ੇਸ਼ ਰਿਪੋਰਟਰ ਪ੍ਰੋਫੈਸਰ ਟੋਮੋਯਾ ਓਬੋਕਾਟਾ, ਬਰਤਾਨੀਆ ਦੀ ਯੌਰਕ ਯੂਨੀਵਰਸਿਟੀ ਵਿੱਚ ਕੌਮਾਂਤਰੀ ਮਨੁੱਖੀ ਹੱਕਾਂ ਸਬੰਧੀ ਕਾਨੂੰਨ ਵਿਸ਼ੇ ਦੇ ਮਾਹਰ ਹਨ।

ਓਬੋਕਾਟਾ ਮੁਤਾਬਕ, “ਕੈਨੇਡਾ ਵਿੱਚ ਕਾਮਿਆਂ ਨੂੰ ਕੰਮ ਦੇ ਹਿਸਾਬ ਨਾਲ ਘੱਟ ਤਨਖ਼ਾਹ ਦੇਣ, ਕਾਮਿਆਂ ਤੋਂ ਲੋੜੀਂਦੇ ਸੁਰੱਖਿਆ ਉਪਕਰਨਾਂ ਤੋਂ ਬਿਨਾਂ ਕੰਮ ਕਰਵਾਉਣ, ਮਨਮਰਜ਼ੀ ਨਾਲ ਕੰਮ ਦੇ ਘੰਟਿਆਂ ਵਿੱਚ ਕਟੌਤੀ ਕਰਨ ਦੀਆਂ ਕਈ ਰਿਪੋਰਟਾਂ ਉਨ੍ਹਾਂ ਨੂੰ ਮਿਲੀਆਂ ਹਨ।” ਅਸਲ ਵਿੱਚ ਕੋਵਿਡ ਮਹਾਂਮਾਰੀ ਦੌਰਾਨ ਕੁਝ ਕਾਰੋਬਾਰ ਮਜ਼ਦੂਰਾਂ ਦੀ ਘਾਟ ਨਾਲ ਜੂਝ ਰਹੇ ਸਨ। ਇਨ੍ਹਾਂ ਦੀ ਮਦਦ ਲਈ ਸਰਕਾਰ ਨੇ ਅਸਥਾਈ ਲੇਬਰ ਪ੍ਰੋਗਰਾਮ ਵਿੱਚ ਕੁਝ ਢਿੱਲਾਂ ਦਿੱਤੀਆਂ ਸਨ। ਜੋ ਕਿ ਅਸਥਾਈ ਕਰਮਚਾਰੀਆਂ ਦੀ ਆਮਦ ਵੱਧਣ ਦਾ ਇੱਕ ਕਾਰਨ ਸਾਬਤ ਹੋਇਆ ਸੀ।

### ਆਰਜ਼ੀ ਪੰਜਾਬੀ ਕਾਮਿਆਂ ਉੱਤੇ ਅਸਰ

ਕੈਨੇਡਾ ਦੇ ਕੌਮਾਂਤਰੀ ਵਿਦਿਆਰਥੀਆਂ ਵਿੱਚ ਵੱਡੀ ਗਿਣਤੀ ਭਾਰਤੀ ਖ਼ਾਸਕਰ ਪੰਜਾਬੀ ਵਿਦਿਆਰਥੀ ਸ਼ਾਮਲ ਹਨ। ਇਸ ਮਾਮਲੇ ਉੱਤੇ ਪੰਜਾਬ ਵਿੱਚ ਇੱਕ ਨਿੱਜੀ ਇਮੀਗ੍ਰੇਸ਼ਨ ਕੰਪਨੀ ਚਲਾਉਣ ਵਾਲੇ ਗੁਰਤੇਜ ਸਿੰਘ ਸੰਧੂ ਦੱਸਦੇ ਹਨ ਕਿ, “ਕੈਨੇਡਾ ਸਰਕਾਰ ਨੇ ਪਹਿਲਾਂ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਉੱਤੇ ਪਾਬੰਦੀ ਲਾਈ ਸੀ। ਜਿਸ ਤੋਂ ਬਾਅਦ ਅਸਥਾਈ ਵਰਕਰ ਪ੍ਰੋਗਰਾਮ ਵੱਲ ਲੋਕਾਂ ਦਾ ਰੁਝਾਨ ਹੋਇਆ।” “ਪੰਜਾਬ ਤੋਂ ਪਿਛਲੇ ਸਮੇਂ ਵਿੱਚ ਵੱਡੀ ਗਿਣਤੀ ਲੋਕ ਖੇਤੀ ਮਜ਼ਦੂਰਾਂ ਜਾਂ ਉਸਾਰੀ ਮਜ਼ਦੂਰਾਂ ਤੇ ਮਾਹਰਾਂ ਵਜੋਂ ਅਸਥਾਈ ਤੌਰ ਉੱਤੇ ਕੈਨੇਡਾ ਗਏ। ਪਰ ਹੁਣ ਇਸ ਪ੍ਰੋਗਰਾਮ ਵਿੱਚ ਬਦਲਾਅ ਨਾਲ ਪਰਵਾਸ ਦਾ ਇਹ ਤਰੀਕਾ ਵੀ ਸੀਮਤ ਹੋ ਜਾਵੇਗਾ।” ਸੰਧੂ ਇਸ ਨੀਤੀ ਨੂੰ ਇੱਕ ਸਿਆਸੀ ਕਦਮ ਵੀ ਦੱਸਦੇ ਹਨ। ਉਹ ਕਹਿੰਦੇ ਹਨ, “ਕੈਨੇਡਾ ਦੇ ਸਥਾਨਿਕ ਨਾਗਰਿਕਾਂ ਤੇ ਮੂਲ ਵਾਸੀਆਂ ਦੀ ਧਾਰਨਾ ਹੈ ਕਿ ਅਸਥਾਈ ਵਰਕ ਪਰਮਿਟ ਉਨ੍ਹਾਂ ਲਈ ਰੁਜ਼ਗਾਰ ਦੇ ਮੌਕਿਆਂ ਨੂੰ ਸੌੜਾ ਕਰਦਾ ਹੈ। ਜਿਸ ਕਾਰਨ ਉਹ ਵੱਧਦੇ ਪਰਵਾਸ ਦੇ ਹੱਕ ਵਿੱਚ ਨਹੀਂ ਹੈ। ਤੇ ਉਹ ਸਰਕਾਰ ਦਾ ਇਸ ਮਸਲੇ ਉੱਤੇ ਵਿਰੋਧ ਵੀ ਕਰਦੇ ਹਨ।” “ਇਹ ਸੁਭਾਵਿਕ ਹੈ ਕਿ ਸਥਾਈ ਨਾਗਰਿਕਾਂ ਦਾ ਵਿਰੋਧ ਅਤੇ ਉਨ੍ਹਾਂ ਦੀ ਸਹੂਲਤ ਸਿਆਸੀ ਫ਼ੈਸਲਿਆਂ ਨੂੰ ਦਿਸ਼ਾ ਦਿੰਦੀ ਹੈ। ਕੈਨੇਡਾ ਸਰਕਾਰ ਦਾ ਇਹ ਫ਼ੈਸਲਾ ਵੀ ਆਉਂਦੀਆਂ ਚੋਣਾਂ ਅਤੇ ਪਰਵਾਸ ਦੇ ਮਸਲੇ ਉੱਤੇ ਚੱਲ ਰਹੇ ਟਰੂਡੋ ਸਰਕਾਰ ਦੇ ਵਿਰੋਧ ਤੋਂ ਪ੍ਰੇਰਿਤ ਨਜ਼ਰ ਆ ਰਿਹਾ ਹੈ।”

# ਸੰਵਿਧਾਨਕ ਨੈਤਿਕਤਾ ਦਾ ਸਤਿਕਾਰ ਕਿਉਂ ਜ਼ਰੂਰੀ?

(ਸਫਾ 8 ਦੀ ਬਾਕੀ)

ਗ੍ਰਿਫ਼ਤਾਰੀ ਤੇ ਜੇਲ੍ਹ ’ਚ ਹੋਣ ਦੇ ਬਾਵਜੂਦ ਇੱਕ ਮੰਤਰੀ ਅਹੁਦੇ ’ਤੇ ਬਣਿਆ ਰਿਹਾ। ਮੁੱਖ ਮੰਤਰੀ ਨੇ ਉਸ ਨੂੰ ਤਿੰਨ ਮਹੀਨੇ ਅਹੁਦੇ ਤੋਂ ਨਹੀਂ ਹਟਾਇਆ। ਤਾਮਿਲਨਾਡੂ ਵਿੱਚ, ਮੁੱਖ ਮੰਤਰੀ ਨੇ ਉਸ ਮੰਤਰੀ ਤੋਂ ਅਸਤੀਫ਼ਾ ਨਹੀਂ ਲਿਆ ਜੋ ਅੱਠ ਮਹੀਨੇ ਜੇਲ੍ਹ ਵਿੱਚ ਸੀ। ਮੰਤਰੀ ਨੇ ਆਖ਼ਰ ’ਚ ਇਹ ਮੁੱਦਾ ਮਦਰਾਸ ਹਾਈਕੋਰਟ ਵਿੱਚ ਉੱਭਰਨ ਤੋਂ ਇੱਕ ਦਿਨ ਪਹਿਲਾਂ ਅਸਤੀਫ਼ਾ ਦਿੱਤਾ। ਦਿੱਲੀ ਵਿੱਚ ਮੁੱਖ ਮੰਤਰੀ ਨੇ ਇੱਕ ਮੰਤਰੀ ਨੂੰ ਉਦੋਂ ਅਹੁਦੇ ਤੋਂ ਹਟਾਇਆ ਜਦੋਂ ਉਹ ਨੌਂ ਮਹੀਨੇ ਜੇਲ੍ਹ ’ਚ ਬਿਤਾ ਚੁੱਕਾ ਸੀ। ਸਮੇਂ ਦਾ ਵਿਅੰਗ ਇਹ ਹੈ ਕਿ ਹੁਣ ਮੁੱਖ ਮੰਤਰੀ ਖ਼ੁਦ ਜੇਲ੍ਹ ਵਿੱਚ ਹੈ ਪਰ ਫਿਰ ਵੀ ਅਸਤੀਫ਼ਾ ਨਹੀਂ ਦਿੱਤਾ ਜਦੋਂਕਿ ਝਾਰਖੰਡ ਦੇ ਉਸ ਦੇ ਹਮਰੁਤਬਾ ਨੇ ਅਸਤੀਫ਼ਾ ਦੇ ਦਿੱਤਾ ਸੀ। ਇਹ ਅਜਿਹੀਆਂ ਕੁਝ ਉਦਾਹਰਨਾਂ ਹਨ ਜਿੱਥੇ ਸੰਵਿਧਾਨਕ ਨੈਤਿਕਤਾ ਦਾ ਨਿ-ਰਾਦਰ ਕੀਤਾ ਗਿਆ ਹੈ। ਕੀ ਇਹ ਸਾਡੇ ਦੇਸ਼ ਲਈ ਚੰਗਾ ਹੈ? ਬੀਆਰ ਅੰਬੇਡਕਰ ਸੰਵਿਧਾਨਕ ਸਦਾਚਾਰ ਨੂੰ “ਸੰਵਿਧਾਨ ਦੇ ਦਰਜੇ ਲਈ ਸਿਖਰ ਦਾ ਸਤਿਕਾਰ ਸਮਝਦੇ ਸਨ।” ਸਮਝ ਵੀ ਆਉਂਦਾ ਹੈ ਕਿ ਅਜਿਹਾ ਕਿਉਂ ਸੀ। ਸੰਵਿਧਾਨ ਕੋਈ ਆਦਰਸ਼ ਸੰਚਾਲਨ ਪ੍ਰਕਿਰਿਆ ਨਹੀਂ ਹੈ ਤੇ ਨਾ ਹੀ ਹੋ ਸਕਦਾ ਹੈ। ਜੇ ਸੰਵਿਧਾਨ ਦੇ ਦਰਜੇ ਨੂੰ ਪਵਿੱਤਰ ਨਾ ਮੰਨਿਆ ਗਿਆ ਤਾਂ ਸਭ ਕੁਝ ਹੱਥੋਂ ਨਿਕਲ ਜਾਵੇਗਾ। ਸ਼ਾਇਦ ਇਸੇ ਲਈ ਰਾਜੇਂਦਰ ਪ੍ਰਸ਼ਾਦ ਨੇ ਕਿਹਾ ਸੀ ਕਿ ਸਾਡੇ ਮੁਲਕ ਨੂੰ ਕਿਰਦਾਰ ਤੇ ਦਿਆਨਤਦਾਰੀ ਵਾਲੇ ਆਗੂ ਚਾਹੀਦੇ ਹਨ।

ਸੰਵਿਧਾਨਕ ਨੈਤਿਕਤਾ ਕੇਵਲ ਸਾਡੀਆਂ ਸੰਵਿਧਾਨਕ ਵਿਵਸਥਾਵਾਂ ਤੇ ਬਾਕੀ ਨੇਤਾਵਾਂ ਲਈ ਨਹੀਂ ਹੈ; ਬਲਕਿ ਇਹ ਪੂਰੇ ਸਮਾਜ ’ਚ ਸਮਾਉਣੀ ਚਾਹੀਦੀ ਹੈ। ਨਹੀਂ ਤਾਂ ਇੱਕ ਹੱਠੀ ਘੱਟਗਿਣਤੀ ਵੀ ਹਕੂਮਤ ਦੇ ਕੰਮਕਾਜ ਨੂੰ ਬੇਅਸਰ ਕਰ ਸਕਦੀ ਹੈ, ਫੇਰ ਭਾਵੇਂ ਉਹ ਦਬਦਬਾ ਕਾਇਮ ਕਰਨ ਜਿੰਨੀ ਸਮਰੱਥ ਨਾ ਵੀ ਹੋਵੇ। ਇਹ ਕਿਸੇ ਵੀ ਤਰ੍ਹਾਂ ਦੀ ਹਕੂਮਤ ਵਿੱਚ ਹੋ ਸਕਦਾ ਹੈ। ਜਿੱਥੋਂ ਤੱਕ ਸੰਸਦ ਜਾਂ ਰਾਜ ਵਿਧਾਨ ਸਭਾਵਾਂ ਦਾ ਸਵਾਲ ਹੈ, ਸੰਵਿਧਾਨਕ ਸਦਾਚਾਰ ਇੱਕ ਮੁਖਰ ਘੱਟਗਿਣਤੀ ਨੂੰ ਸੰਪੂਰਨ ਵਿਘਨ ਦੀ ਇਜਾਜ਼ਤ ਨਹੀਂ ਦਿੰਦਾ। ਜਿਵੇਂ ਕਿ ਇੱਕ ਸਾਬਕਾ ਮੰਤਰੀ ਨੇ ਜ਼ੋਰ ਦਿੱਤਾ ਹੈ ਕਿ ਇਸ ਤਰ੍ਹਾਂ ਦੇ ਵਿਘਨ ਨੂੰ ਇਕ ਸੰਸਦੀ ਰਣਨੀਤੀ ਵਜੋਂ ਸਹੀ ਨਹੀਂ ਠਹਿਰਾਇਆ ਜਾ ਸਕਦਾ ਹੈ ਤੇ ਨਾ ਹੀ ਠਹਿਰਾਉਣਾ ਚਾਹੀਦਾ ਹੈ। ਇਹ ਸੰਵਿਧਾਨਿਕ ਸਦਾਚਾਰ ਦੇ ਮਿਜ਼ਾਜ ਦੇ ਖ਼ਿਲਾਫ਼ ਜਾਂਦਾ ਹੈ। ਇਸੇ ਤਰ੍ਹਾਂ, ‘ਲਵ ਜਹਾਦ’, ‘ਜ਼ਮੀਨ ਜਹਾਦ’ ਤੇ ‘ਭੋਜਨ ਜਹਾਦ’ ਦੇ ਨਾਅਰੇ, ਅਜਿਹੀ ਉਲੰਘਣਾ ਵਰਗੇ ਹਨ ਜਿਨ੍ਹਾਂ ਨੂੰ ਸੰਵਿਧਾਨਕ ਪੱਖ ਤੋਂ ਸਵੀਕਾਰ ਨਹੀਂ ਕੀਤਾ ਜਾ ਸਕਦਾ ਹੈ। ਬਲਾਤਕਾਰੀਆਂ ਤੇ ਹਤਿਆਰਿਆਂ ਦੇ ਗ਼ਲਾਂ ’ਚ ਹਾਰ ਪਾਉਣੇ, ਸਹੀ ਚੀਜ਼ਾਂ ਨਹੀਂ ਹਨ। ਅਸੀਂ ਮਾਯੂਸਕੁਨ ਤੇ ਮੁਸ਼ਕਿਲ ਸਮਿਆਂ ਵਿੱਚੋਂ ਲੰਘ ਰਹੇ ਹਾਂ। ਸਾਨੂੰ ਆਪਣੇ ਸੰਵਿਧਾਨ ਤੇ ਇਸ ਦੀ ਆਤਮਾ ਤੇ ਚਰਿੱਤਰ ਦੇ ਨਾਲ-ਨਾਲ ਕਾਨੂੰਨ ਦੇ ਸ਼ਾਸਨ ਦਾ ਲਾਜ਼ਮੀ ਸਤਿਕਾਰ ਕਰਨਾ ਚਾਹੀਦਾ ਹੈ।

# ਤਨਖ਼ਾਹੀਆ ਐਲਾਨਣ ਨਾਲ ਕੀ ਸੁਖਬੀਰ ਬਾਦਲ ਦੀ ਰਾਜਨੀਤੀ ਚੱਲ ਪਵੇਗੀ?

ਸ਼ੁੱਕਰਵਾਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਪੰਜਾਬ ਦੇ ਸਾਬਕਾ ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਤਨਖ਼ਾਹੀਆ ਕਰਾਰ ਦਿੱਤਾ ਹੈ। ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਬੋਲਦਿਆਂ ਕਿਹਾ, "ਪੰਜ ਸਿੰਘ ਸਾਹਿਬਾਨਾਂ ਦੀ ਸਰਵਸੰਮਤੀ ਨਾਲ ਫ਼ੈਸਲਾ ਹੋਇਆ ਕਿ ਸੁਖਬੀਰ ਬਾਦਲ ਨੇ ਪੰਜਾਬ ਦੇ ਡਿਪਟੀ ਮੁੱਖ ਮੰਤਰੀ ਹੁੰਦਿਆ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਹੁੰਦਿਆ ਹੋਇਆ ਕੁਝ ਅਜਿਹੇ ਫ਼ੈਸਲੇ ਲਏ ਜਿਸ ਨਾਲ ਪੰਥਕ ਸਰੂਪ ਦੇ ਅਕਸ ਨੂੰ ਭਾਰੀ ਢਾਹ ਲੱਗੀ।"

ਉਨ੍ਹਾਂ ਨੇ ਕਿਹਾ, "ਇਸ ਸਮੇਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੀ ਹਾਲਤ ਪਤਲੀ ਹੋਈ, ਸਿੱਖ ਹਿੱਤਾਂ ਦਾ ਨੁਕਸਾਨ ਹੋਇਆ ਇਸ ਲਈ 2007 ਤੋਂ 2017 ਤੱਕ ਸਰਕਾਰ ਵਿੱਚ ਮੌਜੂਦ ਰਹੇ ਇਸ ਦੇ ਭਾਈਵਾਲ ਸਿੱਖ ਕੈਬਨਿਟ ਮੰਤਰੀ ਇਸ ਸਬੰਧੀ ਆਪਣਾ ਸਪੱਸ਼ਟੀਕਰਨ 15 ਦਿਨਾਂ ਦੇ ਅੰਦਰ-ਅੰਦਰ ਨਿੱਜੀ ਰੂਪ ਵਿੱਚ ਪੇਸ਼ ਹੋ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਦੇਣ।"



ਉਨ੍ਹਾਂ ਨੇ ਕਿਹਾ, "ਸੁਖਬੀਰ ਸਿੰਘ ਬਾਦਲ ਜਿੰਨਾ ਚਿਰ ਇੱਕ ਨਿਮਾਣੇ ਸਿੱਖ ਦੀ ਤਰ੍ਹਾਂ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਸਿੱਖ ਸੰਗਤ ਅਤੇ ਪੰਜ ਸਿੰਘ ਸਾਹਿਬਾਨਾਂ ਦੀ ਹਾਜ਼ਰੀ ਵਿੱਚ ਆਪਣੇ ਕੀਤੇ ਹੋਏ ਗੁਨਾਹਾਂ ਦੀ ਮੁਆਫ਼ੀ ਨਹੀਂ ਮੰਗਦਾ, ਓਨਾ ਚਿਰ ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਤੋਂ ਤਨਖਾਹੀਆ ਘੋਸ਼ਿਤ ਕੀਤਾ ਜਾਂਦਾ ਹੈ।"

ਜੁਲਾਈ ਮਹੀਨੇ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਸਕਤਰੇਤ ਵਿਖੇ ਪੰਜ ਸਿੰਘ ਸਾਹਿਬਾਨਾਂ ਦੀ ਬੈਠਕ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੂੰ 15 ਦਿਨਾਂ ਦੇ ਅੰਦਰ-ਅੰਦਰ ਨਿੱਜੀ ਤੌਰ ਉੱਤੇ ਪੁੱਜ ਕੇ ਲਿਖ਼ਤੀ ਰੂਪ ਵਿੱਚ ਸਪੱਸ਼ਟੀਕਰਨ ਦੇਣ ਲਈ ਕਿਹਾ ਗਿਆ ਗਿਆ ਸੀ। ਦਰਅਸਲ 1 ਜੁਲਾਈ ਨੂੰ ਬਾਗ਼ੀ ਧੜੇ ਵਿੱਚ ਸ਼ਾਮਲ ਸੀਨੀਅਰ ਆਗੂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋਏ ਸਨ। ਉਨ੍ਹਾਂ ਨੇ ਇਸ ਮੌਕੇ ਚਾਰ ਸਫ਼ਿਆਂ ਦਾ ਮੁਆਫ਼ੀਨਾਮਾ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਰਘਬੀਰ ਸਿੰਘ ਨੂੰ ਸੌਂਪਿਆ ਸੀ। ਉਨ੍ਹਾਂ ਨੇ ਇਹ ਵੀ ਇਲਜ਼ਾਮ ਲਗਾਏ ਸਨ ਕਿ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪੰਥਕ ਭਾਵਨਾਵਾਂ ਦੀ ਤਰਜਨਮਾਨੀ ਨਹੀਂ ਕੀਤੀ। ਆਪਣੇ ਮੁਆਫ਼ੀਨਾਮੇ ਵਿੱਚ ਉਨ੍ਹਾਂ ਨੇ 2007 ਤੋਂ ਲੈ ਕੇ 2017 ਤੱਕ ਅਕਾਲੀ ਦਲ ਦੀ ਸਰਕਾਰ ਵੇਲੇ ਹੋਈਆਂ ਗਲਤੀਆਂ ਦੀ ਮੁਆਫ਼ੀ ਮੰਗੀ ਸੀ।

ਸਿੱਖ ਧਰਮ ਵਿੱਚ ਤਨਖ਼ਾਹ ਧਾਰਮਿਕ ਸਜ਼ਾ ਨੂੰ ਕਿਹਾ ਜਾਂਦਾ ਹੈ। ਸਿੱਖ ਲੇਖਕ ਅਤੇ ਸਾਬਕਾ ਪ੍ਰੋਫ਼ੈਸਰ ਗੁਰਦਰਸ਼ਨ ਸਿੰਘ ਢਿੱਲੋਂ ਨੇ ਬੀਬੀਸੀ ਪੱਤਰਕਾਰ ਸਰਬਜੀਤ ਸਿੰਘ ਨਾਲ ਗੱਲ ਕਰਦਿਆਂ ਦੱਸਿਆ, "ਇਹ ਇੱਕ ਨੈਤਿਕ ਸਜ਼ਾ ਹੈ, ਇਸ ਦਾ ਅਰਥ ਹੈ ਜਿਸ ਬੰਦੇ ਨੂੰ ਤਨਖ਼ਾਹ ਲਗਾਈ ਗਈ ਹੈ ਸਿੱਖ ਪੰਥ ਵਿੱਚ ਉਸ ਦਾ ਮਿਆਰ ਥੱਲੇ ਡਿੱਗ ਜਾਂਦਾ ਹੈ।"

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵੈੱਬਸਾਈਟ ਮੁਤਾਬਕ, "ਸਿੱਖ ਰਹਿਤ ਮਰਿਆਦਾ ਵਿਰੁੱਧ ਕਰਮ-ਧਰਮ ਦੰਡ ਦਾ ਨਾਉਂ ‘ਤਨਖਾਹ’ ਹੈ,ਜੋ ਸਿੱਖ ਰਹਿਤ ਦੇ ਨਿਯਮ ਭੰਗ ਕਰਦਾ ਹੈ, ਉਹ ਤਨਖਾਹੀਆ ਸੱਦੀਦਾ ਹੈ।" ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੂੰ ਵੀ ਅਕਾਲ ਤਖ਼ਤ ਸਾਹਿਬ ਵੱਲੋਂ 1988 ਵਿੱਚ ਧਾਰਮਿਕ ਸਜ਼ਾ ਸੁਣਾਈ ਗਈ ਸੀ, ਜਿਸ ਦੌਰਾਨ ਉਹਨਾਂ ਨੂੰ 21 ਦਿਨ ਗੁਰੂ ਘਰ ਦੀ ਸੇਵਾ ਕਰਨ ਲਈ ਆਖਿਆ ਗਿਆ ਸੀ। 1985-87 ਦੌਰਾਨ ਆਪਣੀ ਸਰਕਾਰ ਸਮੇਂ ਲਏ 'ਗ਼ਲਤ ਫੈਸਲਿਆਂ' ਲਈ ਇਹ ਧਾਰਮਿਕ ਸਜ਼ਾ ਮਿਲੀ ਸੀ।

### ਸ਼੍ਰੋਮਣੀ ਅਕਾਲੀ ਦਲ ਦਾ ਕੀ ਪੱਖ ਹੈ

ਸ਼੍ਰੋਮਣੀ ਅਕਾਲੀ ਦਲ ਦੇ ਆਗੂ ਦਲਜੀਤ ਸਿੰਘ ਚੀਮਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮ ਬਾਰੇ ਪ੍ਰਤੀਕਿਰਿਆ ਦਿੱਤੀ ਹੈ। ਉਨ੍ਹਾਂ ਕਿਹਾ, "ਜੋ ਵੀ ਹੁਕਮ ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਕੀਤਾ ਗਿਆ ਹੈ ਸ਼੍ਰੋਮਣੀ ਅਕਾਲੀ ਦਲ ਉਸ ਹੁਕਮ ਨੂੰ ਸਿਰ ਨਿਵਾ ਕੇ ਪ੍ਰਵਾਨ ਕਰਦਾ ਹੈ।" ਉਨ੍ਹਾਂ ਕਿਹਾ, "ਜਿਸ ਦਿਨ ਸੁਖਬੀਰ ਬਾਦਲ ਬਤੌਰ ਪ੍ਰਧਾਨ ਸਪੱਸ਼ਟੀਕਰਨ ਦੇ ਕੇ ਆਏ ਸੀ ਉਨ੍ਹਾਂ ਨੇ ਉਸ ਦਿਨ ਵੀ ਬਿਲਕੁਲ ਸਪੱਸ਼ਟ ਕੀਤਾ ਸੀ ਕਿ ਜੋ ਹੁਕਮ ਸ਼੍ਰੋਮਣੀ ਅਕਾਲੀ ਦਲ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਏਗਾ ਅਸੀਂ ਪ੍ਰਵਾਨ ਕਰਾਂਗੇ।" ਉਨ੍ਹਾਂ ਨੇ ਸੁਖਬੀਰ ਬਾਦਲ ਬਾਰੇ ਹੋਏ ਹੁਕਮ ਬਾਰੇ ਕਿਹਾ ਕਿ ਉਹ (ਸੁਖਬੀਰ ਬਾਦਲ) ਉਸ ਨੂੰ ਪੂਰਾ ਕਰਨਗੇ।

### ਬਲਵਿੰਦਰ ਸਿੰਘ ਭੂੰਦੜ ਨੂੰ ਥਾਪਿਆ ਕਾਰਜਕਾਰੀ ਪ੍ਰਧਾਨ

ਸ਼੍ਰੋਮਣੀ ਅਕਾਲੀ ਦਲ ਦੀ ਪ੍ਰਧਾਨਗੀ ਨੂੰ ਲੈ ਕੇ ਉੱਠ ਰਹੇ ਵਿਰੋਧਾਂ ਵਿਚਾਲੇ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਦੇ ਸੀਨੀਅਰ ਆਗੂ ਬਲਵਿੰਦਰ ਸਿੰਘ ਭੂੰਦੜ ਨੂੰ ਪਾਰਟੀ ਦਾ ਕਾਰਜਕਾਰੀ ਪ੍ਰਧਾਨ ਨਿਯੁਕਤ ਕੀਤਾ ਹੈ। ਬਲਵਿੰਦਰ ਸਿੰਘ ਭੂੰਦੜ ਨੂੰ ਪਾਰਟੀ ਦਾ ਕਾਰਜਕਾਰੀ ਪ੍ਰਧਾਨ ਲਾਉਣ ਦਾ ਫ਼ੈਸਲਾ ਅਜਿਹੇ ਸਮੇਂ ਵਿੱਚ ਸਾਹਮਣੇ ਆਇਆ ਹੈ ਜਦੋਂ ਪਾਰਟੀ ਲਗਾਤਾਰ 'ਨਿਘਾਰ' ਵੱਲ ਜਾ ਰਹੀ ਹੈ। ਪਾਰਟੀ ਦੇ ਸੀਨੀਅਰ ਆਗੂ ਪਾਰਟੀ ਨੂੰ ਅਲਵਿਦਾ ਆਖ ਚੁੱਕੇ ਹਨ। ਹਾਲ ਹੀ ਦੀ ਜੇਕਰ ਗੱਲ ਕੀਤੀ ਜਾਵੇ ਤਾਂ ਗਿੱਦੜਬਾਹਾ ਵਿਧਾਨ ਸਭਾ ਹਲਕੇ ਵਿੱਚ ਪਾਰਟੀ ਨੂੰ ਇੱਕ ਵੱਡਾ ਸਿਆਸੀ ਝਟਕਾ ਲੱਗਿਆ ਹੈ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਹਰਦੀਪ ਸਿੰਘ ਡਿੰਪੀ ਢਿੱਲੋਂ ਨੇ ਸੁਖਬੀਰ ਸਿੰਘ ਬਾਦਲ ਦੀ ਕਾਰਗੁਜ਼ਾਰੀ ਉੱਪਰ ਕਈ ਤਰ੍ਹਾਂ ਦੇ ਸਵਾਲ ਚੁੱਕਦੇ ਹੋਏ ਪਾਰਟੀ ਨੂੰ ਅਲਵਿਦਾ ਕਹਿ ਦਿੱਤਾ। ਉਹ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ ਹਨ।

# ਚਰਨ ਭੰਡਾਲ: ਸੈਨਹੋਜ਼ੇ ਦੇ ਲੰਬੀ ਦੌੜ ਦੇ ਇਕ ਸਫਲ ਖਿਡਾਰੀ

ਸੈਨਹੋਜ਼ੇ- ਪਹਿਲੀ ਵਾਰ ਮੈਂ ਉਹਨਾਂ ਨੂੰ ਜਦੋਂ ਗੁਰੂ ਨਾਨਕ ਮੈਰਾਥਨ ਫਰੀਮਾਂਟ ’ਚ ਦੌੜਦੇ ਵੇਖਿਆ ਤਾਂ ਮੈਨੂੰ ਬਹੁਤ ਹੀ ਚੰਗਾ ਲੱਗਿਆ ਕਿ ਆਪਣੀ ਜ਼ਿੰਦਗੀ ਨੂੰ ਸਫਲ ਬਿਜ਼ਨਸਮੈਨ ਵਜੋਂ ਬਣਾ ਕੇ ਹੁਣ ਸਿਹਤ ਵੱਲ ਵੀ ਧਿਆਨ ਦੇਣਾ ਸ਼ੁਰੂ ਕੀਤਾ ਹੋਇਆ ਹੈ ਤੇ ਕਿਧਰੇ ਵੀ ਜਦੋਂ ਮੈਰਾਥਨ ਹੁੰਦੀ ਹੈ, ਭਾਵ ਦੌੜਾਕ ਦੌੜਦੇ ਹਨ, ਉਥੇ ਇਹ ਪੰਜਾਬੀਅਤ ਨੂੰ ਪੇਸ਼ ਕਰਦੇ ਹਨ, ਜਿਸ ਨਾਲ ਦੂਸਰੇ ਦੇਸ਼ਾਂ ਦੇ ਲੋਕਾਂ ਨੂੰ ਵੀ ਲੱਗਦਾ ਹੈ ਕਿ ਉਹਨਾਂ ਵਾਂਗ ਪੰਜਾਬੀ ਵੀ ਦੌੜਦੇ ਹਨ।

ਚਰਨ ਭੰਡਾਲ ਜੋ 30×35 ਸਾਲ ਤੋਂ ਅਮਰੀਕਾ ’ਚ ਸਫਲ ਬਿਜ਼ਨਸ ਕਰਦੇ ਹਨ, ਉਹ ਪਦਮਪੁਰ (ਸੈਵਨ-ਡੀ.ਡੀ.) ਸ੍ਰੀ ਗੰਗਾਨਗਰ (ਰਾਜਸਥਾਨ) ਤੋਂ ਹਨ। ਦੌੜਾਂ ਦਾ ਸਿਲਸਿਲਾ 2010 ਤੋਂ ਸ਼ੁਰੂ ਹੋਇਆ। ਪਿਛਲੇ ਮਹੀਨਿਆਂ ’ਚ ਚਰਨ ਹੁਰਾਂ ਨੇ 42 ਕਿਲੋਮੀਟਰ (26.2 ਮੀਲ) ਦੀ ਦੌੜ ਗੋਲਡਨ ਗੇਟ ਤੇ ਜੁਲਾਈ 28, 2024 ਨੂੰ ਹਿੱਸਾ ਲਿਆ।



ਸੈਂਟਾ ਰੋਜ਼ਾ ’ਚ ਅਗਸਤ 25, 2024 ਨੂੰ 42 ਕਿਲੋਮੀਟਰ (26.2 ਮੀਲ) ਦੀ ਦੌੜ ’ਚ ਹਿੱਸਾ ਲਿਆ। 13 ਮੀਲ ਦੀਆਂ ਦੌੜਾਂ (21.1 ਕਿਲੋਮੀਟਰ) ਵੀ ਹੁਣ ਕੀਤੀਆਂ ਹਨ।

ਗੁਰੂ ਨਾਨਕ ਮੈਰਾਥਨ (ਸਿੱਖ ਸਪੋਰਟਸ) ਤੇ ਸੈਨ-ਹੋਜ਼ੇ ਗੁਰੂ ਘਰ ਵੱਲੋਂ ਕਰਵਾਈ ਗਈ ਦੌੜ ’ਚ ਹਿੱਸਾ ਲਿਆ। ਨਿਆਗਰਾ ਫਾਲਜ਼ ’ਚ ਵੀ ਦੌੜ ਵਿਚ ਹਿੱਸਾ ਲਿਆ। ਹੁਣ ਤਮੰਨਾ ਹੈ ਕਿ ਲੰਡਨ, ਟੋਕੀਓ ਤੇ ਹੋਰ ਮੁਲਕਾਂ ਦੀਆਂ ਦੌੜਾਂ ’ਚ ਭਾਗ ਲਿਆ ਜਾਵੇ।

ਸਾਰੇ ਪੰਜਾਬੀਆਂ ਨੂੰ ਉਹਨਾਂ ਨੇ ਤੰਦਰੁਸਤ ਰਹਿਣ ਦਾ ਗੁਣ ਦੱਸਿਆ। ਸੋਹਣਾ ਖਾਓ, ਤੁਸੀਂ ਸਿਹਤ ਚੰਗੀ ਬਣਾ ਸਕਦੇ ਹੋ ਤੇ ਤੁਹਾਡੀ ਤੰਦਰੁਸਤੀ ਲਈ ਤੁਸੀਂ ਸੈਰ ਜ਼ਰੂਰ ਕਰੋ, ਨਾਲ ਬੱਚਿਆਂ ਨੂੰ ਵੀ ਸੈਰ ਕਰਨਾ, ਦੌੜਨਾ ਸਿਖਾਓ। ਚੰਗੀ ਖੁਰਾਕ ਖਾਣ ਨਾਲ ਤੁਹਾਡੀ ਸਿਹਤ ਚੰਗੀ ਬਣੇਗੀ। ’ਪਰਦੇਸ ਟਾਇਮਜ਼’ ਵੱਲੋਂ ਸ਼ੁਭ ਇੱਛਾਵਾਂ।

**– ਬਲਬੀਰ ਸਿੰਘ ਐਮ. ਏ.**

# ਪੰਜਾਬ ਵਿੱਚ ਰਿਹਾਇਸ਼ੀ ਕਲੋਨੀਆਂ ਦੀ ਸਮੱਸਿਆ

ਪੰਜਾਬ ਮੰਤਰੀ ਮੰਡਲ ਨੇ ਅਣਅਧਿਕਾਰਤ ਰਿਹਾਇਸ਼ੀ ਕਲੋਨੀਆਂ ਵਿੱਚ ਪਲਾਟਾਂ ਦੀ ਵਿਕਰੀ ਲਈ ਪੁੱਡਾ ਤੋਂ ਐਨਓਸੀ ਦੀ ਸ਼ਰਤ ਹਟਾਉਣ ਦਾ ਫੈਸਲਾ ਕੀਤਾ ਹੈ। ਇਸ ਫੈਸਲੇ ਦਾ ਮਕਸਦ ‘ਖਰੀਦਦਾਰਾਂ ਨੂੰ ਇਨ੍ਹਾਂ ਕਲੋਨੀਆਂ ਵਿੱਚ ਬੁਨਿਆਦੀ ਸਹੂਲਤਾਂ ਲਈ ਖੱਜਲ-ਖੁਆਰੀ ਤੋਂ ਬਚਾਉਣਾ’ ਦੱਸਿਆ ਗਿਆ ਹੈ ਜਦੋਂ ਕਿ ਜ਼ਮੀਨੀ ਹਕੀਕਤ ਵਿੱਚ ਇਸਦਾ ਖੋਖਲਾਪਣ ਬਹੁਤ ਸਪੱਸ਼ਟ ਹੈ। ਅਜਿਹੀ ਤਬਦੀਲੀ ਵਾਸਤੇ ਸਮੇਂ-ਸਮੇਂ ’ਤੇ ਪੰਜਾਬ ਅਪਾਰਟਮੈਂਟ ਅਤੇ ਪ੍ਰਾਪਰਟੀ ਰੈਗੂ-ਲੇਸ਼ਨ ਐਕਟ 1995 ਵਿੱਚ ਸੋਧ ਕੀਤੀ ਜਾਂਦੀ ਰਹੀ ਹੈ। ਜਦੋਂ ਵੀ ਵਿਰੁੱਧ ਕਾਨੂੰਨ ਨੂੰ ਹੋਰ ਸਖ਼ਤ ਬਣਾਉਣ ਲਈ ਐਕਟ ਵਿੱਚ ਸੋਧ ਕੀਤੀ ਗਈ ਤਾਂ ਇਸ ਨਾਲ ਪਹਿਲਾਂ ਦੇ ਗੁਨਾਹਾਂ ਨੂੰ ਛੋਟ ਦੇ ਦਿੱਤੀ ਗਈ। ਇਸ ਤੋਂ ਬਾਅਦ ਫਿਰ ਬਗੈਰ ਮਨਜ਼ੂਰੀ ਕਲੋਨੀ ਕੱਟਣ ਤੇ ਸਖ਼ਤ ਕਾਨੂੰਨੀ ਕਾਰਵਾਈ ਦੀ ਲਿਖਤੀ ਹਦਾਇਤ ਕੀਤੀ ਗਈ। ਫਿਰ ਕਲੋਨੀਆਂ ਕੱਟੀਆਂ ਗਈਆਂ ਅਤੇ ਕੁਝ ਸਾਲਾਂ ਬਾਅਦ ਕਾਨੂੰਨ ਵਿੱਚ ਫਿਰ ਸੋਧ ਕੀਤੀ ਗਈ ਅਤੇ ਇਸ ਤੋਂ ਪਹਿਲਾਂ ਦੇ ਗੁਨਾਹਾਂ ਨੂੰ ਛੋਟ ਮਿਲ ਗਈ।



ਪ੍ਰੋ. ਸੁਖਦੇਵ ਸਿੰਘ


ਉਦਾਹਰਣ ਵਜੋਂ, 2014 ਵਿੱਚ ਰਜਿਸਟਰਡ ਪ੍ਰਮੋਟਰਾਂ ਜਾਂ ਜਾਇਦਾਦ ਏਜੰਟਾਂ ਨਾਲ ਨਜਿੱਠਣ ਲਈ ਫਓਫ੍ਰਓ ਐਕਟ 1995 ਵਿੱਚ ਸੋਧ ਕਰ ਕੇ ਕਾਨੂੰਨ ਦੀ ਪਾਲਣਾ ਨਾ ਕਰਨ ਵਾਲੇ ਲਈ ਤਿੰਨ ਸਾਲ ਤੱਕ ਦੀ ਸਜ਼ਾ ਦੀ ਥਾਂ ਘੱਟੋ-ਘੱਟ ਤਿੰਨ ਸਾਲ ਜੋ ਕਿ ਸੱਤ ਸਾਲ ਤੱਕ ਹੋ ਸਕਦੀ ਹੈ, ਕੀਤਾ ਗਿਆ ਅਤੇ 10 ਹਜ਼ਾਰ ਰੁਪਏ ਤੱਕ ਦੇ ਜੁਰਮਾਨੇ ਨੂੰ ਘੱਟੋ-ਘੱਟ 2 ਲੱਖ ਰੁਪਏ ਤੋਂ 5 ਲੱਖ ਰੁਪਏ ਕਰ ਦਿੱਤਾ ਗਿਆ, ਪਰ ਜ਼ਮੀਨੀ ਹਕੀਕਤ ਜਿਉਂ ਦੀ ਤਿਉਂ ਰਹੀ।

ਪਿਛਲੇ ਸਮੇਂ ਦੌਰਾਨ ਸਾਲ 2010, 2013, 2014, 2016, 2018, 2021, 2022 ਵਿੱਚ ਜਾਰੀ ਕੀਤੇ ਨੋਟੀਫਿਕੇਸ਼ਨਾਂ ਰਾਹੀਂ ਖਰੀਦਦਾਰਾਂ ਨੂੰ ਧੋਖਾਧੜੀ ਤੋਂ ਬਚਾਉਣ ਦੇ ਨਾਂ ’ਤੇ ਕੋਲੋਨਾਈਜ਼ਰਾਂ ਦੇ ਅਪਰਾਧਾਂ ਨੂੰ ਮੁਆਫ਼ ਕਰਨ ਦਾ ਸਿਲਸਿਲਾ 1995 ਤੋਂ ਜਾਰੀ ਹੈ। ਪੰਜਾਬ ਅਪਾਰਟਮੈਂਟ ਐਂਡ ਪ੍ਰਾਪਰਟੀ ਰੈਗੂਲੇਸ਼ਨ ਐਕਟ (ਪਾਪਰਾ) ਕਾਨੂੰਨ ਵਿੱਚ ਸੋਧ ਕਰ ਕੇ ਹੋਰ ਸਖ਼ਤ ਧਾਰਾਵਾਂ ਤਾਂ ਜੋੜੀਆਂ ਜਾਂਦੀਆਂ ਹਨ ਪਰ ਇਹ ਅਮਲ ਵਿੱਚ ਨਹੀਂ ਆਉਂਦੀਆਂ ਸਗੋਂ ਕੁਝ ਸਮੇਂ ਬਾਅਦ ਨਵਾਂ ਨੋਟਫਿਕੇਸ਼ਨ ਜਾਰੀ ਹੋ ਜਾਂਦਾ ਹੈ ਤੇ ਇਹ ਸਿਲਸਿਲਾ ਚਲਦਾ ਰਹਿੰਦਾ ਹੈ। ਕਲੋਨਾਈਜ਼ਰਾਂ ਦੁਆਰਾ ਕੱਟੀਆਂ ਗਈਆਂ ਅਜਿਹੀਆਂ ਰਿਹਾਇਸ਼ੀ ਕਲੋਨੀਆਂ ਵਿੱਚ ਵਿਅਕਤੀਗਤ ਪਲਾਟ ਹੋਲਡਰਾਂ ਨੂੰ ਸਮੇਂ-ਸਮੇਂ ’ਤੇ ਵਿਕਾਸ ਖਰਚਿਆਂ ਵਜੋਂ ਕੁਝ ਫੀਸ ਅਦਾ ਕਰਕੇ ‘ਕੋਈ ਇਤਰਾਜ਼ ਨਹੀਂ ਸਰਟੀਫਿਕੇਟ’ ਲੈਣ ਦੀ ਸ਼ਰਤ ਲਗਾਈ ਜਾਂਦੀ ਹੈ ਜੋ ਉਨ੍ਹਾਂ ਨੂੰ ਕਲੋਨਾਈਜ਼ਰਾਂ ਦੇ ‘ਧੋਖੇ’ ਕਰ ਕੇ ਭਰਨੀ ਪੈਂਦੀ ਹੈ ਪਰ ਕਲੋਨਾਈਜ਼ਰ ਕੋਈ ਫੀਸ ਭਰਨ ਦੀ ਬਜਾਇ ਹੋਰ ਕਲੋਨੀਆਂ ਕੱਟਣ ਵਿੱਚ ਲੱਗੇ ਰਹਿੰਦੇ ਹਨ ਅਤੇ ਅਗਲੀ ਨੋਟਫਿਕੇਸ਼ਨ ਦੀ ਉਡੀਕ ਕਰਦੇ ਹਨ।

ਮਕਾਨਾਂ ਦੀ ਵਧਦੀ ਮੰਗ ਅਤੇ ਕੁਝ ਕਲੋਨਾਈਜ਼ਰਾਂ ਦੀਆਂ ਨਿਰੋਲ ਮੁਨਾਫੇ ਲਈ ਚਲਾਈਆਂ ਜਾਂ-ਦੀਆਂ ਅਜਿਹੀਆ ਗਤੀਵਿਧੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਜਾਂਚਣ,ਨਿਯਮਤ ਕਰਨ ਅਤੇ ਖਪਤਕਾਰਾਂ ਦੇ ਹਿੱਤਾਂ ਦੀ ਰੱਖਿਆ ਕਰਨ ਲਈ ‘ਪੰਜਾਬ ਐਂਡ ਪ੍ਰਾਪਰਟੀ ਰੈਗੂਲੇਸ਼ਨ ਐਕਟ’ 1995 ਪਾਸ ਕੀਤਾ ਗਿਆ। ਇਸ ਕਾਨੂੰਨ ਨੂੰ ਅਮਲ ਵਿੱਚ ਲਿਆਉਣ ਲਈ ‘ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ’ (ਪੁੱਡਾ) ਦੀ ਸਥਾਪਨਾ ਕੀਤੀ ਗਈ ਜਿਸ ਨੂੰ ਨਿੱਜੀ ਕਲੋਨਾਈਜ਼ਰਾਂ ਨੂੰ ਰਜਿਸਟਰ ਕਰਨ, ਲਾਇਸੈਂਸ ਜਾਰੀ ਕਰਨ ਅਤੇ ਉਹਨਾਂ ਦੀ ਮਾਲਕੀ ਵਾਲੀ ਜ਼ਮੀਨ ਦੀ ‘ਵਰਤੋਂ ਤਬਦੀਲੀ’ ਸੀਐਲਯੂ ਕਰ ਕੇ ਨਿਯਮਾਂ ਅਨੁਸਾਰ ਮਨਜ਼ੂਰਸ਼ੁਦਾ ਨਕਸ਼ੇ ਮੁਤਾਬਿਕ ਕਲੋਨੀਆਂ ਕੱਟਣ ਅਤੇ ਸਾਰੀਆਂ ਲੋੜੀਂਦੀਆਂ ਸਹੂਲਤਾਂ ਦਾ ਪ੍ਰਬੰਧ ਕਰਨ ਲਈ ਕਾਨੂੰਨੀ ਵਚਨਬੱਧਤਾ ਤੋਂ ਬਾਅਦ ਕਲੋ-ਨੀਆਂ ਵਿਕਸਤ ਕਰਨ ਦੀ ਮਨਜ਼ੂਰੀ ਦੇਣ ਅਤੇ ਐਕਟ 1995 ਦੇ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰਨ ਲਈ ਅਧਿਕਾਰਿਤ ਕੀਤਾ ਗਿਆ। ਤਨਖ਼ਾਹਾਂ ਅਤੇ ਬੁਨਿਆਦੀ ਢਾਂਚੇ ’ਤੇ ਭਾਰੀ ਵਿੱਤੀ ਬੋਝ ਦੇ ਨਾਲ ‘ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ’ ਅਤੇ ਇਸ ਤੋਂ ਬਾਅਦ ਦੀਆਂ ਖੇਤਰੀ ਅਥਾਰਿਟੀਆਂ ਨੂੰ ‘ਪ੍ਰਮੋਟਰਾਂ ਅਤੇ ਅਸਟੇਟ ਏਜੰਟਾਂ ’ਤੇ ਜ਼ਿੰਮੇਵਾਰੀਆਂ’ ਲਾਗੂ ਕਰਨ ਦਾ ਕੰਮ ਸੌਂਪਿਆ ਗਿਆ ਤਾਂ ਜੋ ਪ੍ਰਮੋਟਰ ਨਿਸਚਿਤ ਸਮਾਂ-ਸੀਮਾ ਅੰਦਰ ਸਾਰੀਆਂ ਨਾਗਰਿਕ ਸਹੂਲਤਾਂ ਪੈਦਾ ਕਰ ਕੇ ਸਬੰਧਤ ਵਿਭਾਗਾਂ ਤੋਂ ਐਨਓਸੀ ਲੈਣ ਉਪਰੰਤ ਆਪਣੀ ਕਲੋਨੀ ਸਬੰਧਤ ਨਗਰ ਨਿਗਮ ਜਾਂ ਨਗਰ ਪਾਲਿਕਾ ਨੂੰ ਸੌਂਪ ਦੇਣ। ਪੁੱਡਾ ਦੀ ਜ਼ਿ-ਮੇਵਾਰੀ ਅਣਅਧਿਕਾਰਤ ਕਲੋਨੀਆਂ ਦੇ ਵਾਧੇ ਨੂੰ ਰੋਕਣਾ ਅਤੇ ਨਿਯਮਾਂ ਅਨੁਸਾਰ ਅਧਿਕਾਰਤ ਕਾਲੋਨੀਆਂ ਵਿੱਚ ਵਿਕਾਸ ਯਕੀਨੀ ਬਣ-ਾਉਣਾ ਹੈ। ਪਰ ਬਦਕਿਸਮਤੀ ਨਾਲ ਪੁੱਡਾ ਆਪਣੀ ਇਹ ਦੋਹਰੀ ਜ਼ਿੰਮੇਵਾਰੀ ਨਿਭਾਉਣ ਵਿੱਚ ਅਸਫਲ ਰਿਹਾ ਹੈ: 1995 ਤੋਂ ਬਾਅਦ ਅਣਅਧਿਕਾਰਤ ਕਲੋਨੀਆਂ ਦੀ ਗਿਣਤੀ 15000 ਤੋਂ ਵੱਧ ਹੋ ਗਈ ਹੈ ਜਦ ਕਿ ਮੁਕਾਬਲਤਨ ਅਧਿ-ਕਾਰਤ ਕਲੋਨੀਆਂ ਦੀ ਗਿਣਤੀ ਬਹੁਤ ਘੱਟ ਹੈ। ਕਾਨੂੰਨੀ ਕਲੋਨੀਆਂ ਅਤੇ ਵਿਕਾਸ ਖਰਚਿਆਂ ਦੇ ਨਾਂ ’ਤੇ ਕਲੋਨਾਈਜ਼ਰ ਲਗਪਗ ਸਾਰੇ ਪਲਾਟ ਮਹਿੰਗੇ ਰੇਟ ਵੇਚ ਕੇ ਨਾਲ ਲੱਗਦੀ ਜ਼ਮੀਨ ਦਾ ਇਕ ਹਿੱਸਾ ਬਿਨਾਂ ਜ਼ਰੂਰੀ ਮਨਜ਼ੂਰੀਆਂ ਦੇ ਵੇਚ ਜਾਂਦੇ ਹਨ ਪਰ ਦੋ ਦਹਾਕੇ ਬੀਤ ਜਾਣ ਬਾਅਦ ਵੀ ਉਹ ਮਾਪਦੰਡਾਂ ਅਨੁਸਾਰ ਕਾਨੂੰਨੀ ਕਲੋਨੀਆਂ ਦਾ ਵਿਕਾਸ ਕਰਕੇ ਸਬੰਧਤ ਵਿਭਾਗਾਂ ਤੋਂ ਐਨਓਸੀ ਉਪਰੰਤ ਨਗਰ ਪਾਲਿਕਾ ਨੂੰ ਸੌਂਪਣ ਦਾ ਕੰਮ ਸਿਰੇ ਨਹੀਂ ਚਾੜਦੇ। ਵਿਡੰਬਨਾ ਇਹ ਹੈ ਕਿ ਵਿਕਾਸ ਅਧਿਕਾਰੀ ਨਾ ਆਪਣੇ ਆਪ ਅਤੇ ਨਾ ਹੀ ਸ਼ਿਕਾਇਤ ’ਤੇ ਇਸ ਸਬੰਧੀ ਕੋਈ ਸੰਜੀਦਾ ਕਾਰਵਾਈ ਕਰਦੇ ਹਨ। ਕਾਨੂੰਨੀ ਕਲੋਨੀਆਂ ਵਿੱਚ ਵਿਕਾਸ ਦੀ ਜ਼ਿੰਮੇਵਾਰੀ ਨਾ ਤਾਂ ਡਿਵੈਲਪਰ ਅਤੇ ਨਾ ਹੀ ਪੁੱਡਾ ਸਮੇਤ ਕੋਈ ਵੀ ਸਰਕਾਰੀ ਏਜੰਸੀ ਲੈਂਦੀ ਹੈ। ਦੂਜੇ ਪਾਸੇ ਗੈਰਕਾਨੂੰਨੀ ਕਲੋਨੀਆਂ ਵਿੱਚ ਵਿਕਾਸ ਸਬੰਧੀ ਕਿਸੇ ਦੀ ਲਿਖਤੀ ਜ਼ਿੰਮੇਵਾਰੀ ਦੀ ਅਣਹੋਂਦ ਕਰ ਕੇ, ਵੋਟਾਂ ਦੇ ਦਬਾਅ ਹੇਠ ਕੱਚਾ ਪੱਕਾ ਵਿਕਾਸ ਸਰਕਾਰੀ ਏਜੰਸੀ ਕਰਦੀਆਂ ਹਨ। ਦੋਵੇਂ ਹਾਲਤਾਂ ਵਿੱਚ ਫਾਇਦਾ ਕਲੋਨਾਈਜ਼ਰ ਦਾ ਹੁੰਦਾ ਹੈ। ਹਾਲਾਂਕਿ ਨਿਯਮਾਂ ਅਨੁਸਾਰ ਪੁੱਡਾ ਅਧਿਕਾਰੀ ਨੂੰ ਗੈਰਕਾਨੂੰਨੀ ਕਲੋਨੀਆਂ ਕੱਟਣ ਤੇ ਸਖਤ ਰੋਕ ਲਗਾਉਣੀ ਚਾਹੀਦੀ ਹੈ ਅਤੇ ਕਾਨੂੰਨੀ ਕਲੋਨੀਆਂ ਵਿੱਚ ਕਲੋਨਾਈਜ਼ਰ ਦੇ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰਦੇ ਹੋਏ ਕਲੋਨਾਈਜ਼ਰ ਦੁਆਰਾ ਪੁੱਡਾ ਕੋਲ ਗਿਰਵੀ ਰੱਖੀਆਂ ਜਾਇਦਾਦਾਂ ਅਤੇ ਬੈਂਕ ਗਾਰੰਟੀਆਂ ਨੂੰ ਜ਼ਬਤ ਕਰ ਕੇ ਵਿਕਾਸ ਕਾਰਜ ਸਮੇਂ ਸਿਰ ਪੂਰੇ ਕਰਨੇ ਚਾਹੀਦੇ ਹਨ ਤਾਂ ਕਿ ਕਾਨੂੰਨੀ ਕਲੋਨੀਆਂ ਦੇ ਪਲਾਟ ਮਾਲਕਾਂ ਨੂੰ ਕਾਨੂੰਨੀ ਕਲੋਨੀਆਂ ਤੇ ਭਰੋਸਾ ਬਣੇ। ਪਰ ਪੁੱਡਾ ਅਧਿਕਾਰੀ ਕਲੋਨਾਈਜ਼ਰ ਦਾ ਪੱਖ ਪੂਰਦੇ ਹੋਏ ਸਾਲ-ਦਰ-ਸਾਲ ਵਿਕਾਸ ਕਾਰਜਾਂ ਦੀ ਮਿਆਦ ਵਿੱਚ ਵਾਧੇ ਦੀ ਪ੍ਰਵਾਨਗੀ ਦਿੰਦੇ ਜਾਂਦੇ ਹਨ ਜਦੋਂ ਕਿ ਪਲਾਟ ਖਰੀਦਦਾਰ ਇੱਕ ‘ਕਾਨੂੰਨੀ’ ਕਲੋਨੀ ਵਿੱਚ ‘ਕਾਨੂੰਨੀ’ ਪਲਾਟ ’ਤੇ ਵੀ ਘਰ ਨਹੀਂ ਬਣਾ ਸਕਦੇ ਕਿਉਂਕਿ ਕਲੋਨਾਈਜ਼ਰ ਕਲੋਨੀ ਵਿੱਚ ਬਿਜਲੀ ਦੇਣ ਲਈ ਯੋਗ ਪ੍ਰਬੰਧ ਕਰ ਕੇ ਪਾਵਰਕੌਮ ਤੋਂ ਐਨਓਸੀ ਨਹੀਂ ਲੈਂਦਾ, ਇਸ ਲਈ ਪਾਵਰਕੌਮ ਪਲਾਟ ਮਾਲਕਾਂ ਨੂੰ ਬਿਜਲੀ ਦਾ ਕੁਨੈਕਸ਼ਨ ਨਹੀਂ ਦਿੰਦਾ। ਇੰਜ ਹੈ ਕਿ ਕਾਨੂੰਨੀ ਕਲੋਨੀ ਦੀ ਦੁਖਦਾਈ ਦਾਸਤਾਨ ਇਹ ਹੈ ਕਿ ਗੁਨਾਹ ਕਲੋਨਾਈਜ਼ਰ ਦਾ, ਜ਼ਿੰਮੇਵਾਰੀ ਦੀ ਉਲੰਘਣਾ ਪੁੱਡਾ ਅਧਿਕਾਰੀ ਦੀ ਪਰ ਸਜ਼ਾ ਪਲਾਟ ਮਾਲਕਾਂ ਨੂੰ। ਅਜਿਹੇ ਵਿੱਚ ਕਾਨੂੰਨੀ ਕਲੋਨੀ ਦੇ ਪਲਾਟ ਖਰੀਦਦਾਰ ‘ਕਾਨੂੰਨੀ’ ਤੌਰ ’ਤੇ ਠੱਗੇ ਹੋਏ ਮਹਿਸੂਸ ਕਰਦੇ ਹਨ। ਦੂਜੇ ਪਾਸੇ ਗੈਰਕਾਨੂੰਨੀ ਕਲੋਨੀਆਂ ਵਿੱਚ ਕਦੇ ਐਨਓਸੀ ਦੀ ਲੋੜ ਅਤੇ ਕਦੇ ਇਸ ਦੀ ਮੁਆਫੀ ਸ਼ਹਿਰੀ ਵਿਕਾਸ ਦੀ ਨੀਤੀ ਨਹੀਂ, ਰਾਜਨੀਤੀ ਦੀ ਖੇਡ ਬਣ ਜਾਂਦੀ ਹੈ ਅਤੇ ਕਾਨੂੰਨੀ ਕਲੋਨੀਆਂ ਦੇ ਵਿਕਾਸ ਦੀ ਕੋਈ ਗੱਲ ਹੀ ਨਹੀਂ ਹੁੰਦੀ।




# ਸਿਵਲ ਸੇਵਾਵਾਂ ’ਚ ਸਿਆਸੀ ਦਖ਼ਲ ਦੇ ਮਾਇਨੇ



ਗੁਰਬਚਨ ਜਗਤ

ਇਹ ਗੱਲ ਨੱਬੇ ਦੇ ਦਹਾਕੇ ਦੇ ਲਗਪਗ ਅੱਧ ਦੀ ਹੈ ਜਦੋਂ ਮੈਂ ਇਕ ਪ੍ਰਸ਼ਾਸਕੀ ਅਹੁਦੇ ’ਤੇ ਚੰਡੀਗੜ੍ਹ ਸਥਿਤ ਪੁਲੀਸ ਹੈ-ਡਕੁਆਰਟਰ ’ਚ ਤਾਇਨਾਤ ਸੀ। ਇਕ ਦਿਨ ਦੁਪਹਿਰ ਬਾਅਦ, ਡਾਇਰੈਕਟਰ ਜਨਰਲ-ਪੁਲੀਸ (ਡੀਜੀਪੀ) ਨੇ ਮੈਨੂੰ ਫੋਨ ਕੀਤਾ ਅਤੇ ਇੱਛਾ ਜ਼ਾਹਿਰ ਕੀਤੀ ਕਿ ਮੈਂ ਪੰਜਾਬ ਭਵਨ ’ਚ ਮੁੱਖ ਮੰਤਰੀ ਨਾਲ ਇਕ ਮੀਟਿੰਗ ਲਈ ਉਨ੍ਹਾਂ ਦੇ ਨਾਲ ਚੱਲਾਂ। ਅਸੀਂ ਦੋਵੇਂ ਉੱਥੇ ਮਿੱਥੇ ਸਮੇਂ ’ਤੇ ਪਹੁੰਚ ਗਏ ਪਰ ਮੁੱਖ ਮੰਤਰੀ ਅਜੇ ਨਹੀਂ ਆਏ ਸਨ; ਕੁਝ ਸਮੇਂ ਬਾਅਦ, ਮੁੱਖ ਮੰਤਰੀ ਦਾ ਇਕ ਸਹਿਯੋਗੀ ਉਨ੍ਹਾਂ ਵੱਲੋਂ ਉੱਥੇ ਅੱਪੜਿਆ। ਹਾਲ-ਚਾਲ ਪੁੱਛਣ ਤੋਂ ਬਾਅਦ, ਮੰਤਰੀ ਨੇ ਆਪਣੀ ਜੇਬ ਵਿਚੋਂ ਕਾਗਜ਼ ਦਾ ਇਕ ਟੁਕੜਾ ਕੱਢਿਆ ਤੇ ਡੀਜੀਪੀ ਨੂੰ ਫੜਾ ਦਿੱਤਾ। ਮੇਰਾ ਅਫ਼ਸਰ ਗੁੱਸੇ ’ਤੇ ਕਾਬੂ ਨਾ ਰੱਖ ਸਕਣ ਵਾਲੇ ਅਧਿਕਾਰੀ ਵਜੋਂ ਜਾਣਿਆ ਜਾਂਦਾ ਸੀ ਤੇ ਮੈਂ ਉਨ੍ਹਾਂ ਨੂੰ ਲਾਲ ਹੁੰਦਿਆਂ ਦੇਖ ਸਕਦਾ ਸੀ। ਉਨ੍ਹਾਂ ਨੇ ਕਾਗਜ਼ ਮੈਨੂੰ ਫੜਾ ਦਿੱਤਾ; ਇਸ ’ਚ ਕਰੀਬ 20 ਤਬਾਦਲਿਆਂ ਦੀ ਸੂਚੀ ਸੀ। ਤਜਵੀਜ਼ਤ ਤਬਾਦਲੇ ਇਕੋ ਸਿਧਾਂਤ ’ਤੇ ਅਧਾਰਿਤ ਸਨ: ਸਾਰੇ ਕੰਮਚੋਰ ਫੀਲਡ ’ਚ ਜਾਣਗੇ ਤੇ ਸਾਰੇ ਚੰਗੇ ਅਧਿਕਾਰੀ ਡੈਸਕ ’ਤੇ ਆਉਣਗੇ। ਡੀਜੀਪੀ ਨੇ ਮੇਰੀ ਰਾਇ ਪੁੱਛੀ, ਮੈਂ ਉਨ੍ਹਾਂ ਦਾ ਪੱਖ ਪੂਰਿਆ ਤੇ ਕਿਹਾ ਕਿ ਇਕ ਵੀ ਪ੍ਰਸਤਾਵ ਸਵੀਕਾਰਨ ਯੋਗ ਨਹੀਂ ਹੈ। ਡੀਜੀਪੀ ਉੱਠ ਖੜ੍ਹੇ ਹੋਏ, ਤੇ ਜਿਵੇਂ ਹੀ ਅਸੀਂ ਉਥੋਂ ਤੁਰਨ ਲੱਗੇ, ਮੰਤਰੀ ਨੇ ਸੁਝਾਅ ਦਿੱਤਾ ਕਿ ਅਸੀਂ ਮਾਮਲੇ ’ਤੇ ਵਿਚਾਰ ਕਰ ਸਕਦੇ ਹਾਂ ਤੇ ਕੁਝ ਤਬ-ਦੀਲੀਆਂ ਵੀ ਕਰ ਸਕਦੇ ਹਾਂ। ਡੀਜੀਪੀ ਨੂੰ ਲਗਭਗ ਸਾਫ਼-ਸਪੱਸ਼ਟ ਦੱਸ ਦਿੱਤਾ ਗਿਆ ਸੀ ਕਿ ਕੋਈ ਤੋਲ-ਮੋਲ ਨਹੀਂ ਹੋਣਾ, ਤੇ ਇਸ ਮਗਰੋਂ ਅਸੀਂ ਮੀਟਿੰਗ ’ਚੋਂ ਉੱਠ ਤੁਰੇ। ਮੈਂ ਡੀ-ਜੀਪੀ ਨੂੰ ਉਨ੍ਹਾਂ ਦੇ ਘਰੇ ਲਾਹਿਆ ਅਤੇ ਕਿਹਾ ਕਿ ਤਬਾਦਲੇ ਲਈ ਤਿਆਰ ਰਹੀਏ। ਦੋ ਦਿਨਾਂ ਬਾਅਦ, ਸਾਨੂੰ ਦੋਵਾਂ ਨੂੰ ਬਦਲ ਦਿੱਤਾ ਗਿਆ ਤੇ ਨਾਲ ਹੀ ਮੁੱਖ ਸਕੱਤਰ ਨੂੰ ਵੀ (ਸਾਫ਼ ਸੀ ਕਿ ਉਨ੍ਹਾਂ ਨਾਲ ਵੀ ਇਸੇ ਤਰ੍ਹਾਂ ਹੋਇਆ ਸੀ)। ਹਾਲਾਂਕਿ, ਸਮੇਂ ਵੱਖਰੇ ਸਨ ਅਤੇ ਕਦਰਾਂ ਤੇ ਸਿਧਾਂਤਾਂ ਦੀ ਹੋਂਦ ਅਜੇ ਹੈ ਸੀ, ਜਿਨ੍ਹਾਂ ਕਰ ਕੇ ਸਾਡਾ ਕਿਸੇ ਦਾ ਵੀ ਕਰੀਅਰ ਬੁਰੀ ਤਰ੍ਹਾਂ ਪ੍ਰਭ-ਾਵਿਤ ਨਹੀਂ ਹੋਇਆ। ਬਲਕਿ, ਡੀਜੀਪੀ ਇਕ ਸੂਬੇ ਦੇ ਰਾਜਪਾਲ ਬਣ ਕੇ ਵਿਦਾ ਹੋਏ, ਮੁੱਖ ਸਕੱਤਰ ਪ੍ਰਧਾਨ ਮੰਤਰੀ ਦੇ ਪ੍ਰਿੰਸੀਪਲ ਸਕੱਤਰ ਬਣ ਗਏ ਤੇ ਮੈਨੂੰ ਜੰਮੂ ਕਸ਼ਮੀਰ ਦਾ ਡੀਜੀਪੀ ਲਾ ਦਿੱਤਾ ਗਿਆ।

ਇਹ ਘਟਨਾ ਉਦੋਂ ਵਾਪਰੀ ਸੀ ਜਦ ਅਸੀਂ ਅਜੇ ਅਤਿਵਾਦ ਦੇ ਮੁਸ਼ਕਲ ਦੌਰ ’ਚੋਂ ਪੂਰੀ ਤਰ੍ਹਾਂ ਬਾਹਰ ਨਹੀਂ ਨਿਕਲ ਸਕੇ ਸੀ। ਨਹੀਂ ਤਾਂ, ਨਿਯੁਕਤੀਆਂ ਤੇ ਤਬਾਦਲਿਆਂ ਸਬੰਧੀ ਪੁਰਾਣੇ ਨਿਯਮ ਤੇ ਕਾਇਦੇ ਹੀ ਵਰਤੇ ਜਾ ਰਹੇ ਸਨ। ਤਜਵੀਜ਼ਾਂ ਡੀਜੀਪੀ ਤੋਂ ਗ੍ਰਹਿ ਵਿਭਾਗ ਨੂੰ ਭੇਜੀਆਂ ਜਾਂਦੀਆਂ ਸਨ



ਤੇ ਜੇ ਕੋਈ ਫ਼ਰਕ ਰਹਿ ਜਾਂਦਾ ਸੀ, ਉਸ ਨੂੰ ਗ੍ਰਹਿ ਸਕੱਤਰ ਤੇ ਡੀਜੀਪੀ ਮਿਲ ਕੇ ਦੂਰ ਕਰ ਲੈਂਦੇ ਸਨ ਅਤੇ ਨਾਂ ਮੁੱਖ ਮੰਤਰੀ ਨੂੰ ਭੇਜ ਦਿੱਤੇ ਜਾਂਦੇ ਸਨ। ਅਤਿਵਾਦ ਦੇ ਕਾਰਨ, ਡੀਜੀਪੀ ਦੇ ਪ੍ਰਸਤਾਵਾਂ ਨੂੰ ਹੀ ਜ਼ਿਆਦਾਤਰ ਮੰਨਿਆ ਜਾਂਦਾ ਸੀ। ਹਾਲਾਂਕਿ ਇਸ ਤੋਂ ਪਹਿਲਾਂ ਅਤੇ ਆਜ਼ਾਦੀ ਤੋਂ ਪਹਿਲਾਂ ਦੇ ਵੇਲਿਆਂ ’ਚ ਵੀ ਇਹੀ ਪ੍ਰਕਿਰਿਆ ਹੁੰਦੀ ਸੀ ਅਤੇ ਇਸ ਦਾ ਪਾਲਣ ਕੀਤਾ ਜਾਂਦਾ ਸੀ। ਇਨ੍ਹਾਂ ਮਾਮਲਿਆਂ ’ਚ ਵਿਆਪਕ ਪੱਧਰ ’ਤੇ ਸਿਆਸੀ ਦਖ਼ਲ ਦਾ ਸਵਾਲ ਹੀ ਨਹੀਂ ਸੀ ਹੁੰਦਾ। ਉੱਨ੍ਹੀਵੀਂ ਸਦੀ ਦੇ ਅੱਧ ’ਚ ਭਾਰਤੀ ਸਿਵਲ ਸੇਵਾਵਾਂ (ਆਈਸੀਐੱਸ) ਵਿਚ ਸੁਧਾਰ ਕੀਤੇ ਗਏ (ਆਈਸੀਐੱਸ ’ਤੇ ਲਾਰਡ ਮੈਕਾਲੇ ਦੀ 1854 ਦੀ ਰਿਪੋਰਟ ਦੇ ਅਧਾਰ ਉਤੇ) ਤੇ ਭਰਤੀ ਨੂੰ ਸਰਪ੍ਰਸਤੀ ਤੋਂ ਮੈਰਿਟ ਆਧਾਰਿਤ ਢਾਂਚੇ ਵੱਲ ਲਿਆਂਦਾ ਗਿਆ। ਇਹੀ ਸੁਧਾਰ ਬਰਤਾਨਵੀ ਗ੍ਰਹਿ ਸਿਵਲ ਸੇਵਾ ਵਿਚ ਵੀ ਲਾਗੂ ਕੀਤੇ ਗਏ। ਐਲਕੇ ਫਰੈਂਕ (ਹੰਟਰ ਕਾਲਜ, ਸਿਟੀ ਯੂਨੀਵਰਸਿਟੀ ਆਫ ਨਿਊਯਾਰਕ) ਵੱਲੋਂ ਲਿਖੇ ਇਕ ਪੇਪਰ ਵਿਚ, ਉਨ੍ਹਾਂ ਪਰਿਵਰਤਨ ਵੇਲੇ ਨੌਕਰਸ਼ਾਹੀ ਦੀ ਅਹਿਮੀਅਤ ਬਾਰੇ ਦੱਸਿਆ ਹੈ: ‘‘ਕਿਉਂਕਿ ਨੌਕਰਸ਼ਾਹੀ ‘ਆਧੁਨਿਕ ਸ਼ਾਸਨ ਪ੍ਰਬੰਧ ਦਾ ਮੂਲ ਹੈ’, ਇਸ ਲਈ ਸਿਆਸੀ ਤਬ-ਦੀਲੀ ਦੀ ਪ੍ਰਕਿਰਿਆ ਵਿਚ ਨੌਕਰਸ਼ਾਹਾਂ ਦਾ ਰੋਲ ਵਿਸ਼ੇਸ਼ ਤੌਰ ’ਤੇ ਅਹਿਮ ਹੁੰਦਾ ਹੈ। ਜਦ ਇਕ ਸਰਕਾਰ ਦੂਜੀ ਦੀ ਥਾਂ ਲੈਂਦੀ ਹੈ, ਉਦੋਂ ਸੱਤਾ ਦਾ ਤਬਾਦਲਾ ਜਾਂ ਤਾਂ ਸਿਆਸੀ ਢਾਂਚੇ ਵਿਚ ਕ੍ਰਾਂਤੀਕਾਰੀ ਬਦਲਾਅ ਨੂੰ ਦਰਸਾਉਂਦਾ ਹੈ, ਜਾਂ ਫੇਰ ਇਹ ਸਥਾਪਿਤ ਸੰਵਿਧਾਨਕ ਢਾਂਚੇ ਦੇ ਅੰਦਰ ਮਹਿਜ਼ ਇਕ ਧਿਰ ਦੀ ਹੋਣੀ ’ਚ ਹੋ ਰਿਹਾ ਪਰਿਵਰਤਨ ਹੁੰਦਾ ਹੈ, ਨੌਕਰਸ਼ਾਹਾਂ ਤੋਂ ਅਹੁਦਿਆਂ ’ਤੇ ਬਣੇ ਰਹਿਣ ਅਤੇ ਆਮ ਵਾਂਗ ਸਰਕਾਰੀ ਗਤੀਵਿਧੀਆਂ ’ਚ ਸ਼ਾਮਲ ਹੁੰਦੇ ਰਹਿਣ ਦੀ ਉਮੀਦ ਕੀਤੀ ਜਾਂਦੀ ਹੈ। ਨੀਤੀਆਂ ’ਚ ਭਾਵੇਂ ਕਿੰਨੇ ਵੀ ਕਠੋਰ ਬਦਲਾਅ ਕਿਉਂ ਨਾ ਆ ਜਾਣ, ਸਰਕਾਰ ਦਾ ਪਹੀਆ ਸ਼ਾਇਦ ਪੂਰੀ ਤਰ੍ਹਾਂ ਕਦੇ ਨਾ ਰੁਕੇ। ਜ਼ਰੂਰੀ ਯੋਜਨਾਵਾਂ ਤੇ ਗਤੀਵਿਧੀਆਂ ਚੱਲਦੀਆਂ ਹੀ ਰਹਿਣੀਆਂ ਚਾਹੀਦੀਆਂ ਹਨ; ਬੁਨਿਆਦੀ ਵਚਨਬੱਧਤਾਵਾਂ ਦਾ ਹਰ ਹਾਲ ਸਤਿਕਾਰ ਹੋਣਾ ਚਾਹੀਦਾ ਹੈ, ਤਾਂ ਕਿ ਸੰਪੂਰਨ ਸਮਾਜਿਕ ਤਾਣਾ-ਬਾਣਾ ਟੁਕੜੇ-ਟੁਕੜੇ ਨਾ ਹੋਵੇ।’’

ਸ਼੍ਰੇਸ਼ਠਤਾ ਦੀ ਬੁਨਿਆਦ ਇਹੀ ਹੈ ਕਿ ਮੁੱਢਲੀਆਂ ਵਚਨਬੱਧਤਾਵਾਂ ਦਾ ਹਰ ਹਾਲ ਸਤਿਕਾਰ ਹੋਵੇ, ਜੋ ਜਮਹੂਰੀਅਤ ਤੇ ਇਕ ਸਮਰੱਥ ਸਰਕਾਰ ਦਾ ਕੇਂਦਰ ਬਿੰਦੂ ਹਨ। ਹਾਲਾਂਕਿ ਸਿਆਸੀ ਤੇ ਪ੍ਰਸ਼ਾਸਕੀ ਸਮਰੱਥਾ, ਜਵਾਬਦੇਹੀ ਅਤੇ ਨੈਤਿਕਤਾ ਦੇ ਮਿਆਰਾਂ ’ਚ ਨਿਘਾਰ ਦੇ ਨਾਲ ਹੀ ਸਿਵਲ ਸੇਵਾਵਾਂ ’ਚ ਬਾਹਰੀ ਦਖ਼ਲ ਸ਼ੁਰੂ ਹੋ ਗਿਆ। ਇਹ ਸੱਤਾ ਵਿਚ ਬੈਠੇ ਉਨ੍ਹਾਂ ਲੋਕਾਂ ਨਾਲ ਸ਼ੁਰੂ ਹੋਇਆ ਜਿਹੜੇ ਆਪਣੇ ਰਸੂਖ਼ ਵਾਲੇ ਖੇਤਰਾਂ ’ਚ ਆਪਣੀ ਮਰਜ਼ੀ ਦੇ ਅਫ਼ਸਰ ਚਾਹੁੰਦੇ ਸਨ ਤੇ ਅਧਿਕਾਰੀਆਂ ਨੇ ਵੀ ਆਪਣੀ ਮਰਜ਼ੀ ਦੀਆਂ ਪਦਵੀਆਂ ਲੈਣ ਲਈ ਸਿਆਸੀ ਸੰਪਰਕ ਵਰਤਣੇ ਸ਼ੁਰੂ ਕਰ ਦਿੱਤੇ। ਇਕ ਤਰ੍ਹਾਂ ਦਾ ਲੈਣ-ਦੇਣ ਸਥਾਪਿਤ ਹੋ ਗਿਆ। ਬੂੰਦ-ਬੂੰਦ ਤੋਂ ਸ਼ੁਰੂ ਹੋਇਆ ਵਰਤਾਰਾ ਮਗਰੋਂ ਹੜ੍ਹ ਬਣ ਗਿਆ ਜਿਸ ਲਈ ‘ਫਲੱਡਗੇਟ’ ਖੋਲ੍ਹਣੇ ਪਏ। ਇਸ ਦਾ ਕਾਰਨ ਸੀ ਸਿਵਲ ਸੇਵਾਵਾਂ ਦਾ ਸਿਆਸੀਕਰਨ ਤੇ ਰਾਜਸੀ ਆਗੂਆਂ-ਅਪਰਾਧੀਆਂ-ਪੁਲੀਸ ਦੀ ਮਿਲੀਭੁਗਤ, ਜਿਸ ਨੂੰ ਸਿਆਸੀ ਧਿਰਾਂ ਵੱਲੋਂ ਸ਼ੁਰੂ ਕੀਤੇ ਹਲਕਾ ਇੰਚਾਰਜਾਂ (ਵੱਖ-ਵੱਖ ਰਾਜਾਂ ਵਿਚ ਹਲਕਾ ਇੰਚਾਰਜਾਂ ਲਈ ਕਈ ਤਰ੍ਹਾਂ ਦੇ ਨਾਂ ਵਰਤੇ ਜਾਂਦੇ ਹਨ) ਦੇ ਤੰਤਰ ਨੇ ਹੋਰ ਤਿੱਖਾ ਕੀਤਾ। ਸਿਵਲ ਅਧਿਕਾਰੀਆਂ ਨੇ ਸ਼ਰੇਆਮ ਆਪਣੇ ਸਿਆਸੀ ਸਰਪ੍ਰਸਤਾਂ ਨਾਲ ਕਤਾਰਬੰਦੀ ਕਰ ਲਈ ਤੇ ਬਦਲੇ ’ਚ ਆਪਣੇ ਸਿਆਸੀ ਆਕਾਵਾਂ ਦੀ ਪੈਸੇ ਅਤੇ ਬਾਹੂਬਲ ਨਾਲ ਮਦਦ ਕਰਨ ਲਈ ਅਪਰਾਧਕ ਗੈਂਗਾਂ ਨੂੰ ਸਰਪ੍ਰਸਤੀ ਦਿੱਤੀ। ਜ਼ਿਲ੍ਹਾ ਤੇ ਸਬ-ਡਿਵੀਜ਼ਨ ਪੱਧਰਾਂ ਉਤੇ ਡੀਐੱਸਪੀ, ਐੱਸਡੀਐੱਮ ਤੇ ਐੱਸਐੱਚਓ ਜਿਹੇ ਅਧਿਕਾਰੀਆਂ ਦੇ ਤਬਾਦਲੇ ਹਲਕਾਂ ਇੰ-ਚਾਰਜਾਂ ਹਵਾਲੇ ਕਰ ਦਿੱਤੇ ਗਏ, ਜੋ ਇਨ੍ਹਾਂ ਅਧਿਕਾਰੀਆਂ ਲਈ ਇਕ ਮਾਧਿਅਮ ਬਣ ਗਏ, ਜਿਨ੍ਹਾਂ ਦੀ ਵਫ਼ਾਦਾਰੀ ਉਨ੍ਹਾਂ ਦੇ ਸੀਨੀਅਰਾਂ ਲਈ ਖ਼ਤਮ ਹੋ ਗਈ ਤੇ ਉਹ ਮਾਫੀਆ ਦੀ ਸੇਵਾ ’ਚ ਲੱਗ ਗਏ। ਇਸ ਚੀਜ਼ ਨੇ ਸਿਵਲ ਸੇਵਾਵਾਂ ਵਿਚ ਲੜੀ ਨੂੰ ਬੁਰੀ ਤਰ੍ਹਾਂ ਤੋੜ ਦਿੱਤਾ ਤੇ ਨੈਤਿਕ ਕਦਰਾਂ-ਕੀਮਤਾਂ ਵੀ ਖੂੰਜੇ ਲੱਗ ਗਈਆਂ। ਇਸ ਦੇ ਨਾਲ ਹੀ ਉਹ ਦਿਨ ਵੀ ਲੱਦ ਗਏ ਜਦ ਸਿਵਲ ਸੇਵਾਵਾਂ ਕਾਨੂੰਨ ਦੇ ਸ਼ਾਸਨ ਪ੍ਰਤੀ ਸਮ-ਰਪਿਤ ਹੁੰਦੀਆਂ ਸਨ। ਕਈ ਚੰਗੇ ਅਧਿਕਾਰੀਆਂ ਨੂੰ ਜਾਂ ਤਾਂ ਪਾਸੇ ਕਰ ਦਿੱਤਾ ਗਿਆ ਜਾਂ ਫੇਰ ਉਨ੍ਹਾਂ ਭਾਰਤ ਸਰਕਾਰ ਵਿਚ ਡੈਪੂਟੇਸ਼ਨ ਲਈ ਅਰਜ਼ੀ ਦੇ ਦਿੱਤੀ (ਉੱਥੇ ਇਹ ਅਲਾਮਤ ਥੋੜ੍ਹੀ ਦੇਰ ਬਾਅਦ ਫੈਲੀ, ਪਰ ਹੁਣ ਪੂਰੀਆਂ ਜੜ੍ਹਾਂ ਫੜ ਚੁੱਕੀ ਹੈ)।


ਪੈਸੇ ਤੇ ਤਾਕਤ ਲਈ ਵਧਦੀ ਲਾਲਸਾ ਕਾਰਨ, ਭ੍ਰਿਸ਼ਟਾਚਾਰ ਵੀ ਕਈ ਗੁਣਾ ਵਧ ਗਿਆ ਤੇ ਸੰਗਠਿਤ ਅਪਰਾਧਕ ਗਰੁੱਪਾਂ ਤੋਂ ਖੁੱਲ੍ਹਾ ‘ਨਾਜਾਇਜ਼’ ਪੈਸਾ ਆਉਣਾ ਸ਼ੁਰੂ ਹੋ ਗਿਆ ਜਿਹੜੇ ਬਾਹੂਬਲ ਵੀ ਉਪਲੱਬਧ ਕਰਾ ਰਹੇ ਸਨ। ਇੱਥੋਂ ਤਸਕਰਾਂ, ਨਸ਼ਿਆਂ ਤੇ ਕਾਲੇ ਧਨ ਨੂੰ ਸਫੈਦ ਕਰਨ ਵਾਲੇ ਮਾਫੀਆ ਦੀ ਸ਼ੁਰੂਆਤ ਹੋਈ—- ਜਿਨ੍ਹਾਂ ਨੂੰ ਗੈਂਗ ਕਿਹਾ ਗਿਆ। ਗੈਂਗ, ਜਿਨ੍ਹਾਂ ਬਾਰੇ ਪਹਿਲਾਂ ਕਿਸੇ ਨੇ ਵੀ ਨਹੀਂ ਸੁਣਿਆ ਸੀ, ਹੁਣ ਇਨ੍ਹਾਂ ਦੇ ਪਸਾਰੇ ਨਾਲ ਨਜਿੱਠਣਾ ਵੀ ਮੁਸ਼ਕਲ ਹੋ ਗਿਆ ਹੈ। ਗੈਂਗਾਂ ’ਚ ਆਪਸੀ ਗੋਲੀਬਾਰੀ, ਜੇਲ੍ਹਾਂ ਵਿਚ ਲੜਾਈਆਂ ਤੇ ਡਰੱਗ ਮਾਫੀਆ ’ਚ ਹੱਤਿਆਵਾਂ ਵਰਗੀਆਂ ਘਟਨਾਵਾਂ ਆਮ ਵਾਪਰ ਰਹੀਆਂ ਹਨ। ਇੱਥੇ ਤੇ ਬਾਹਰ ਫੈਲੇ ਹੋਏ ਤੰਤਰ ’ਚ, ਕਿਤੇ-ਨਾ-ਕਿਤੇ ਸਿਆਸੀ ਪਾਰਟੀਆਂ ਦਾ ਹੱਥ ਜ਼ਰੂਰ ਹੁੰਦਾ ਹੈ। ਜਿਸ ਤਰੀਕੇ ਨਾਲ ਲੋਕ ਸਭਾ ਤੇ ਵਿਧਾਨ ਸਭਾ ਦੀਆਂ ਚੋਣਾਂ ਹੋ ਰਹੀਆਂ ਹਨ, ਇਹ ਤੰਤਰ ਹੋਰ ਵੀ ਜ਼ਿਆਦਾ ਮਜ਼ਬੂਤ ਹੋ ਗਿਆ ਹੈ, ਕਿਉਂਕਿ ਦੋਵਾਂ ਵਿਚ ਪਹਿਲਾਂ ਨਾਲੋਂ ਵੱਧ ਪੈਸੇ ਤੇ ਬਾਹੂਬਲ ਦੀ ਲੋੜ ਹੈ।

ਮੈਂ ਕਈ ਥਾਵਾਂ ’ਤੇ ਵੱਖ-ਵੱਖ ਅਹੁਦਿਆਂ ਉਤੇ ਰਹਿੰਦਿਆਂ ਕਈ ਚੋਣ ਪ੍ਰਕਿਰਿਆਵਾਂ ਦਾ ਹਿੱਸਾ ਰਿਹਾ ਹਾਂ। ਸਾਰੀ ਜ਼ਿੰਦਗੀ, ਮੈਨੂੰ ਇਹ ਸਮਝ ਨਹੀਂ ਆ ਸਕਿਆ ਕਿ ਚੋਣਾਂ ਤੋਂ ਬਿਲਕੁਲ ਪਹਿਲਾਂ ਪੁਲੀਸ ਤੇ ਹੋਰ ਸਿਵਲ ਅਧਿਕਾਰੀਆਂ ਦੇ ਤਬਾਦਲਿਆਂ ਦਾ ਇਨ੍ਹਾਂ ਦੇ ਨਤੀਜਿਆਂ ’ਤੇ ਕੀ ਅਸਰ ਹੋ ਸਕਦਾ ਹੈ। ਉਦਾਹਰਨ ਵਜੋਂ, ਪੁਲੀਸ ਨੂੰ ਚੰਗੇ ਸਮਿਆਂ ਵਿਚ ਵੀ ਲੋਕ ਪਸੰਦ ਨਹੀਂ ਕਰਦੇ; ਲੋਕ ਇਸ ਤੋਂ ਸਿਰਫ਼ ਡਰਦੇ ਹਨ, ਇਸ ਦਾ ਸਤਿਕਾਰ ਨਹੀਂ ਕਰਦੇ। ਮੈਨੂੰ ਸਮਝ ਨਹੀਂ ਆਉਂਦੀ ਕਿ ਇਹ ‘ਚੁਣੇ’ ਗਏ ਪੁਲੀਸ ਅਧਿਕਾਰੀ ਕਿਵੇਂ ਮਦਦ ਕਰ ਸਕਦੇ ਹਨ, ਪੈਸੇ ਤੇ ਬੰਦੇ ਉਪਲਬਧ ਕਰਾਉਣ ਤੋਂ ਬਿਨਾਂ।

ਇਹ ਲਾਹੇਵੰਦ ਹੋ ਸਕਦੇ ਹਨ ਜੇ ਖੁੱਲ੍ਹੇਆਮ ਤੇ ਮੁਕੰਮਲ ਹੇਰ-ਫੇਰ ਹੋਵੇ, ਖ਼ੁਸ਼ਕਿਸਮਤੀ ਨਾਲ ਅਜਿਹਾ ਅਜੇ ਨਹੀਂ ਹੈ। ਉਹ ਮਸ਼ੀਨਾਂ ਨਾਲ ਵੀ ਛੇੜਛਾੜ ਕਰਨ ਦੇ ਯੋਗ ਨਹੀਂ ਹਨ ਤੇ ਇਹ ਦੋਸ਼ ਕਦੇ ਸਾਬਿਤ ਨਹੀਂ ਹੋ ਸਕਿਆ, ਖਾਸ ਤੌਰ ’ਤੇ ਜਦ ਵੱਖ-ਵੱਖ ਸਿਆਸੀ ਧਿਰਾਂ ਜਿੱਤ ਰਹੀਆਂ ਹਨ ਤੇ ਸੱਤਾ ਵਿਚ ਆ ਰਹੀਆਂ ਹਨ। ਜੋ ਵੀ ਹੈ, ਪੁਲੀਸ ਤੇ ਬਾਕੀ ਸਿਵਲ ਸੇਵਾਵਾਂ, ਜਿਹੜੀਆਂ ਅਪਰਾਧਕ ਨਿਆਂ ਤੰਤਰ ਨੂੰ ਬਣਾਉਂਦੀਆਂ ਹਨ, ਦੀ ਬੁਨਿਆਦ ਟੁੱਟ ਚੁੱਕੀ ਹੈ, ਅਤੇ ਇਹ ਪਛਾਣ ’ਚ ਨਹੀਂ ਆ ਰਹੀਆਂ। ਇਸ ਢਾਂਚੇ ਦੇ ਇਕ ਅਹਿਮ ਥੰਮ੍ਹ- ਨਿਆਂਪਾਲਿਕਾ ’ਚ ਵੀ ਮੰਥਨ ਦੀ ਲੋੜ ਹੈ ਤਾਂ ਕਿ ਬਕਾਇਆ ਪਏ ਲੱਖਾਂ ਕੇਸਾਂ ਦਾ ਕੋਈ ਹੱਲ ਤਲਾਸ਼ਿਆ ਜਾ ਸਕੇ। ਜਦ ਵੀ ਕੋਈ ਘਿਣਾਉਣੀ ਘਟਨਾ ਵਾਪਰਦੀ ਹੈ ਤਾਂ ਅਸੀਂ ਸੰਘਰਸ਼ ਵਿੱਢਦੇ ਹਾਂ ਅਤੇ ਟਾਸਕ ਫੋਰਸ ਬਣਾਉਂਦੇ ਹਾਂ। ਪਰ, ਸਮੇਂ ਦੇ ਨਾਲ, ਸਭ ਭੁਲਾ ਦਿੱਤਾ ਜਾਂਦਾ ਹੈ—- ਮਿਲੀਭੁਗਤ ਚੱਲਦੀ ਰਹਿੰਦੀ ਹੈ। ਕੀ ਇਹ ਨਾਪਾਕ ਗੱਠਜੋੜ ਕਦੇ ਟੁੱਟੇਗਾ? ਅਜਿਹਾ ਜਾਪਦਾ ਹੈ ਕਿ ਸਾਂਝੀ ਇੱਛਾ ਸ਼ਕਤੀ ਤੇ ਲੋਕਾਂ ਦੀ ਇਕਜੁੱਟਤਾ ’ਚੋਂ ਹੀ ਇਸ ਰੋਗ ਦਾ ਕੋਈ ਇਲਾਜ ਲੱਭੇਗਾ।

# ਅਵਨੀ ਲੇਖਰਾ ਨੇ ਪੈਰਾਲੰਪਿਕਸ 'ਚ ਜਿੱਤਿਆ ਗੋਲਡ ਮੈਡਲ

ਪੈਰਿਸ ਪੈਰਾਲੰਪਿਕ ਵਿੱਚ ਭਾਰਤ ਦੀ ਅਵਨੀ ਲੇਖਰਾ ਨੇ ਔਰਤਾਂ ਦੇ 10 ਮੀਟਰ ਏਅਰ ਰਾਈਫਲ ਸ਼ੂਟਿੰਗ ਮੁਕਾਬਲੇ ਵਿੱਚ ਗੋਲਡ ਮੈਡਲ ਜਿੱਤਿਆ ਹੈ। ਅਵਨੀ ਪਹਿਲਾਂ ਕੋਰੀਆਈ ਸ਼ੂਟਰ ਯੁਨਰੀ ਲੀ ਤੋਂ 0.8 ਨਾਲ ਪਿਛੜ ਰਹੇ ਸਨ ਪਰ ਕੋਰੀਆਈ ਸ਼ੂਟਰ ਦਾ ਆਖ਼ਰੀ ਸ਼ਾਟ ਸਿਰਫ 6.8 ਪੁਆਇੰਟ ਹਾਸਿਲ ਕਰ ਸਕਿਆ। ਜਦਕਿ ਅਵਨੀ ਨੇ 10.5 ਦਾ ਸਕੋਰ ਹਾਸਿਲ ਕੀਤਾ। ਅਵਨੀ ਨੇ 249.7




ਪੁਆਇੰਟ ਹਾਸਿਲ ਕੀਤਾ ਜਦਕਿ ਯੁਨਰੀ ਲੀ ਨੇ 246.8 ਪੁਆਇੰਟ ਹਾਸਿਲ ਕੀਤੇ ਅਤੇ ਇਸੇ ਨਾਲ ਉਹ ਆਖ਼ਰੀ ਰਾਊਂਡ ਵਿੱਚ ਸਿਖ਼ਰ ਉੱਤੇ ਪਹੁੰਚ ਗਈ। ਇਸੇ ਏਵੰਟ ਵਿੱਚ ਖੇਡ ਰਹੇ ਭਾਰਤ ਦੇ ਮੋਨਾ ਅਗਰਵਾਲ ਨੇ ਕਾਂਸੀ ਦਾ ਤਗਮਾ ਜਿੱਤਿਆ ਹੈ। ਮੋਨਾ ਅਗਰਵਾਲ ਨੇ 228.7 ਪੁਆਇੰਟ ਹਾਸਿਲ ਕੀਤੇ।

ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਵਨੀ ਲੇਖਾ ਦੀ ਇਸ ਕਾਮਯਾਬੀ ਉੱਤੇ ਵਧਾਈਆਂ ਦਿੱਤੀਆਂ ਹਨ। ਉਨ੍ਹਾਂ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ ਉੱਤੇ ਲਿਖਿਆ, "ਭਾਰਤ ਨੇ ਪੈਰਾਲੰਪਿਕਸ 2024 ਲਈ ਆਪਣਾ ਖਾਤਾ ਖੋਲ ਦਿੱਤਾ ਹੈ"। "ਅਵਨੀ ਲੇਖਰਾ ਨੂੰ ਮਹਿਲਾਵਾਂ ਦੇ 10 ਮੀਟਰ ਏਅਰ ਰਾਈਫਲ ਮੁਕਾਬਲੇ ਵਿੱਚ ਗੋਲਡ ਮੈਡਲ ਜਿੱਤਣ ਲਈ ਵਧਾਈਆਂ । ਉਨ੍ਹਾਂ ਨੇ ਇਤਿਹਾਸ ਵੀ ਰਚਿਆ ਕਿਉਂਕਿ ਉਹ ਪਹਿਲੇ ਭਾਰਤੀ ਮਹਿਲਾ ਐਥਲੀਟ ਹਨ ਜਿਨ੍ਹਾਂ ਨੇ ਤਿੰਨ ਪੈਰਾਲੰਪਿਕਸ ਮੈਡਲ ਜਿੱਤੇ ਹਨ । ਉਨ੍ਹਾਂ ਦੀ ਲਗਨ ਨੇ ਲਗਾਤਾਰ ਭਾਰਤ ਨੂੰ ਮਾਣ ਮਹਿਸੂਸ ਕਰਵਾਇਆ ਹੈ।"

ਪੈਰਿਸ ਪੈਰਾਲੰਪਿਕਸ ਤੋਂ ਪਹਿਲਾਂ 19 ਸਾਲ ਦੀ ਉਮਰ ਵਿੱਚ ਅਵਨੀ ਲੇਖਰਾ ਨੇ ਟੋਕੀਓ ਪੈਰਾਲੰਪਿਕਸ ਵਿੱਚ ਦੋ ਮੈਡਲ ਜਿੱਤੇ ਸਨ ਅਤੇ ਅਜਿਹਾ ਕਰਨ ਵਾਲੇ ਉਹ ਭਾਰਤ ਦੇ ਪਹਿਲੇ ਖਿਡਾਰਣ ਸਨ। ਹੁਣ ਇੱਕ ਹੋਰ ਮੈਡਲ ਜਿੱਤਣ ਦੇ ਨਾਲ ਉਹ ਪੈਰਾਲੰਪਿਕਸ ਵਿੱਚ ਤਿੰਨ ਮੈਡਲ ਜਿੱਤਣ ਵਾਲੇ ਪਹਿਲੇ ਭਾਰਤੀ ਮਹਿਲਾ ਐਥਲੀਟ ਬਣ ਗਏ ਹਨ। ਅਵਨੀ ਲੇਖਰਾ ਰਾਜਸਥਾਨ ਦੇ ਜੈਪੁਰ ਸ਼ਹਿਰ ਦੇ ਰਹਿਣ ਵਾਲੇ ਹਨ ਅਤੇ ਉਹ ਕਾਨੂੰਨ ਦੀ ਪੜ੍ਹਾਈ ਕਰ ਰਹੇ ਹਨ। ਸਾਲ 2012 ਵਿੱਚ ਉਹ ਇੱਕ ਸੜਕ ਦੁਰਘਟਨਾ ਦਾ ਸ਼ਿਕਾਰ ਹੋ ਗਏ ਸਨ। ਇਸ ਕਰਕੇ ਉਨ੍ਹਾਂ ਨੂੰ ਸਪਾਈਨਲ ਕਾਰਡ ਯਾਨਿ ਰੀੜ ਦੀ ਹੱਡੀ ਨਾਲ ਜੁੜੀਆਂ ਤਕਲੀਫ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹਾਦਸੇ ਤੋਂ ਬਾਅਦ ਉਹ ਵੀਲ੍ਹ ਚੇਅਰ ਦੇ ਸਹਾਰੇ ਹੀ ਚੱਲ ਸਕਦੇ ਹਨ ਪਰ ਉਨ੍ਹਾਂ ਨੇ ਹਾਰ ਨਹੀਂ ਮੰਨੀ ਅਤੇ ਸ਼ੂਟਿੰਗ ਵਿੱਚ ਆਪਣੀ ਕਿਸਮਤ ਅਜ਼ਮਾਈ ਜਿੱਥੇ ਉਨ੍ਹਾਂ ਨੇ ਲਗਾਤਾਰ ਸਫਲਤਾਵਾਂ ਹਾਸਲ ਕੀਤੀਆਂ। ਸਾਲ 2022 ਵਿੱਚ ਅਵਨੀ ਲੇਖਰਾ ਨੇ ਕਿਹਾ ਸੀ,"ਮੇਰਾ ਆਪ੍ਰੇਸ਼ਨ ਹੋਇਆ ਸੀ ਅਤੇ ਉਸ ਤੋਂ ਬਾਅਦ ਮੈਨੂੰ ਮੁੜ ਤੋਂ ਬੈਠਣਾ ਵੀ ਸਿੱਖਣਾ ਪਿਆ ਸੀ। ਪੂਰੇ ਸਰੀਰ ਦੇ ਅੰਦਰ ਸੰਤੁਲਨ ਨਹੀਂ ਰਹਿੰਦਾ ਸੀ। ਸ਼ੁਰੂ ਵਿੱਚ ਸਾਰਾ ਸੰਸਾਰ ਹੀ ਉੱਥਲ-ਪੁੱਥਲ ਹੋ ਗਿਆ ਸੀ। ਕਿਸੇ ਦੇ ਨਾਲ ਵੀ ਗੱਲ ਕਰਨ ਦਾ ਮਨ ਨਹੀਂ ਕਰਦਾ ਸੀ। ਇਕੱਲੇ ਰਹਿਣ ਦਾ ਮਨ ਕਰਦਾ ਸੀ।"

ਸਾਲ 2015 ਵਿੱਚ ਜੈਪੁਰ ਸ਼ਹਿਰ ਵਿੱਚ ਹੀ ਸ਼ੂਟਿੰਗ ਵਿੱਚ ਉਨ੍ਹਾਂ ਦੀ ਰੁਚੀ ਹੋਰ ਗੂੜੀ ਹੋਈ ਅਤੇ ਜਗਤਪੁਰਾ ਸਪੋਰਟਸ ਕੰਪਲੈਕਸ ਵਿੱਚ ਉਨ੍ਹਾਂ ਨੇ ਪ੍ਰੈਕਟਿਸ ਸ਼ੁਰੂ ਕੀਤੀ । ਅਵਨੀ ਦੇ ਪਿਤਾ ਚਾਹੁੰਦੇ ਸਨ ਕਿ ਉਹ ਖੇਡਾਂ ਵਿੱਚ ਦਿਲਚਸਪੀ ਲੈਣ , ਸ਼ੁਰੂ ਵਿੱਚ ਅਵਨੀ ਨੇ ਸ਼ੂਟਿੰਗ ਅਤੇ ਤੀਰਅੰਦਾਜ਼ੀ ਦੋਵਾਂ ਵਿੱਚ ਹੱਥ ਅਜ਼ਮਾਇਆ। ਉਨ੍ਹਾਂ ਨੂੰ ਸ਼ੂਟਿੰਗ ਵਿੱਚ ਜ਼ਿਆਦਾ ਦਿਲਚਸਪੀ ਮਹਿਸੂਸ ਹੋਈ।

ਅਭਿਨਵ ਬਿੰਦਰਾ ਦੀ ਕਿਤਾਬ ਤੋਂ ਉਨ੍ਹਾਂ ਨੂੰ ਕਾਫੀ ਪ੍ਰੇਰਨਾ ਮਿਲੀ ਅਤੇ ਉਹ ਅੱਗੇ ਵੱਧਦੇ ਗਏ। ਦਿਲਚਸਪ ਇਹ ਹੈ ਕਿ ਜੈਪੁਰ ਦੇ ਜਿਸ ਸ਼ੂਟਿੰਗ ਰੇਂਜ ਉੱਤੇ ਉਹ ਜਾਂਦੇ ਸਨ ਉੱਥੇ ਵਿਕਲਾਂਗ ਖਿਡਾਰੀਆਂ ਦੇ ਲਈ ਰੈਂਪ ਵੀ ਨਹੀਂ ਸੀ ਉਹ ਰੈਂਪ ਵੀ ਉਨ੍ਹਾਂ ਨੇ ਖੁਦ ਲਗਵਾਇਆ। ਅਵਨੀ ਲੇਖਰਾ ਕਹਿੰਦੇ ਹਨ,"ਸ਼ੂਟਿੰਗ ਨੇ ਮੈਨੂੰ ਬਹੁਤ ਆਤਮ ਵਿਸ਼ਵਾਸ ਦਿੱਤਾ,ਪਰ ਜਦੋਂ ਮੈਂ ਸ਼ੂਟਿੰਗ ਸ਼ੁਰੂ ਕੀਤੀ ਤਾਂ ਸਭ ਹਾਸਲ ਕਰਨਾ ਅਸਾਨ ਨਹੀਂ ਸੀ"। ਹਾਲਾਂਕਿ ਕੋਰੋਨਾ ਦੇ ਦੌਰ ਵਿੱਚ ਅਵਨੀ ਲੇਖਰਾ ਸ਼ੂਟਿੰਗ ਰੇਂਜ ਵੀ ਨਹੀਂ ਸੀ ਜਾ ਪਾ ਰਹੇ ਪਰ ਉਨ੍ਹਾਂ ਨੇ ਸ਼ੂਟਿੰਗ ਕਰਨੀ ਨਹੀਂ ਛੱਡੀ ਅਤੇ ਘਰ ਦੇ ਅੰਦਰ ਹੀ ਸ਼ੂਟਿੰਗ ਰੇਂਜ ਤਿਆਰ ਕਰ ਲਈ। ਅਵਨੀ ਲੇਖਰਾ ਨੇ ਦੱਸਿਆ,"ਸ਼ੂਟਿੰਗ ਦੇ ਲਈ ਮੈਂ ਘਰ ਵਿੱਚ ਹੀ ਡਿਜ਼ੀਟਲ ਟਾਰਗੇਟ ਸੈੱਟ ਕੀਤਾ,ਮੈਂ ਆਪਣੀ ਰਸੋਈ ਤੋਂ ਮਾਸਟਰ ਬੈੱਡਰੂਮ ਵਿੱਚ ਸ਼ੂਟ ਕਰ ਰਹੀ ਸੀ। ਘਰ ਵਿੱਚ ਕਦੇ ਖਾਣਾ ਬਣ ਰਿਹਾ ਹੁੰਦਾ ਸੀ, ਕਦੇ ਟੀਵੀ ਚੱਲ ਰਿਹਾ ਹੁੰਦਾ ਸੀ। ਉਸ ਵੇਲੇ ਜੇਕਰ ਮੈਂ ਰੁੱਕ ਜਾਂਦੀ ਤਾਂ ਲੱਗਦਾ ਨਹੀਂ ਕਿ ਗੋਲਡ ਮੈਡਲ ਲਿਆਉਣਾ ਮੁਮਕਿਨ ਹੁੰਦਾ"। ਅਵਨੀ ਲੇਖਰਾ ਨੇ ਕਿਹਾ ਸੀ ਕਿ ਉਨ੍ਹਾਂ ਦਾ ਅਗਲਾ ਟੀਚਾ ਪੈਰਾਲੰਪਿਕਸ ਵਿੱਚ ਮੈਡਲ ਜਿੱਤਣਾ ਹੈ ਅਤੇ ਅਜਿਹਾ ਉਨ੍ਹਾਂ ਨੇ ਕਰ ਵੀ ਦਿਖਾਇਆ।

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
IRS e-file
TAX-INDIVIDUAL FAMILY, BUSINESS, TRUCKING, BOOKKEEPING ACCOUNTS, PAY-ROLLS & INCORPORATION, INSURANCE LIFE Only-Agent. NOTARY, REAL ESTATE (SVA), EX-PECTING REFUND : GET MONEY BACK FAST!
E.A.
Open 7 Days Weekends/Evenings (Year Round Service) Resonalbe Rates Call for Appointment
CTEC California Tax Education Council Registered Tax Preparer
CALL: R. PAL. SINGH EA- 510-750-3464
EA 00097224, CRTP A44237 Realtor#148514,
Insurance Life- Only Agent #0G76896
39159 Paseo Padre Pkwy # 103, Fremont, CA 94538
Email:singhrpal@sbeglobal.net Singhtax.com



# TASTE OF INDIA

specialist- Gurh Dee Barfee, Gurh Diyaan Jalebian

32 ਸਾਲ ਤੋਂ ਕੈਲੇਫੋਰਨੀਆ ਦਾ ਸਭ ਤੋਂ ਪਹਿਲਾ ਤੇ ਵਧੀਆ ਰੈਸਟੋਰੈਂਟ

ਗੁੜ ਦੀ ਬਰਫੀ, ਫਿੱਕਾ ਕਲਾਕੰਦ
ਗੁੜ ਦੀਆਂ ਜਲੇਬੀਆਂ, ਇਮਰਤੀ

ਬਿਲਕੁਲ ਨਵੀਂ ਦਿੱਖ ਦੇ ਨਾਲ ਸਜਾਇਆ ਰੈਸਟੋਰੈਂਟ




lunch buffet everyday
fresh jalebian every day

DEVINDER SINGH PABLA (OWNER)
510-791-1316

ਛੋਟੇ-ਵੱਡੇ ਹਰ ਕਿਸਮ ਦੇ ਪ੍ਰੋਗਰਾਮ ਲਈ ਕੇਟਰਿੰਗ ਦਾ ਸਪੈਸ਼ਲ ਪ੍ਰਬੰਧ

5144 MOWRY AVE (ON FARWELL DR)
FREMONT, CA 94538
510-773-8810



# Quick Lube & Smog

OFFICIAL LAMP ADJUSTING STATION

OFFICIAL BRAKE ADJUSTING STATION

Auto repair, Diagnostics & Smog Check Station

SMOG CHECK

ਚਲਦੀਆਂ (Used) ਕਾਰਾਂ, ਵਾਜਬ ਕੀਮਤਾਂ ਤੇ
ਖਰੀਦਣ ਲਈ ਗੋਗੀ ਹੁਰਾਂ ਨੂੰ ਕਾਲ ਕਰੋ

## SUKHWINDER BHELLA

510-757-6775 gogibhella@gmail.com

# TENNYSON AUTO

Car Sale Service and Repair

SUKHWINDER BHELLA, Manager
tennysonauto1@gmail.com
510-330-7112, 510-757-6775
691 W. Tennyson Rd Hayward, CA 94544

# SANSAR






We do catering for all occassions

ਅਸੀਂ ਵੱਡੇ ਤੋਂ ਵੱਡੇ ਪ੍ਰੋਗਰਾਮ/ਪਾਰਟੀ
ਲਈ ਕੇਟਰਿੰਗ ਦਾ ਪ੍ਰਬੰਧ ਕਰਦੇ ਹਾਂ

Santokh Singh Judge
925-487-4679

2220 First Street
Livermore, CA 94550
925-606-6191
www.SansarIndianCuisine.com

2610 S. Tracy Blvd
Tracy, CA 95376
209-834-2200
www.SansarTracy.com


# Kash Fabrics

37 ਸਾਲ ਤੋਂ ਤੁਹਾਡੀ ਸੇਵਾ ਵਿਚ

ਸਾਡੀ ਵਿਸ਼ੇਸਤਾ

1.Wedding Lehngas
2.Mens wear-shervani
3.Kurte Pajame
4. Sharara Suits.
5.Patiala. Suits.
6. pression stove jewelery
7. kids wear
8. Turbans (paggan). 80 colors

1. ਵਿਆਹ ਦੇ ਲਹਿੰਗੇ
2. ਪੁਰਸ਼ਾਂ ਦੇ ਪਹਿਨਣ ਵਾਲੀ ਸ਼ੇਰਵਾਨੀ
3. ਕੁੜਤੇ ਪਜਾਮੇ
4. ਸ਼ਰਾਰਾ ਸੂਟ
5. ਪਟਿਆਲਾ ਸੂਟ
6. ਗਹਿਣੇ
7. ਬੱਚਿਆਂ ਦੇ ਕੱਪੜੇ
80 ਰੰਗਾਂ ਵਿਚ ਪੱਗਾਂ




Kashmir Singh Dhugga
Gurjeet kaur Dhugga
kashfabrics@gmail.com

KASH FABRICS
29576 Mission Blvd
Hayward,CA 94544
510-538-1138

# PREET FABRICS & APPLIANCE

Under New Management



ਅਸੀਂ ਹੋਲਸੇਲ ਅਤੇ ਰੀਟੇਲ ਵਿਚ ਨਵੇਂ ਡਿਜ਼ਾਇਨਾਂ ਦੇ ਸੂਟ, ਜਿਊਲਰੀ,ਫੈਸ਼ਨ ਦਾ ਹੋਰ ਸਮਾਨ, ਵਿਆਹ ਲਈ ਲਹਿੰਗੇ ਅਤੇ ਮੁੰਡਿਆਂ ਲਈ ਵਿਆਹ ਵਾਸਤੇ ਸ਼ੇਰਵਾਨੀ ਅਤੇ ਹੁਣੇ ਨਵੇਂ ਚੱਲੇ ਡਿਜ਼ਾਇਨਾਂ ਦੇ ਕੱਪੜੇ ਵੀ ਰੱਖਦੇ ਹਾਂ। ਸਾਡੇ ਕੋਲ ਕਲਗੀ, ਸਿਹਰਾ, ਚੂੜਾ, ਹਾਰ, ਜਾਗੋ, ਰੁਮਾਲੇ ਤੇ ਹੋਰ ਵਿਆਹ ਦਾ ਸਮਾਨ ਵੀ ਮਿਲਦਾ ਹੈ।

Sale is going on

APPLIANCES & PARKER PENS, OSTER BLENDERS

Watches (Seiko, Citizen & Swistar)
Shavers & Trimmers Cellular Phones
and OSTER BLENDERS

5156 Mowry AVE. Fremont. CA 94538
Tel- 510-797-7111

# CALIFORNIA
## IMMIGRATION SERVICES INC.

CISI

Your Registered & Bonded 'Immigration-Consultants'



ROSY (Kanwal) KAUR
Immigration Consultant
408-422-8585
510-573-3666
website:- www.caials.com email:- rosy@caials.com

- FAMILY IMMIGRATION
- GEEEN CARD PETITION
- CITIZENSHIP
- BUSINESS / VISITOR VISA
- OCI CARD / INDIAN PASSIORT / INDIA VISA
- STUDENT VISA
- RELIGIOUS VISA
- DIVORCE
- VARIOUS IMMIGRATION SERVICES
- U.K. VISA
- CANADA VISA & P.R.
- INDIAN PASSPORT
- POWER OF ATTORNEY

- ਫੈਮਲੀ ਇੰਮੀਗ੍ਰੇਸ਼ਨ
- ਗਰੀਨ ਕਾਰਡ ਪਟੀਸ਼ਨ
- ਸਿਟੀਜਨਸ਼ਿਪ
- ਬਿਜ਼ਨੈਸ ਵੀਜ਼ਾ / ਵਿਜ਼ਟਰ ਵੀਜ਼ਾ
- ਓ.ਸੀ.ਆਈ. ਕਾਰਡ / ਇੰਡੀਅਨ ਪਾਸਪੋਰਟ / ਇੰਡੀਆ ਵੀਜ਼ਾ
- ਸਟੂਡੈਂਟ ਵੀਜ਼ਾ
- ਰਲੀਜ਼ੀਅਸ ਵੀਜ਼ਾ
- ਤਲਾਕ
- ਕਈ ਹੋਰ ਇੰਮੀਗ੍ਰੇਸ਼ਨ ਸੇਵਾਵਾਂ
- ਯੂ. ਕੇ. ਵੀਜ਼ਾ, ਕੈਨੇਡਾ ਵੀਜ਼ਾ ਅਤੇ ਪੀ. ਆਰ.
- ਇੰਡੀਅਨ ਪਾਸਪੋਰਟ
- ਪਾਵਰ ਆਫ ਅਟਾਰਨੀ

Fremont Office: 4127 Bay Street, Unit 5, Fremont CA, 94538
Tracy Office: 1660 W Linnee Rd. Unit J 25, Tracy CA, 95377

# Moon Indian Cuisine

MOON indian cuisine

510-780-9233



ਹੁਣ ਤੁਸੀ ਗੁੜ ਦੀਆਂ ਜਲੇਬੀਆਂ ਵੀ ਲੈ ਸਕਦੇ ਹੋ

ਰੈਸਟੋਰੈਂਟ ਤੋਂ ਖਾਣਾ ਪੈਕ ਕਰਵਾ ਕੇ ਵੀ ਲੈ ਜਾ ਸਕਦੇ ਹੋ,
ਕੇਟਰਿੰਗ ਵੇਲੇ ਤੰਦੂਰ ਦਾ ਇੰਤਜ਼ਾਮ ਹੈ, ਕੇਟਰਿੰਗ ਵਾਸਤੇ ਕਾਲ ਕਰੋ ਜੀ

ਮੱਛੀ ਪਕੌੜੇ ਬਣਾਉਣ ਦੇ ਮਾਹਿਰ
ਲੱਡੂ, ਜਲੇਬੀ, ਬਰਫੀ, ਗੁਲਾਬ ਜਾਮੁਨ ਤੇ ਵਿਆਹ ਸ਼ਾਦੀ ਮੌਕੇ ਸਭ ਤਰ੍ਹਾਂ ਦੀ ਮਠਿਆਈ ਤਿਆਰ ਕਰਦੇ ਹਨ।

100-1000 ਬੰਦਿਆਂ ਤੱਕ ਵੱਡੀ ਤੋਂ ਵੱਡੀ ਪਾਰਟੀ ਲਈ
ਗੁਰੂ ਘਰਾਂ ਵਿਚ ਕੇਟਰਿੰਗ ਲਈ 10 ਪ੍ਰਤੀਸ਼ਤ ਤੱਕ ਛੋਟ
ਬਹੁਤ ਹੀ ਤਜ਼ਰਬੇਕਾਰ ਕੁੱਕ

Over 30 Years Experience in Restaurant & Catering Business

## ਮੂਨ ਇੰਡੀਅਨ ਕੁਜ਼ੀਨ (ਹੇਵਰਡ)

600 West Harder Rd. Hayward, CA 94544
Contact: (Paul) 510-978-7170
www.moonindiancuisine.net

# AAA
## AUTO AND BODY WORKS INC.


ਕਿਸੇ ਵੀ ਕਿਸਮ ਦਾ ਕਾਰਾਂ ਦੀ ਮੁਰੰਮਤ/ਬਾਡੀ ਦਾ ਕੰਮ,
ਪੇਂਟਿੰਗ/ਡੈਂਟਿੰਗ ਦਾ ਕੰਮ।
ਨਵੇਂ ਤੇ ਪੁਰਾਣੇ ਟਾਇਰ ਵੀ ਹੁਣ ਇੱਥੋਂ ਪੁਆ ਸਕਦੇ ਹੋ।
24 ਘੰਟੇ ਟੋਇੰਗ ਲਈ ਕਾਲ ਕਰ ਸਕਦੇ ਹੋ
(Towing Facility Available)
ਹਫਤੇ ਦੇ ਸਾਰੇ 7 ਦਿਨ ਖੁੱਲ੍ਹਾ ਹੈ



ਜਸਬੀਰ ਸਿੰਘ ਤੱਖਰ
510-755-2132

593 Industrial PKWY West
Hayward, CA 94544

# ਥਾਈਰੋਇਡ (ਗਲੇ ਦੀ ਗ੍ਰੰਥੀ) ਵਿੱਚ ਅਸੰਤੁਲਨ ਦੂਰ ਕਰਨ ਲਈ ਆਸਨ



ਯੋਗੀ ਅਸ਼ਵਨੀ

ਉਹ ਵੇਲਾ ਲੰਘ ਚੁੱਕਾ ਹੈ ਜਦੋਂ ਕੁਦਰਤ 'ਤੇ ਇਸ ਦੀ ਸੰਪਦਾ ਮਨੁੱਖੀ ਜੀਵਨ ਲਈ ਅਹਿਮ ਲੋੜ ਸਮਝਿਆ ਜਾਂਦਾ ਸੀ। ਉਦੋਂ ਕਿਸਾਨ ਖੇਤੀ ਲਈ ਗਊ ਦੇ ਗੋਹੇ ਤੇ ਰੂੜੀ ਵਰਗੀਆਂ ਕੁਦਰਤੀ ਖਾਦਾਂ ਦੀ ਵਰਤੋਂ ਕਰਦੇ ਸਨ। ਘਰੇਲੂ ਭਾਂਡੇ ਤੇ ਹੋਰ ਸਮਾਨ ਸਟੋਰ ਲਈ ਕੰਟੇਨਰ ਮਿੱਟੀ ਜਾਂ ਕੁਦਰਤੀ ਧਾਤਾਂ ਦੇ ਬਣੇ ਹੁੰਦੇ ਸਨ। ਭੋਜਨ ਨੂੰ ਮਲਮਲ ਵਿੱਚ ਲਪੇਟ ਕੇ ਰੱਖਿਆ ਜਾਂਦਾ ਸੀ। ਸੂਰਜ ਦੀ ਰੌਸ਼ਨੀ ਤੇ ਕੁਦਰਤੀ ਰੰਜਕਾਂ ਦੀ ਵਰਤੋਂ ਰੰਗਾਈ ਤੇ ਨਿਖਾਰ ਲਈ ਕੀਤੀ ਜਾਂਦੀ ਸੀ। ਉਦੋਂ ਆਪਸੀ ਗੱਲਬਾਤ ਆਹਮੋ-ਸਾਹਮਣੇ ਹੀ ਹੁੰਦੀ ਸੀ। ਉਦੋਂ ਮੰਜੇ, ਕੁਰਸੀਆਂ ਲੱਕੜ ਤੇ ਪਟਸਨ ਦੇ ਬਣਦੇ ਸਨ। ਸਾਫ-ਸਫਾਈ ਲਈ ਚੀਕਣੀ ਮਿੱਟੀ; ਸੁਗੰਧੀ ਲਈ ਗੁਲਾਬ, ਮੋਗਰਾ ਦੀ ਵਰਤੋਂ ਹੁੰਦੀ ਸੀ। ਜੇ ਖਿਡੌਣਿਆ ਦੀ ਗੱਲ ਕਰੀਏ ਲੱਕੜ ਦੇ ਬਣੇ ਠੇਲੇ ਯਾਦ ਆ ਜਾਂਦੇ ਹਨ।

ਆਧੁਨਿਕ ਯੁੱਗ ਕੁਦਰਤੀ ਰੂੰ ਦੇ ਉਲਟ ਮਸਨੂਈ ਰੇਸ਼ਿਆਂ ਜਾਂ ਸਿੰਥੈਟਿਕਸ, ਕੀਟ-ਨਾਸ਼ਕਾਂ, ਪਲਾਸਟਿਕ, ਰਸਾਇਣਾਂ, ਕੰਪਿਊਟਰਾਂ, ਮੋਬਾਇਲ ਫੋਨਾਂ, ਗੈਰ-ਕੁਦਰਤੀ ਸ਼ਿੰਗਾਰ ਦਾ ਸਮਾਨ ਤੇ ਸੁਗੰਧੀਆਂ, ਰਸਾਇਣਕ ਰੰਗ-ਰੋਗਨਾਂ ਤੇ ਖਿਡੌਣਿਆਂ ਦਾ ਯੁੱਗ ਹੈ। ਸੰਖੇਪ ਵਿੱਚ ਕਹੀਏ ਤਾਂ ਇਹ ਮਨੁੱਖੀ ਸਰੀਰ ਅੰਦਰ ਹਾਰਮੋਨ ਪ੍ਰਣਾਲੀ (ਐਂਡੋਕਰਾਈਨ) ਨੂੰ ਭੰਗ ਕਰਨ ਵਾਲੇ ਕਾਰਕਾਂ ਦਾ ਯੁੱਗ ਹੈ। ਬਹੁਤ ਘੱਟ ਉਮੀਦ ਹੈ ਕਿ ਆਮ ਤੌਰ 'ਤੇ ਲੋਕਾਂ ਨੂੰ ਥਾਈਰੋਇਡ (ਗਲੇ ਦੀ ਗ੍ਰੰਥੀ), ਮਾਈਗ੍ਰੇਨ (ਸਿਰ ਦਰਦ ਦੀ ਬੀਮਾਰੀ), ਨਿਰੰਤਰ ਥਕਾਵਟ, ਤਣਾਅ ਤੇ ਦਮਾ ਵਰਗੇ ਮਰਜ਼ਾਂ ਅਤੇ ਸਰੀਰ ਵਿੱਚ ਸ਼ੈਂਪੂ, ਕਰੀਮਾਂ, ਨਹਾਉਣ ਲਈ ਵਰਤੇ ਜਾਂਦੇ ਸੁਗੰਧਿਤ ਤਰਲ, ਲੋਸ਼ਨ ਤੇ ਮਿਸ਼ਰਿਤ ਔਸ਼ਧੀਆਂ ਦੇ ਰੂਪ ਵਿਚ ਰਸਾਇਣਕ ਤੱਤਾਂ ਦੇ ਗ੍ਰਹਿਣ ਕਰਨ ਵਿਚਾਲੇ ਆਪਸੀ ਸੰਬੰਧ ਬਾਰੇ ਜਾਣਕਾਰੀ ਹੋਵੇ। ਇਸ ਕਰਕੇ ਹੀ ਤੁਸੀਂ ਇਨ੍ਹਾਂ ਹਾਨੀਕਾਰਕ ਤੱਤਾਂ ਦੇ ਲਗਾਤਾਰ ਇਸਤੇਮਾਲ ਨਾਲ ਆਪਣੀ ਸਰੀਰਕ ਪ੍ਰਣਾਲੀ ਨੂੰ ਇਨ੍ਹਾਂ ਦੇ ਦੂਰ-ਰਸੀ, ਨਾਂਹ-ਪੱਖੀ ਪ੍ਰਭਾਵਾਂ ਤੋਂ ਅਣਜਾਣ ਰਹਿਣ ਦੀ ਗਲਤੀ ਕਰਦੇ ਰਹਿੰਦੇ ਹੋ। ਵਾਤਾਵਰਣਕ ਸਿਹਤ ਵਿਸ਼ਲੇਸ਼ਕ, ਡਾ. ਥਿਊ ਕੈਲਬੌਰਨ ਦੱਸਦੇ ਹਨ ਕਿ ਕਿਵੇਂ ਇਹ ਉਕਤ ਰਸਾਇਣਕ ਤੱਤ ਸਰੀਰ ਵਿੱਚ ਦਾਖਲ ਹੋ ਕੇ ਸਾਡੇ ਹਾਰਮੋਨਜ਼ ਜਿਵੇਂ ਕਿ ਇੰਨਸੁਲਿਨ, ਥਾਈਰੌਕਸਿਨ, ਐੱਸਟਰੋਜਨ ਤੇ ਟੈੱਸਟੋਸਟੀਰੌਨ ਨੂੰ ਪ੍ਰਭਾਵਿਤ ਕਰਦੇ ਹਨ। ਇਹ ਕੁਦਰਤੀ ਹਾਰਮੋਨ ਸਾਡੇ ਸਰੀਰ ਦੇ ਅਹਿਮ ਕਾਰਜਾਂ ਨੂੰ ਨਿਯਮਿਤ ਕਰਦੇ ਹਨ। ਇਨ੍ਹਾਂ ਕਾਰਜਾਂ ਵਿੱਚ ਸਰੀਰਿਕ ਵਿਕਾਸ, ਜਿਨਸੀ ਬੋਧ ਤੇ ਵਿਵਹਾਰ, ਤਣਾਅ ਪ੍ਰਤੀਕ੍ਰਿਆ, ਇੰਨਸੁਲਿਨ ਦੀ ਉਤਪਤੀ ਤੇ ਵਰਤੋਂ ਰਸ-ਪ੍ਰਕ੍ਰਿਆ (ਮੈਟਾਬੋਲਿਜ਼ਮ), ਪ੍ਰਜਣਨ ਸਮਰੱਥਾ, ਸੂਝ ਤੇ ਵਿਵਹਾਰ ਆਦਿ ਸ਼ਾਮਲ ਹਨ।



ਥਾਈਰੋਇਡ ਜੋ ਕਿ ਹਾਰਮੋਨ ਪ੍ਰਣਾਲੀ (ਐਂਡੋਕਰਾਈਨ) ਦਾ ਹਿੱਸਾ ਹੈ, ਪੰਜ ਤੱਤਾਂ ਦੇ ਸੰਦਰਭ ਵਿੱਚ ਅਕਾਸ਼ ਤੱਤ ਵਿੱਚ ਅਸੰਤਲਨ ਦਾ ਨਤੀਜਾ ਹੈ। ਸਰੀਰਕ ਪੱਧਰ 'ਤੇ ਇਸ ਦਾ ਪ੍ਰਗਟਾਵਾ ਹਾਈਪੋ ਜਾਂ ਹਾਈਪਰ-ਥਾਈਰੋਇਡਿਜ਼ਮ ਦੇ ਰੂਪ ਵਿੱਚ ਹੁੰਦਾ ਹੈ ਜੋ ਸਰੀਰ ਦੀ ਰਸ-ਪ੍ਰਕ੍ਰਿਆ (ਮੈਟਾਬੋਲਿਜ਼ਮ) ਵਿੱਚ ਅਸਥਿਰਤਾ ਦਾ ਕਾਰਨ ਬਣਦਾ ਹੈ। ਇਸ ਦੇ ਲੱਛਣਾਂ ਵਿੱਚ ਸਰੀਰਕ ਭਾਰ ਵਿੱਚ ਅਚਾਨਕ ਬਦਲਾਅ, ਵਾਲਾਂ ਦਾ ਹਲਕਾਪਨ, ਸੁਸਤੀ ਤੇ ਬੇਚੈਨੀ, ਅਵਾਜ਼ 'ਚ ਭਾਰਾਪਨ, ਚਮੜੀ 'ਚ ਬਦਲਾਅ ਤੇ ਅਸੁਭਾਵਿਕ ਮਾਹਵਾਰੀ ਦਾ ਵਗਣਾ ਆਦਿ ਸ਼ਾਮਲ ਹਨ।

ਭਾਵਨਾਤਮਕ ਅਸ਼ਾਂਤੀ, ਲੋੜੋਂ ਵੱਧ ਕ੍ਰਿਆਸ਼ੀਲਤਾ ਤੇ ਰਸਾਇਣਾਂ ਦੇ ਗ੍ਰਹਿਣ ਅਜਿਹੀ ਸਥਿਤੀ ਉਤਪੰਨ ਹੋਣ ਦਾ ਕਾਰਨ ਬਣਦੇ ਹਨ ਜਿਸਦੇ ਨਤੀਜੇ ਵਜੋਂ ਸਥੂਲ ਸਰੀਰ ਦੀ ਸੂਖਮ ਪਰਤ ਪ੍ਰਾਣਮਾਇਆ ਕੋਸ਼ ਵਿੱਚ ਪ੍ਰਾਣ (ਸ੍ਰਿਸ਼ਟੀ ਤੇ ਸਰੀਰ ਨੂੰ ਚਲਾਉਣ ਵਾਲੀ ਜੀਵਨ-ਸ਼ਕਤੀ) ਦੇ ਨਿਰੰਤਰ ਪ੍ਰਵਾਹ ਵਿੱਚ ਰੁਕਾਵਟ ਪੈਦਾ ਹੋ ਜਾਂਦੀ ਹੈ।

ਸਥੂਲ ਸਰੀਰ ਦੀਆਂ ਕੁੱਝ ਵਿਸ਼ੇਸ਼ ਕ੍ਰਿਆਵਾਂ ਇਸ ਸੂਖਮ ਪਰਤ ਅੰਦਰਲੇ ਚੱਕਰਾਂ ਦੁਆਰਾ ਨਿਯੰਤ੍ਰਿਤ ਹੁੰਦੀਆਂ ਹਨ। ਸੋ ਸੂਖਮ ਪਰਤ ਵਿੱਚ ਕਿਸੇ ਅਸੰਤੁਲਨ ਦਾ ਲੱਛਣ ਸਥੂਲ ਸਰੀਰ ਵਿੱਚ ਬੀਮਾਰੀ ਦੇ ਰੂਪ ਵਿੱਚ ਹੁੰਦਾ ਹੈ। ਥਾਈਰੋਇਡ ਵਿਸ਼ੁਧੀ ਚੱਕਰ (ਗਲੇ ਵਿੱਚ ਕੰਠ ਵਾਲਾ ਹਿੱਸਾ) ਵਿੱਚ ਖਰਾਬੀ ਦਾ ਲੱਛਣ ਹੈ।

ਸਨਾਤਨ ਕ੍ਰਿਆ ਅੱਜ ਦੇ ਮਨੁੱਖ ਲਈ ਭਾਵਨਾਤਮਕ ਤੇ ਸਰੀਰਕ ਤਣਾਅ ਦਾ ਮੁਕਾਬਲਾ ਕਰਨ ਲਈ ਇੱਕ ਪੂਰਨ ਯੋਗ ਅਭਿਆਸ ਦੀ ਕ੍ਰਿਆ ਹੈ। ਇਸ ਵਿੱਚ ਵਿਸ਼ੁਧੀ ਚੱਕਰ ਨੂੰ ਸੰਤੁਲਿਤ ਰੱਖਣ ਵਾਲੀਆਂ ਕੁੱਝ ਵਿਸ਼ੇਸ਼ ਤਕਨੀਕਾਂ ਸ਼ਾਮਿਲ ਹਨ।

**ਹਲਆਸਨ :** ਪਿੱਠ ਤੇ ਭਾਰ ਸਿੱਧੇ ਲੇਟ ਜਾਉ। ਸਾਹ ਅੰਦਰ ਖਿੱਚਦਿਆਂ ਹੌਲੀ-ਹੌਲੀ ਦੋਹਾਂ ਲੱਤਾਂ ਨੂੰ ਚੁੱਕਦਿਆਂ ਸਿਰ ਉੱਤੋਂ ਇਸ ਤਰ੍ਹਾਂ ਮੋੜੋ ਕਿ ਤੁਹਾਡੇ ਪੰਜੇ ਜ਼ਮੀਨ ਨੂੰ ਛੂਹਣ। ਤੁਸੀਂ ਹੱਥਾਂ ਦੀਆਂ ਤਲੀਆਂ ਨੂੰ ਪਿੱਠ ਦੇ ਥੱਲੇ ਵਾਲੇ ਹਿੱਸੇ ਤੇ ਪੈਰਾਂ ਦੇ ਪੰਜਿਆਂ ਵਾਲੇ ਪਾਸੇ ਸਹਾਰੇ ਲਈ ਟਿਕਾ ਸਕਦੇ ਹੋ।

**ਕੰਧਾਰਆਸਨ :** ਪਿੱਠ ਦੇ ਭਾਰ ਸਿੱਧੇ ਲੇਟ ਕੇ ਗੋਡਿਆਂ ਨੂੰ ਮੋੜਦੇ ਹੋਏ ਆਪਣੀਆਂ ਅੱਡੀਆਂ ਨੂੰ ਲੱਕ ਹੇਠਲੇ ਹਿੱਸੇ ਦੇ ਨੇੜੇ ਲੈ ਜਾਉ। ਗਿੱਟਿਆਂ ਨੂੰ ਦੋਵੇਂ ਹੱਥਾਂ ਨਾਲ ਫੜੀ ਰੱਖੋ। ਮੋਢਿਆਂ ਤੇ ਸਿਰ ਨੂੰ ਜ਼ਮੀਨ ਉੱਤੇ ਰੱਖਦਿਆਂ ਤੇ ਲੱਕ ਨੂੰ ਉੱਪਰ ਚੁੱਕਦਿਆਂ ਚਾਪ ਜਾਂ ਡਾਟ ਦੀ ਸ਼ਕਲ ਵਿੱਚ ਪੂਰੀ ਤਰ੍ਹਾਂ ਮੋੜੋ ਤਾਂ ਕਿ ਤੁਹਾਡਾ ਪੇਡੂ ਉੱਪਰ ਵੱਲ ਚੁੱਕਿਆ ਜਾਵੇ।

**ਨੋਟ:** ਉਪਰੋਕਤ ਆਸਨ ਪੇਟ ਦੀਆਂ ਬੀਮਾਰੀਆ ਤੇ ਰੀੜ੍ਹ ਦੀਆਂ ਸੱਟਾਂ ਵਾਲੇ ਲੋਕਾਂ ਲਈ ਢੁੱਕਵੇਂ ਨਹੀਂ ਹਨ।

ਆਯੁਰਵੈਦ ਪ੍ਰਣਾਲੀ ਵਿੱਚ ਥਾਈਰੋਇਡ ਗ੍ਰੰਥੀ ਨੂੰ ਨਿਯਮਿਤ ਰੱਖਣ ਲਈ ਰੋਜ਼ਾਨਾ ਤਿੰਨ ਤੋਂ ਚਾਰ ਚਮਚੇ ਤਾਜ਼ਾ ਨਾਰੀਅਲ ਤੇਲ ਦਾ ਸੇਵਨ ਤਜ਼ਵੀਜ਼ ਕੀਤਾ ਗਿਆ ਹੈ। ਯੋਗੀ ਅਸ਼ਵਨੀ ਧਿਆਨ ਫਾਊਂਡੇਸ਼ਨ ਦੇ ਅਧਿਆਤਮਿਕ ਗੁਰੂ ਹਨ ਤੇ ਵੇਦਿਕ ਵਿਗਿਆਨਾਂ 'ਤੇ ਅਥਾਰਟੀ ਮੰਨੇ ਜਾਂਦੇ ਹਨ।

ਉਨ੍ਹਾਂ ਦੀ ਕਿਤਾਬ ਉਸਨਾਤਨ ਕ੍ਰਿਆ, ਦਿ ਏਜਲੈੱਸ ਡਾਇਮੈਨਸ਼ਨ" ਐਂਟੀ-ਏਜਿੰਗ ਵਿਸ਼ੇ 'ਤੇ ਸਰਵ-ਪ੍ਰਮਾਣਿਤ ਸ਼ੋਧ-ਗ੍ਰੰਥ ਹੈ। ਵਧੇਰੇ ਜਾਣਕਾਰੀ ਲਈ ਤੁਸੀ www.dhyanfoundation.com 'ਤੇ ਲਾਗ ਔਨ ਕਰ ਸਕਦੇ ਹੋ ਜਾਂ dhyan@dhyanfoundation. com 'ਤੇ ਈਮੇਲ ਵੀ ਕਰ ਸਕਦੇ ਹੋ।

# ਦੁੱਧ ਦੇ ਨਾਂਅ ਉੱਤੇ ਜ਼ਹਿਰ ਪੀ ਰਹੇ ਨੇ ਭਾਰਤ ਦੇ ਲੋਕ

ਹਰਪਾਲ ਸਿੰਘ ਚੀਕਾ

ਭਾਰਤ ਦੀ ਸੁਪਰੀਮ ਕੋਰਟ ਨੇ ਪਿਛਲੇ ਦਿਨੀਂ ਬਾਜ਼ਾਰ ਵਿੱਚ ਮਿਲਦੇ ਮਿਲਾਵਟੀ ਅਤੇ ਸਿੰਥੈਟਿਕ ਦੁੱਧ ਬਾਰੇ ਬਹੁਤ ਸਖਤ ਟਿੱਪਣੀ ਕੀਤੀ। ਇਥੋਂ ਤੱਕ ਕਹਿ ਦਿੱਤਾ ਕਿ ਕੇਂਦਰ ਅਤੇ ਸੂਬਾ ਸਰਕਾਰਾਂ ਉਦੋਂ ਹੀ ਜਾਗਣਗੀਆਂ, ਜਦੋਂ ਇਹ ਮਿਲਾਵਟਖੋਰ ਸਿੱਧੇ ਤੌਰ ਉੱਤੇ ਇਸ ਵਿੱਚ ਸਾਈਨਾਈਡ ਮਿਲਾ ਦੇਣਗੇ, ਜਿਸ ਨਾਲ ਲੋਕ ਸ਼ਰੇਆਮ ਮਰਨ ਲੱਗ ਜਾਣਗੇ। ਨਾਲ ਕਿਹਾ ਕਿ ਮੌਜੂਦਾ ਕਾਨੂੰਨ ਬਹੁਤ ਨਰਮ ਹੈ, ਇਸ ਲਈ ਸਖਤ ਤੋਂ ਸਖਤ ਕਾਨੂੰਨ ਬਣਾਉਣ ਦੀ ਲੋੜ ਹੈ।

ਸੁਪਰੀਮ ਕੋਰਟ ਨੇ ਅਜਿਹੀ ਟਿੱਪਣੀ ਕਿਸੇ ਆਮ ਪ੍ਰਾਈਵੇਟ ਏਜੰਸੀ ਵੱਲੋਂ ਕੀਤੇ ਜਾਣ ਦੇ ਆਧਾਰ 'ਤੇ ਨਹੀਂ ਕੀਤੀ, ਸਗੋਂ ਭਾਰਤ ਸਰਕਾਰ ਦੇ ਖੁਰਾਕ ਅਤੇ ਸਿਹਤ ਸੁਰੱਖਿਆ ਬਾਰੇ ਮੰਤਰਾਲੇ ਅਧੀਨ ਕੰਮ ਕਰਨ ਵਾਲੇ ਸਰਕਾਰੀ ਅਦਾਰੇ ਫੂਡ ਸੇਫਟੀ ਸਟੈਂਡਰਡ ਅਥਾਰਟੀ ਆਫ ਇੰਡੀਆ ਰਾਹੀਂ ਸਾਰੇ ਦੇਸ਼ ਵਿੱਚ ਖਾਸ ਕਰ ਕੇ ਸ਼ਹਿਰੀ ਖੇਤਰਾਂ ਵਿੱਚ ਉਪਲਬਧ ਬਾਜ਼ਾਰੀ ਦੁੱਧ ਦੇ ਜੋ ਸੈਂਪਲ ਲਏ ਗਏ, ਉਨ੍ਹਾਂ ਦੇ ਆਧਾਰ 'ਤੇ ਕੀਤੀ। ਰਿਪੋਰਟ ਮੁਤਾਬਕ ਬਾਜ਼ਾਰ ਵਿੱਚ 68 ਫੀਸਦੀ ਦੁੱਧ ਨਕਲੀ ਵਿਕ ਰਿਹਾ ਹੈ।

ਇਕੱਲੇ ਦਿੱਲੀ ਵਿੱਚ ਸੱਤਰ ਫੀਸਦੀ ਮਿਲਾਵਟੀ, ਨਕਲੀ ਸਿੰਥੈਟਿਕ ਦੁੱਧ ਵਿਕ ਰਿਹਾ ਹੈ, ਭਾਵ ਸਿਰਫ 10 ਫੀਸਦੀ ਦੁੱਧ ਹੀ ਅਸਲੀ ਹੈ।

ਜਦੋਂ ਰਾਜ ਕਰਨ ਵਾਲੇ ਸੌਂ ਜਾਣ ਤਾਂ ਫਿਰ ਅਦਾਲਤਾਂ ਦਾ ਫਿਕਰਮੰਦ ਹੋਣਾ ਸੁਭਾਵਿਕ ਹੈ। ਰੋਜ਼ਾਨਾ 3.84 ਲੱਖ ਟਨ ਅਤੇ ਸਾਲਾਨਾ 1.4 ਕਰੋੜ ਟਨ ਦੁੱਧ ਪੈਦਾ ਕਰ ਕੇ ਭਾਰਤ ਸੰਸਾਰ ਭਰ ਵਿੱਚ ਪਹਿਲੇ ਨੰਬਰ 'ਤੇ ਹੈ। ਇਸ ਸਮੇਂ ਭਾਰਤ ਵਿੱਚ ਪ੍ਰਤੀ ਵਿਅਕਤੀ 280 ਗਰਾਮ ਦੁੱਧ ਹੈ। ਸਿਹਤ ਸਾਇੰਸ ਦੇ ਹਿਸਾਬ ਨਾਲ ਪ੍ਰਤੀ ਵਿਅਕਤੀ 450 ਗਰਾਮ ਰੋਜ਼ ਦੁੱਧ ਮਿਲਣਾ ਚਾਹੀਦਾ ਹੈ। ਇਸ ਤਰ੍ਹਾਂ ਭਾਰਤ ਨੂੰ ਰੋਜ਼ 6.82 ਲੱਖ ਟਨ ਅਤੇ ਸਾਲਾਨਾ 20.52 ਕਰੋੜ ਟਨ ਦੁੱਧ ਚਾਹੀਦਾ ਹੈ। ਇਹ ਰੋਜ਼ਗਾਰ ਦੇ ਸਭ ਤੋਂ ਵੱਧ ਮੌਕੇ ਪੈਦਾ ਕਰਨ ਵਾਲਾ ਖੇਤਰ ਵੀ ਹੈ, ਜਿਸ ਵਿੱਚ 12 ਕਰੋੜ ਲੋਕ ਸਿੱਧੇ ਤੇ ਅਸਿੱਧੇ ਢੰਗ ਨਾਲ ਰੋਜ਼ੀ-ਰੋਟੀ ਕਮਾ ਰਹੇ ਹਨ। 10 ਕਰੋੜ ਲੋਕ ਮੱਝਾਂ, ਗਊਆਂ, ਭੇਡ ਬੱਕਰੀਆਂ ਤੋਂ ਅਤੇ ਬਾਕੀ ਛੋਟੇ ਵੱਡੇ ਡੇਅਰੀ ਫਾਰਮ ਬਣਾ ਕੇ ਦੁੱਧ ਪੈਦਾ ਕਰ ਰਹੇ ਹਨ। ਬਾਕੀ ਦੋ ਕਰੋੜ ਵਿਕਰੇਤਾ, ਦਵਾਈਆਂ, ਫੀਡ, ਢੋਆ ਢੁਆਈ, ਵੈਟਰਨਰੀ ਡਾਕਟਰ, ਵੀ ਐੱਲ ਡੀ ਅਤੇ ਮਸ਼ੀਨਰੀ ਆਦਿ ਨਾਲ ਜੁੜੇ ਹੋਏ ਹਨ।

ਪੰਜਾਬ 850 ਗਰਾਮ ਪ੍ਰਤੀ ਵਿਅਕਤੀ ਦੁੱਧ ਦੀ ਉਪਲਬਧਤਾ ਨਾਲ ਪਹਿਲੇ ਨੰਬਰ ਉੱਤੇ ਤੇ ਹਰਿਆਣਾ 805 ਗਰਾਮ ਨਾਲ ਦੂਜੇ ਨੰਬਰ ਉੱਤੇ ਹੈ। ਕੁੱਲ ਦੁੱਧ ਉਤਪਾਦਨ ਵਿੱਚ ਹਿੱਸੇਦਾਰੀ ਮੱਝਾਂ ਦੀ 55 ਫੀਸਦੀ, ਗਊਆਂ ਦੀ 42 ਫੀਸਦੀ ਅਤੇ ਭੇਡ ਬੱਕਰੀਆਂ, ਊਠਣੀਆਂ ਦੀ ਤਿੰਨ ਫੀਸਦੀ। ਇਸ ਸਭ ਕਾਸੇ ਦੇ ਬਾਵਜੂਦ ਪੀਣ ਲਈ ਮਿਲਾਵਟੀ ਤੇ ਸਿੰਥੈਟਿਕ ਦੁੱਧ ਦਾ ਮਿਲਣਾ ਚਿੰਤਾਜਨਕ ਹੈ।

ਪਹਿਲਾਂ ਜਦੋਂ ਦੋਧੀ ਪਿੰਡਾਂ 'ਚੋਂ ਦੁੱਧ ਇਕੱਠਾ ਕਰ ਕੇ ਸ਼ਹਿਰਾਂ, ਕਸਬਿਆਂ ਵਿੱਚ ਘਰ ਘਰ ਵੇਚਦੇ ਸਨ ਤਾਂ ਉਹ ਆਪਣਾ ਮੁਨਾਫਾ ਵਧਾਉਣ ਲਈ ਸੂਏ (ਰਜਬਾਹੇ) ਦਾ ਜਾਂ ਨਹਿਰੀ ਪਾਣੀ ਅਤੇ ਕਦੇ ਕਦਾਈਂ ਟੋਏ (ਛੱਪੜ) ਦਾ ਮੋਟਾ ਪਾਣੀ ਕੁਝ ਸੀਮਤ ਮਾਤਰਾ ਵਿੱਚ ਪਾ ਕੇ ਵਾਧਾ ਕਰ ਲੈਂਦੇ ਸਨ, ਜਿਸ ਨਾਲ ਇਸ ਦੀ ਕੁਆਲਟੀ ਹਲਕੀ ਜ਼ਰੂਰ ਹੋ ਜਾਂਦੀ ਸੀ, ਪਰ ਸਿਹਤ ਲਈ ਹਾਨੀਕਾਰਕ ਨਹੀਂ ਸੀ। ਹੁਣ ਨਕਲੀ ਤੇ ਸਿੰਥੈਟਿਕ ਦੁੱਧ ਤਿਆਰ ਕਰਨ ਵਾਲੇ ਮਿਲਾਵਟਖੋਰਾਂ ਨੇ ਹੱਦ ਕਰ ਦਿੱਤੀ ਹੈ। ਮੋਟੇ ਪਾਣੀ ਵਿੱਚ ਯੂਰੀਆ, ਡਿਟਰਜੈਂਟ ਪਾਊਡਰ, ਰਿਫਾਈਂਡ ਆਇਲ, ਕਾਸਟਿਕ ਸੋਢਾ, ਚਿੱਟਾ ਪੇਂਟ ਤੇ ਖੰਡ ਮਿਲਾ ਕੇ ਜ਼ਹਿਰੀਲਾ ਦੁੱਧ ਬਣਾਇਆ ਜਾ ਰਿਹਾ ਹੈ। ਇਹ ਦੁੱਧ ਵਿਕਰੀ ਕੇਂਦਰਾਂ ਅਤੇ ਮਿਲਕ ਪਲਾਂਟ ਨੂੰ ਵੇਚਿਆ ਜਾ ਰਿਹਾ ਹੈ। ਫਿਰ ਘਿਓ, ਸੁੱਕਾ ਪਾਊਡਰ, ਪਨੀਰ, ਲੱਸੀ, ਖੋਆ ਬਣਾ ਕੇ ਬਚਦਾ ਦੁੱਧ ਪੈਕਟਾਂ ਵਿੱਚ ਬੰਦ ਕਰ ਕੇ ਕਸਬਿਆਂ ਅਤੇ ਵੱਡੇ ਸ਼ਹਿਰਾਂ ਵਿੱਚ ਵਸਦੇ ਲੋਕਾਂ ਦੇ ਘਰਾਂ ਤੱਕ ਪਹੁੰਚਾਇਆ ਜਾ ਰਿਹਾ ਹੈ। ਹੈਰਾਨ ਕਰਨ ਵਾਲੀ ਗੱਲ ਹੈ ਕਿ ਅਜਿਹੇ ਦੁੱਧ ਦਾ ਸੈਂਪਲ ਵੀ ਫੇਲ ਨਹੀਂ ਹੁੰਦਾ।

ਫੂਡ ਸੇਫਟੀ ਵਿਭਾਗ ਨੇ ਜਿੰਨੇ ਵੀ ਸੈਂਪਲ ਲਏ, ਉਹ ਸਾਰੇ ਅਜਿਹੇ ਖੇਤਰਾਂ ਦੇ ਬਾਜ਼ਾਰ ਵਿੱਚ ਮਿਲਦੇ ਦੁੱਧ ਦੇ ਹਨ। ਜਿਸ ਹਿਸਾਬ ਨਾਲ ਸੈਂਪਲ ਫੇਲ੍ਹ ਹੋਏ ਹਨ, ਉਸ ਨੇ ਹਰ ਭਾਰਤੀ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਅਜਿਹਾ ਸਾਰਾ ਕੁਝ ਸਾਹਮਣੇ ਆਉਣ 'ਤੇ ਵੀ ਕਿੰਨੇ ਕੁ ਲੋਕਾਂ ਨੂੰ ਸਜ਼ਾਵਾਂ ਹੋਈਆਂ ਹਨ। ਇਹ ਸਾਡੇ ਕਾਨੂੰਨਾਂ ਦੀ ਤ੍ਰਾਸਦੀ ਹੈ। ਦੋਸ਼ੀ ਨੂੰ ਫੜੇ ਜਾਣ 'ਤੇ ਸਿਰਫ ਛੇ ਮਹੀਨੇ ਤੱਕ ਕੈਦ ਤੇ ਥੋੜ੍ਹਾ ਜਿਹਾ ਜੁਰਮਾਨਾ, ਪਰ ਇਹ ਵੀ ਕਿਸੇ ਕਿਸੇ ਨੂੰ ਹੁੰਦਾ ਹੈ। ਅਜਿਹਾ ਦੁੱਧ ਪੀਣ ਨਾਲ ਕੈਂਸਰ, ਸ਼ੂਗਰ, ਹਾਰਟ ਅਟੈਕ, ਬ੍ਰੇਨ ਹੈਮਰੇਜ, ਅਧਰੰਗ, ਮੰਦਬੁੱਧੀ, ਪਿਸ਼ਾਬ ਵਾਲੀ ਨਾਲੀ ਦਾ ਕੈਂਸਰ ਅਤੇ ਨਿਪੁੰਸਕਤਾ ਜਿਹੀਆਂ ਭਿਆਨਕ ਬਿਮਾਰੀਆਂ ਹੋਣ ਦਾ ਖਤਰਾ ਜ਼ਿਆਦਾ ਹੁੰਦਾ ਹੈ।

ਪੇਂਡੂ ਖੇਤਰ ਵਿੱਚ ਦੁੱਧ ਉਤਪਾਦਨ ਕਰਦਾ ਕਿਸਾਨ, ਅੱਜ ਵੀ ਮੱਝਾਂ, ਗਊਆਂ ਆਦਿ ਤੋਂ ਮਿਲੇ ਦੁੱਧ ਪ੍ਰਮਾਤਮਾ ਦੀ ਦਿੱਤੀ ਅੰਮ੍ਰਿਤ ਦਾਤ ਸਮਝ ਕੇ ਉਸ ਦਾ ਸ਼ੁਕਰਾਨਾ ਕਰਦਾ ਹੈ। ਕੋਈ ਬਹੁਤ ਨਿਕੰਮੀ ਹਰਕਤ ਕਰੇਗਾ ਤਾਂ ਉਹ ਪਾਣੀ ਪਾ ਦੇਵੇਗਾ, ਪਰ ਕੈਮੀਕਲ ਨਾਲ ਦੁੱਧ ਤਿਆਰ ਨਹੀਂ ਕਰੇਗਾ। ਦੁਨੀਆ ਵਿੱਚ ਸਿਰਫ ਚੀਨ ਅਜਿਹਾ ਦੇਸ਼ ਹੈ, ਜਿੱਥੇ ਮਿਲਾਵਟਖੋਰਾਂ ਲਈ ਮੌਤ ਦੀ ਸਜ਼ਾ ਹੈ। ਭਾਰਤ ਨੂੰ ਛੱਡ ਕੇ ਬਾਕੀ ਦੇਸ਼ਾਂ ਵਿੱਚ ਕਾਨੂੰਨ ਬਹੁਤ ਸਖਤ ਹਨ। ਉਥੋਂ ਦੀਆਂ ਸਰਕਾਰਾਂ ਆਪਣੇ ਵਸਨੀਕਾਂ ਲਈ ਦੁੱਧ ਖੁਰਾਕ ਅਤੇ ਖਾਣ ਪੀਣ ਵਾਲੇ ਪਦਾਰਥ ਮੁਹੱਈਆ ਕਰਵਾਉਣਾ ਆਪਣਾ ਧਰਮ ਸਮਝਦੀਆਂ ਹਨ, ਪਰ ਸਾਡੇ ਇਥੇ ਅਜਿਹੀ ਦੇਸ਼ ਭਗਤੀ ਕਿੱਥੇ? ਜੇ ਇਨ੍ਹਾਂ ਮਿਲਾਵਟਖੋਰਾਂ, ਮੁਨਾਫਾਖੋਰਾਂ ਦੇ ਸਖਤ ਤੋਂ ਸਖਤ ਕਾਨੂੰਨ ਬਣਾ ਕੇ ਸ਼ਿਕੰਜਾ ਕੱਸਿਆ ਜਾਵੇ ਤਾਂ ਸਿਹਤ ਸੁਰੱਖਿਆ 'ਤੇ ਖਰਚ ਹੋਣ ਵਾਲਾ ਬਜਟ 50 ਫੀਸਦੀ ਘੱਟ ਜਾਵੇਗਾ।

# ਕਈ ਦੇਸ਼ਾਂ ਵਿਚ ਤੰਦਰੁਸਤੀ ਬਾਰੇ ਨਿਵੇਕਲੇ ਕਾਨੂੰਨ

ਵਿਸ਼ਵ ਵਿਚ ਲਗਭਗ 200 ਦੇਸ਼ ਹਨ। ਇਨ੍ਹਾਂ ਵਿੱਚ ਕੁੱਝ ਦੇਸ਼ਾਂ ਦੀਆਂ ਸਰਕਾਰਾਂ ਆਪਣੇ ਦੇਸ਼ਵਾਸੀਆਂ ਦੀ ਸਿਹਤ ਬਾਰੇ ਗੰਭੀਰ ਹਨ, ਜਿੰਨਾ ਕਿਸੇ ਦੇਸ਼ ਦੇ ਵਾਸੀ ਤੰਦਰੁਸਤ ਹੋਣਗੇ ਤਦ ਮੁਲਕ ਖੁਸ਼ਹਾਲ ਹੋਵੇਗਾ। ਲੋਕਾਂ ਦੀ ਕਾਰਕੁਸ਼ਲਤਾ ਵਧੀਆ ਹੋਵੇਗੀ। ਕੁੱਝ ਦੇਸ਼ਾਂ ਵਿਚ ਸਿਹਤ ਦੇ ਖੇਤਰ ਵਿਚ ਨਿਵੇਕਲੇ ਕਾਨੂੰਨ ਹਨ ਜਿਵੇਂ :

**1. ਬਨਸਪਤੀ ਘੀ (ਟਰਾਂਸ ਫੈਟਸ) ਉੱਤੇ ਪਾਬ-ਦੀ**- ਬਨਸਪਤੀ ਤੇਲਾਂ ਵਿੱਚੋਂ ਹਾਈਡਰੋਜਨ ਗੈਸ ਲੰਘ ਕੇ ਤੇਲ ਬਨਸਪਤੀ ਘੀ ਵਿਚ ਬਦਲ ਜਾਂਦੇ ਹਨ। ਬਨ-ਸਪਤੀ ਘੀ ਆਮ ਤਾਪਮਾਨ ਉੱਤੇ ਠੋਸ ਰਹਿੰਦਾ ਹੈ। ਇਸ ਤੋਂ ਬਣੇ ਭੋਜਨ ਸਵਾਦ ਹੁੰਦੇ ਹਨ। ਜ਼ਿਆਦਾ ਦੇ ਸੰਭਾਲੇ ਜਾ ਸਕਦੇ ਹਨ ਆਦਿ।

ਪ੍ਰੰਤੂ ਬਨਸਪਤੀ ਘੀ ਵਿਚ ਜ਼ਹਿਰੀਲੇ ਟਰਾਸ ਫੈਟਸ ਵੀ ਪੈਦਾ ਹੋ ਜਾਂਦੇ ਹਨ। ਇਹ ਹਾਰਟ ਅਟੈਕ, ਸ਼ੂਗਰ ਰੋਗ, ਬਲੱਡ ਪ੍ਰੈਸ਼ਰ, ਲੀਵਰ ਵਿਚ ਵਿਗਾੜ, ਹੱਡੀਆਂ ਵਿਚ ਕਮਜ਼ੋਰੀ ਆਦਿ ਲਈ ਜ਼ਿੰਮੇਵਾਰ ਹਨ। ਇਹ ਜ਼ਹਿਰੀਲੇ ਘੀ ਫਾਸਟ ਫੂਡ, ਬਿਸਕੁੱਟ, ਪੂਰੀਆਂ, ਭਟੂਰੇ, ਸਮੋਸੇ, ਕੁਕੀਸ, ਫਰੈਂਚ ਫਰਾਈਜ ਆਦਿ ਵਿਚ ਪਾਏ ਜਾਂਦੇ ਹਨ। ਕਈ ਦੇਸ਼ਾਂ ਜਿਵੇਂ ਸਵੀਡਨ ਸਵਿਟਜਰ-ਲੈਂਡ, ਇੰਗਲੈਂਡ, ਕੈਨੇਡਾ, ਡੈਨਮਾਰਕ, ਬਰਾਜ਼ੀਲ, ਆਇਰਲੈਂਡ, ਅਮਰੀਕਾ ਦੇ ਕਈ ਪ੍ਰਾਂਤਾਂ ਵਿੱਚ ਇਨ੍ਹਾਂ ਦੀ ਵਰਤੋਂ ਉੱਤੇ ਪਾਬੰਦੀ ਹੈ।

**2. ਸ਼ੂਗਰ ਟੈਸਟ**- ਵਿਸ਼ਵ ਵਿਚ ਸ਼ੂਗਰ ਰੋਗ ਅਤੇ ਮੋਟਾਪਾ ਮਹਾਮਾਰੀ ਦਾ ਰੂਪ ਲੈ ਰਹੇ ਹਨ। ਕੁਦਰਤੀ ਖੰਡ ਤੋਂ ਬਿਨਾਂ ਪੁਰਸ਼ ਪ੍ਰਤੀ ਦਿਨ 35 ਗ੍ਰਾਮ ਅਤੇ ਔਰਤਾਂ 25 ਗ੍ਰਾਮ ਸੇਵਨ ਕਰ ਸਕਦੇ ਹਨ। ਅੰਕੜਿਆਂ ਅਨੁਸਾਰ ਵਿਸ਼ਵ ਵਿਚ ਲੋੜ ਤੋਂ ਕਿਲੋ ਵੱਧ ਖੰਡ ਖਾਧੀ ਜਾ ਰਹੀ ਹੈ। 2012 ਵਿਚ ਫਰਾਂਸ ਵਿਚ ਖੰਡ ਨਾਲ ਲੈਂਦੇ ਭੋਜਨਾਂ ਉੱਤੇ ਵਾਧੂ ਟੈਕਸ ਲਗਾਇਆ ਹੈ। ਹੁਣ ਇਹ ਟੈਕਸ ਮੈਕਸੀਕੋ, ਡੈਨਮਾਰਗ, ਨਾਰਵੇ, ਸਾਊਥ ਅਫਰੀਕਾ ਆਦਿ ਵਿਚ ਵੀ ਲਗਾਇਆ ਗਿਆ ਹੈ।

**3. ਫੈਟ ਟੈਕਸ**-

ਦੇਸ਼ਵਾਸੀਆਂ ਨੂੰ ਵੱਧ ਘੀ ਦੇ ਸੇਵਨ ਤੋਂ ਰੋਕਣ ਲਈ ਯੂਰਪੀਆ ਯੂਨੀਅਨ ਡੈਨਮਾਰਕ ਆਦਿ ਵਿਚ ਘੀ ਤੋਂ ਬਣੇ ਭੋਜਨ ਉੱਤੇ ਵਾਧੂ ਟੈਕਸ ਹੈ।

**4. ਜੀਕ ਭੋਜਨ ਉੱਤੇ ਵਾਧੂ ਟੈਕਸ**- ਭਾਰਤ ਦੇਸ਼ ਦੇ ਬਿਹਾਰ ਪ੍ਰਾਂਤ ਵਿਚ ਸਮੋਸੇ, ਪੂਰੀਆ, ਕੁਲਚੇ, ਫਰੈਂਚ ਫਰਾਈਜ ਉੱਤੇ ਵਾਧੂ ਟੈਕਸ ਹੈ। ਇਸੇ ਤਰ੍ਹਾਂ ਕੇਰਲਾ ਵਿਚ ਪੀਜਾ, ਬਰਗਰ ਆਦਿ ਉੱਤੇ ਵਾਧੂ ਟੈਕਸ ਹੈ।

**5. ਬੋਟਲਡ ਵਾਟਰ ਉੱਤੇ ਪਾਬੰਦੀ**- ਪਲਾਸਟਿਕ ਬੋਤਲਾਂ ਵਿਚ ਪਾਣੀ ਪੀਣਾ ਕਿਸੇ ਤਰ੍ਹਾਂ ਵੀ ਲੋਕ ਹਿਤ ਅਤੇ ਦੇਸ਼ ਦੇ ਹਿਤ ਵਿਚ ਨਹੀਂ ਹੈ। ਬਰਲਿੰਗਮ, ਕੈਲੇਫੋਰਨੀਆ, ਲਾਂਸ ਏਂਜਸਲ, ਸਾਨ ਫਰਾਸਿਕਸੋ, ਲੰਡਨ, ਬਲੂ ਸਾਊਟੇਨ ਆਦਿ ਵਿਚ ਬੋਟਲਡ ਵਾਟਰ ਉੱਤੇ ਪਾਬੰਦੀ ਹੈ।

**6. ਪਲਾਸਟਿਕ ਉੱਤੇ ਪਾਬੰਦੀ :**

ਡੈਨਮਾਰਗ ਵਿਚ 2003 ਤੋਂ ਪਲਾਸਟਿਕ ਬੈਗ ਆਦਿ ਉੱਤੇ ਪਾਬੰਦੀ ਹੈ। ਅੱਜ ਕਲ ਵਿਸ਼ਵ ਇਹ ਕਈ ਮੁਲਕਾਂ ਵਿਚ ਪਾਬੰਦੀ ਹੈ।

**7. ਬਰਥ ਡੇ ਕੇਕ ਉੱਤੇ ਮੋਮਬੱਤੀ ਨੂੰ ਫੂਕ ਮਾਰ ਕੇ ਬੁਝਾਉਣ:**

ਆਸਟਰੇਲੀਆ ਵਿਚ ਬਰਥ ਡੇ ਕੇਕ ਉੱਤੇ ਲੱਗੀਆਂ ਮੋਮਬੱਤੀਆਂ ਨੂੰ ਫੂਕ ਮਾਰ ਕੇ ਬੁਝਾਉਣਾ ਗ਼ੈਰਕਾਨੂੰਨੀ ਹੈ। ਉਥੇ ਇਹ ਮਾਨਤਾ ਹੈ ਕਿ ਸਾਹ ਰਾਹੀਂ ਕੇਕ ਉੱਤੇ ਇਨਫੈਕਸ਼ਨ ਦੇ ਵਾਇਰਸ ਪਹੁੰਚ ਸਕਦੇ ਹਨ ਅਤੇ ਉਸ ਕੇਕ ਨੂੰ ਖਾਣ ਵਾਲੇ ਮਹਿਮਾਨ ਨੂੰ ਇਨਫੈਕਸ਼ਨ ਹੋ ਸਕਦੀ ਹੈ। ਮੋਮਬੱਤੀ ਲਈ ਵੱਖਰਾ ਛੋਟਾ ਕੇਕ ਰੱਖਿਆ ਜਾਂਦਾ ਹੈ।

**8. ਕਿਡਨੀ ਵੇਚਣਾ :**

ਇਰਾਨ ਵਿਚ ਕੋਈ ਵਿਅਕਤੀ ਸਰਕਾਰ ਜਾਂ ਐਨ.ਜੀ.ਓ ਰਾਹੀਂ ਆਪਣੀ ਇਕ ਕਿਡਨੀ ਵੇਚ ਸਕਦਾ ਹੈ।

**9. ਮੋਟਾਪੇ ਉੱਤੇ ਪਾਬੰਦੀ :**

2008 ਵਿਚ ਜਪਾਨ ਮੁਲਕ ਵਿਚ ਪੁਰਸ਼ 33.5 ਇੰਚ ਅਤੇ ਔਰਤਾਂ 35.5 ਇੰਚ ਤੋਂ ਵੱਧ ਕਮਰ ਦੇ ਘੇਰਾ ਨਹੀਂ ਵਧਾ ਸਕਦੇ।

**10. ਥੁੱਕਣਾ :**

ਸਿੰਘਾਪੁਰ, ਯੂ. ਕੇ, ਅਮਰੀਕਾ ਦੇ ਕਈ ਸ਼ਹਿਰਾਂ, ਕੈਨੇਡਾ ਆਦਿ ਵਿਚ ਸੜਕ, ਹੋਟਲਾਂ, ਮਾਲ, ਸਿਨੇਮਾ ਘਰਾਂ, ਸਕੂਲ ਆਦਿ ਵਿਚ ਥੁੱਕਣਾ ਗ਼ੈਰਕਾਨੂੰਨੀ ਹੈ।

**11. ਸੜਕ ਉੱਤੇ ਫਾਲਤੂ ਚੀਜ਼ਾਂ ਗੇਰਨਾ :**

ਸਿੰਘਾਪੁਰ, ਕੈਨੇਡਾ, ਯੂ.ਕੇ ਆਦਿ ਵਿਚ ਸੜਕ ਉੱਤੇ ਫਾਲਤੂ ਵਸਤੂਆਂ ਗੇਰਨਾ ਗ਼ੈਰਕਾਨੂੰਨੀ ਹੈ।

**12. ਕਬੂਤਰਾਂ ਨੂੰ ਭੋਜਨ ਦੇਣਾ :**

ਸਿੰਘਾਪੁਰ ਵਿਚ ਕਬੂਤਰਾਂ ਨੂੰ ਖਾਣ ਲਈ ਭੋਜਨ ਦੇਣਾ ਗ਼ੈਰਕਾਨੂੰਨੀ ਹੈ।

**13. ਪਬਲਿਕ ਟਾਇਲਟ ਵਿਚ ਫਲੱਸ ਨਾ ਕਰਨ:**

ਸਿੰਘਾਪੁਰ ਅਤੇ ਕਈ ਦੇਸ਼ਾਂ ਵਿਚ ਪਬਲਿਕ ਟਾਇਲਟਾਂ ਵਿਚ ਵਰਤੋਂ ਤੋਂ ਬਾਅਦ ਫਲੱਸ਼ ਨਾ ਕਰਨ ਗ਼ੈਰਕਾਨੂੰਨੀ ਹੈ ਅਤੇ ਜੁਰਮਾਨਾ ਹੁੰਦਾ ਹੈ।

**14. ਪੁਰਸ਼ਾਂ ਵੱਲੋਂ ਟਾਇਲਟ ਸੀਟ ਉੱਤੇ ਖੜਕੇ ਪਿਸ਼ਾਬ ਕਰਨ :**

ਜਰਮਨੀ, ਸਵੈਡਨ ਆਦਿ ਮੁਲਕਾਂ ਵਿਚ ਪੁਰਸ਼ਾਂ ਵੱਲੋਂ ਪਬਲਿਕ ਟਾਇਲਟਾਂ ਵਿਚ ਟਾਇਲਟ ਸੀਟ ਉੱਤੇ ਖੜਕੇ ਪਿਸ਼ਾਬ ਕਰਨ ਉੱਤੇ ਪਾਬੰਦੀ ਹੈ। ਯੂਰਪ ਵਿਚ ਕਈ ਮੁਲਕਾਂ ਦੇ ਹੋਟਲਾਂ ਵਿਚ ਖੜ ਕੇ ਪਿਸ਼ਾਬ ਕਰਨ ਤੋਂ ਰੋਕਣ ਲਈ ਲਿਖ ਕੇ ਲਗਾਇਆ ਹੁੰਦਾ ਹੈ।

Issue- 456, Vol-18, September 11, 2024

# ਪੰਜਾਬ ਦੇ ਦੋ ਹੀਰੇ ਭਲਵਾਨ, ਗਾਮਾ ਅਤੇ ਕਿੱਕਰ ਸਿੰਘ




ਬਲਰਾਜ ਸਿੰਘ ਸਿੱਧੂ
ਐਸ. ਪੀ.
9815124449

ਪੰਜਾਬ ਵਿੱਚ ਅੱਜ ਵੀ ਜੇ ਕੋਈ ਸ਼ੋਹਦਾ ਆਪਣੀ ਤਾਕਤ ਬਾਰੇ ਘੁਮੰਡ ਕਰੇ ਤਾਂ ਉਸ ਨੂੰ ਔਕਾਤ ਵਿਖਾਉਣ ਲਈ ਕਿਹਾ ਜਾਂਦਾ ਹੈ ਕਿ ਤੂੰ ਕਿਹੜਾ ਗਾਮਾ ਭਲਵਾਨ ਹੈਂ। ਦਾਰੇ ਧਰਮੂਚੱਕੀਏ ਤੋਂ ਪਹਿਲਾਂ ਪੰਜਾਬ ਵਿੱਚ ਸਭ ਤੋਂ ਮਸ਼ਹੂਰ ਪਹਿਲਵਾਨ ਗਾਮਾ, ਕਿੱਕਰ ਸਿੰਘ, ਦਾਰਾ ਦੁਲਚੀਪੁਰੀਆ, ਗੰਡਾ ਸਿੰਘ ਜੌਹਲ, ਕੱਲੂ, ਗੂੰਗਾ, ਇਮਾਮ ਬਖਸ਼, ਬੁਲੜ੍ਹ ਅਤੇ ਮਹੀਦਾ ਆਦਿ ਹੁੰਦੇ ਸਨ। ਬਾਅਦ ਵਿੱਚ ਦਾਰਾ ਫਿਲਮਾਂ ਵਿੱਚ ਹੀਰੋ ਬਣਨ ਅਤੇ ਰਮਾਇਣ ਸੀਰੀਅਲ ਵਿੱਚ ਹਨੂੰਮਾਨ ਦਾ ਕਿਰਦਾਰ ਨਿਭਾਉਣ ਕਾਰਨ ਪ੍ਰਸਿੱਧੀ ਵਿੱਚ ਸਭ ਨੂੰ ਪਿੱਛੇ ਛੱਡ ਗਿਆ। ਗੁਲਾਮ ਮੁਹੰਮਦ ਉਰਫ ਗਾਮੇ ਪਹਿਲਵਾਨ ਦਾ ਜਨਮ 22 ਮਈ 1878 ਈ. ਨੂੰ ਅੰਮ੍ਰਿਤਸਰ ਵਿੱਚ ਹੋਇਆ ਸੀ। ਉਸ ਦਾ ਬਾਪ ਅਜ਼ੀਜ਼ ਬਖਸ਼ ਕਸ਼ਮੀਰੀ ਮੂਲ ਦਾ ਸੀ ਤੇ ਰਿਆਸਤ ਦਤੀਆ ਦਾ ਦਰਬਾਰੀ ਪਹਿਲਵਾਨ ਸੀ। ਪ੍ਰਸਿੱਧ ਪਹਿਲਵਾਨ ਇਮਾਮ ਬਖਸ਼ ਗਾਮੇ ਦਾ ਛੋਟਾ ਭਰਾ ਸੀ। ਉਹ ਫਰੀ ਸਟਾਈਲ ਕੁਸ਼ਤੀ ਕਰਦਾ ਸੀ। ਭਾਰਤ ਦਾ ਇਹ ਸਭ ਤੋਂ ਮਹਾਨ ਪਹਿਲਵਾਨ ਆਪਣੇ ਜੀਵਨ ਵਿੱਚ 50 ਸਾਲ ਕੁਸ਼ਤੀਆਂ ਵਿੱਚ ਲਗਾਤਾਰ ਵਿਜੇਤਾ ਰਿਹਾ। ਉਸ ਨੂੰ ਰਿਆਸਤ ਦਤੀਆ, ਰੀਵਾ, ਇੰਦੌਰ, ਜੋਧਪੁਰ ਅਤੇ ਪਟਿਆਲਾ ਦੀ ਸਰਪ੍ਰਸਤੀ ਹਾਸਲ ਸੀ। ਮਹਾਰਾਜਾ ਪਟਿਆਲਾ ਭੁਪਿੰਦਰ ਸਿੰਘ ਉਸ ਦਾ ਐਨਾ ਪ੍ਰਸੰਸਕ ਸੀ ਕਿ ਉਸ ਨੇ ਗਾਮੇ ਅਤੇ ਉਸ ਦੇ ਭਰਾ ਇਮਾਮ ਬਖਸ਼ ਨੂੰ ਜਾਇਦਾਦਾਂ ਬਖਸ਼ ਕੇ ਪੱਕੇ ਤੌਰ 'ਤੇ ਪਟਿਆਲੇ ਵਸਾ ਲਿਆ।

ਪਾਕਿਸਤਾਨੀ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੀ ਪਤਨੀ ਕੁਲਸੁਮ ਨਵਾਜ਼ ਗਾਮੇ ਦੀ ਰਿਸ਼ਤੇ ਵਿੱਚੋਂ ਪੋਤਰੀ ਲਗਦੀ ਹੈ। ਉਸ ਦੀਆਂ ਦੋ ਪਤਨੀਆਂ ਸਨ। ਇੱਕ ਤਾਂ ਉਸ ਦੇ ਨਾਲ ਹੀ ਪਾਕਿਸਤਾਨ ਚਲੀ ਗਈ ਪਰ ਦੂਸਰੀ ਬੜੋਦਾ (ਗੁਜਰਾਤ) ਹੀ ਰਹਿ ਗਈ। 10 ਸਾਲ ਦੀ ਉਮਰ ਵਿੱਚ ਉਸ ਨੇ ਮਹਾਰਾਜਾ ਜੋਧਪੁਰ ਵੱਲੋਂ ਆਯੋਜਿਤ ਇੱਕ ਕਸਰਤ ਮੁਕਾਬਲੇ ਵਿੱਚ ਹਿੱਸਾ ਲਿਆ। ਇਹ ਮੁਕਾਬਲਾ ਡੰਡ ਬੈਠਕ ਮਾਰਨ ਅਤੇ ਹੋਰ ਕਸਰਤਾਂ ਕਰਨ ਸਬੰਧੀ ਸੀ। 400 ਪਹਿਲਵਾਨਾਂ ਵਿੱਚੋਂ ਗਾਮਾ ਪਹਿਲੇ 15 ਵਿੱਚ ਆ ਗਿਆ। ਪਰ ਉਸ ਦੇ ਦਮ ਅਤੇ ਲਗਨ ਨੂੰ ਵੇਖ ਕੇ ਮਹਾਰਾਜੇ ਨੇ ਉਸ ਨੂੰ ਵਿਜੇਤਾ ਐਲਾਨ ਦਿੱਤਾ। ਉਹ ਜੋਧਪੁਰ ਰਿਆਸਤ ਦਾ ਦਰਬਾਰੀ ਪਹਿਲਵਾਨ ਬਣ ਗਿਆ। ਉਹ ਰੋਜ਼ਾਨਾ 5000 ਬੈਠਕਾਂ ਅਤੇ 3000 ਡੰਡ ਮਾਰਦਾ ਸੀ ਤੇ 40 ਪਹਿਲਵਾਨਾਂ ਨਾਲ ਜੋਰ ਅਜਮਾਈ ਕਰਦਾ ਸੀ। 10 ਲੀਟਰ ਦੁੱਧ, ਇੱਕ ਕਿੱਲੋ ਬਦਾਮ, ਇੱਕ ਕਿੱਲੋ ਘਿਉ, ਮੀਟ ਅਤੇ ਫਲ ਆਦਿ ਉਸ ਦੀ ਰੋਜ਼ ਦੀ ਖੁਰਾਕ ਸੀ। ਮਹਾਰਾਜਾ ਜੋਧਪੁਰ ਨੇ ਉਸ ਦੀ ਟਰੇਨਿੰਗ ਲਈ ਖਾਸ ਤੌਰ 'ਤੇ ਮਾਹਰ ਉਸਤਾਦ ਰੱਖੇ ਹੋਏ ਸਨ। ਜਲਦੀ ਹੀ ਮੁਕਾਬਲੇ ਲੜਨ ਵਾਸਤੇ ਉਸ ਦੇ ਡੌਲੇ ਫਰਕਣ ਲੱਗੇ।

17 ਸਾਲਾਂ ਦੀ ਉਮਰ ਤੱਕ ਗਾਮਾ ਕੋਈ ਖਾਸ ਮਸ਼ਹੂਰ ਨਹੀਂ ਸੀ। ਕਿਸਮਤ ਦਾ ਦੇਵਤਾ ਉਸ 'ਤੇ ਉਦੋਂ ਮਿਹਰਬਾਨ ਹੋਇਆ ਜਦੋਂ ਉਸ ਨੇ ਹਿੰਦ ਕੇਸਰੀ ਪਹਿਲਵਾਨ ਗੁਜਰਾਂਵਾਲਾ ਦੇ ਰਹੀਮ ਬਖਸ਼ ਮੁਲਤਾਨੀ ਨੂੰ ਵੰਗਾਰ ਦਿੱਤਾ। ਗਾਮੇ ਦਾ ਕੱਦ ਸਿਰਫ 5 ਫੁੱਟ 7 ਇੰਚ ਸੀ ਤੇ ਮੁਲਤਾਨੀ ਦਾ 7 ਫੁੱਟ। ਮੁਲਤਾਨੀ ਨੇ ਵੀ ਬਹੁਤ ਘੱਟ ਕੁਸ਼ਤੀਆਂ ਹਾਰੀਆਂ ਸਨ। ਲੋਕਾਂ ਨੂੰ ਇਸ ਤਰਾਂ ਲੱਗਾ ਜਿਵੇਂ ਇੱਕ ਬੌਣੇ ਨੇ ਰਾਖਸ਼ ਨੂੰ ਲਲਕਾਰਨ ਦੀ ਗਲਤੀ ਕੀਤੀ ਹੋਵੇ। ਸਾਰੇ ਸਮਝਦੇ ਸਨ ਕਿ ਮੁਲਤਾਨੀ ਦੋ ਮਿੰਟ ਵਿੱਚ ਗਾਮੇ ਨੂੰ ਮੱਛਰ ਵਾਂਗ ਮਸਲ ਕੇ ਰੱਖ ਦੇਵੇਗਾ। ਪਰ ਸਮਾਂ ਗਾਮੇ ਦੇ ਪੱਖ ਵਿੱਚ ਸੀ। ਮੁਲਤਾਨੀ ਢਲਦੀ ਉਮਰ ਦਾ ਸੀ ਜਦੋਂ ਕਿ ਗਾਮੇ ਦਾ ਕੈਰੀਅਰ ਅਜੇ ਸ਼ੁਰੂ ਹੀ ਹੋਇਆ ਸੀ। ਸਵੇਰ 9 ਵਜੇ ਸ਼ੁਰੂ ਹੋਈ ਕੁਸ਼ਤੀ ਲਗਾਤਾਰ 5 ਘੰਟੇ ਚੱਲਦੀ ਰਹੀ। ਦੋਵੇਂ ਭਲਵਾਨ ਥੱਕ ਕੇ ਚੂਰ ਹੋ ਗਏ। ਗਾਮੇ ਦੇ ਕੰਨਾਂ ਅਤੇ ਨੱਕ ਵਿੱਚੋਂ ਖੂਨ ਵਗਣ ਲੱਗਾ। ਮੁਲਤਾਨੀ ਨੂੰ ਵੀ ਗੰਭੀਰ ਅੰਦਰੂਨੀ ਸੱਟਾਂ ਲੱਗੀਆਂ। ਅਖੀਰ ਫੈਸਲਾ ਨਾ ਹੁੰਦਾ ਵੇਖ ਕੇ ਰੈਫਰੀਆਂ ਨੇ ਕੁਸ਼ਤੀ ਬਰਾਬਰੀ 'ਤੇ ਛੁਡਵਾ ਦਿੱਤੀ। ਇਸ ਮੁਕਾਬਲੇ ਨੇ ਗਾਮੇ ਦੀ ਬੱਲੇ ਬੱਲੇ ਕਰਵਾ ਦਿੱਤੀ। ਉਹ ਧਰੂ ਤਾਰੇ ਵਾਂਗ ਕੁਸ਼ਤੀ ਦੇ ਅਸਮਾਨ 'ਤੇ ਛਾ ਗਿਆ। 1910 ਤੱਕ ਮੁਲਤਾਨੀ ਨੂੰ ਛੱਡ ਕੇ ਗਾਮੇ ਨੇ ਸਾਰੇ ਮਸ਼ਹੂਰ ਭਾਰਤੀ ਪਹਿਲਵਾਨਾਂ ਨੂੰ ਧੂੜ ਚਟਾ ਦਿੱਤੀ।

1911 ਵਿੱਚ ਲੰਡਨ ਵਿੱਚ ਵਿਸ਼ਵ ਹੈਵੀਵੇਟ ਰੈਸਲਿੰਗ ਚੈਂਪੀਅਨਸ਼ਿੱਪ ਹੋ ਰਹੀ ਸੀ। ਉਹ ਵੀ ਆਪਣੇ ਭਰਾ ਇਮਾਮ ਬਖਸ਼ ਸਮੇਤ ਭਾਗ ਲੈਣ ਲਈ ਇੰਗਲੈਂਡ ਪਹੁੰਚ ਗਿਆ। ਪਰ ਵਜ਼ਨ ਘੱਟ ਹੋਣ ਕਾਰਨ ਗਾਮੇ ਨੂੰ ਘੁਲਣ ਦੀ ਆਗਿਆ ਨਾ ਮਿਲੀ। ਦੁਖੀ ਹੋ ਕੇ ਗਾਮੇ ਨੇ ਖੁਲ੍ਹਾ ਚੈਲੇਂਜ ਕਰ ਦਿੱਤਾ ਕਿ ਉਹ ਕਿਸੇ ਵੀ ਭਾਰ ਦੇ ਤਿੰਨ ਪਹਿਲਵਾਨਾਂ ਨੂੰ ਇਕੱਠੇ 30 ਮਿੰਟਾਂ ਵਿੱਚ ਹਰਾ ਸਕਦਾ ਹੈ। ਪਰ ਗੱਪ ਸਮਝ ਕੇ ਕੋਈ ਪਹਿਲਵਾਨ ਲੜਨ ਲਈ ਨਾ ਆਇਆ। ਫਿਰ ਉਸ ਨੇ ਹੈਵੀਵੇਟ ਵਰਲਡ ਚੈਂਪੀਅਨ ਪੋਲੈਂਡ ਦੇ ਸਟੈਨੀਸਲਾਸ ਜੁਬੈਸਕੋ ਅਤੇ ਫਰੈਂਕ ਗੌਚ ਨੂੰ ਚੈਲੇਂਜ ਕਰ ਦਿੱਤਾ ਕਿ ਜੇ ਉਹ ਉਹਨਾਂ ਨੂੰ ਨਾ ਹਰਾ ਸਕਿਆ ਤਾਂ ਇਨਾਮ ਦੇ ਬਰਾਬਰ ਪੈਸੇ ਦੇ ਕੇ ਘਰ ਚਲਾ ਜਾਵੇਗਾ। ਉਸ ਦਾ ਸਭ ਤੋਂ ਪਹਿਲਾ ਚੈਲੇਂਜ ਸਵੀਕਾਰ ਕਰਨ ਵਾਲਾ ਪੇਸ਼ੇਵਰ ਪਹਿਲਵਾਨ ਅਮਰੀਕਾ ਦਾ ਬੈਂਜਾਮਿਨ ਰੋਲਰ ਸੀ। ਗਾਮੇ ਨੇ ਉਸ ਨੂੰ 1 ਮਿੰਟ 40 ਸਕਿੰਟ ਵਿੱਚ ਧੂਲ ਚਟਾ ਦਿੱਤੀ। ਦੂਸਰੇ ਦਿਨ ਉਸ ਨੇ ਇੱਕੋ ਦਿਨ ਵਿੱਚ 12 ਭਲਵਾਨਾਂ ਨੂ ਹਰਾ ਦਿੱਤਾ ਤਾਂ ਉਸ ਨੂੰ ਚੈਂਪੀਅਨਸ਼ਿੱਪ ਵਿੱਚ ਲੜਨ ਦੀ ਇਜਾਜਤ ਮਿਲ ਗਈ। ਲਗਾਤਰ ਜਿੱਤਾਂ ਪ੍ਰਾਪਤ ਕਰਦਾ ਹੋਇਆ ਉਹ





ਫਾਈਨਲ ਵਿੱਚ ਪਹੁੰਚ ਗਿਆ।

ਫਾਈਨਲ ਵਿੱਚ ਉਸ ਦਾ ਮੁਕਾਬਲਾ ਵਰਲਡ ਚੈਂਪੀਅਨ ਜੁਬੈਸਕੋ ਨਾਲ ਹੋਇਆ। ਢਾਈ ਘੰਟੇ ਚੱਲੇ ਮੁਕਾਬਲੇ ਵਿੱਚ ਗਾਮੇ ਨੇ ਜੁਬੈਸਕੋ ਦੇ ਪੈਰ ਨਾ ਲੱਗਣ ਦਿੱਤੇ ਪਰ ਉਸ ਨੂੰ ਢਾਹ ਵੀ ਨਾ ਸਕਿਆ। ਮੁਕਾਬਲਾ ਬਰਾਬਰੀ 'ਤੇ ਬੰਦ ਕਰਕੇ ਅਗਲੇ ਦਿਨ 'ਤੇ ਪਾ ਦਿੱਤਾ ਗਿਆ। ਪਰ ਥਕਾਵਟ ਦਾ ਮਾਰਿਆ ਜੁਬੈਸਕੋ ਅਗਲੇ ਦਿਨ ਅਖਾੜੇ ਵਿੱਚ ਹੀ ਨਾ ਪਹੁੰਚਿਆ। ਵਰਲਡ ਚੈਂਪੀਅਨ ਦਾ ਤਾਜ ਗਾਮੇ ਦੇ ਸਿਰ 'ਤੇ ਸੱਜ ਗਿਆ। ਇਸ ਦੌਰਾਨ ਗਾਮੇ ਨੇ ਸੰਸਾਰ ਦੇ ਸਾਰੇ ਚੋਟੀ ਦੇ ਪਹਿਲਵਾਨਾਂ ਨੂੰ ਹਰਾ ਦਿੱਤਾ। ਅਮਰੀਕਾ ਦਾ ਬੈਂਜਾਮਿਨ ਰੋਲਰ, ਫਰਾਂਸ ਦਾ ਮੌਰੀਸ ਡੈਰੀਆਜ਼, ਯੂਰਪੀਅਨ ਚੈਂਪੀਅਨ ਜਾਹਨ ਲੈਮ (ਸਵਿਟਜ਼ਰਲੈਂਡ) ਅਤੇ ਸਾਬਕਾ ਵਰਲਡ ਚੈਂਪੀਅਨ ਜੈਸ ਪੀਟਰਸਨ (ਸਵੀਡਨ) ਉਸ ਹੱਥੋਂ ਮਾਤ ਖਾ ਗਏ। ਰੋਲਰ ਨੂੰ ਤਾਂ ਗਾਮੇ ਨੇ 15 ਮਿੰਟ ਦੇ ਮੈਚ ਵਿੱਚ 13 ਵਾਰ ਪਟਕਿਆ। ਇਸ ਤੋਂ ਬਾਅਦ ਉਸ ਨੇ ਜਾਪਾਨ ਦੇ ਜੂਡੋ ਚੈਂਪੀਅਨ ਤਾਰੋ ਮਿਆਕੀ, ਰੂਸ ਦੇ ਜਾਰਜ ਹੈਂਜ਼ਸ਼ਮਿੱਟ ਅਤੇ ਅਮਰੀਕਾ ਦੇ ਫਰੈਂਕ ਗੌਚ ਨੂੰ ਲਲਕਾਰਿਆ। ਪਰ ਉਸ ਦਾ ਦਬਦਬਾ ਐਨਾ ਬੈਠ ਗਿਆ ਸੀ ਕਿ ਕੋਈ ਮੈਦਾਨ ਵਿੱਚ ਨਾ ਨਿੱਤਰਿਆ। ਉਸ ਨੇ ਚੈਲੇਂਜ ਕੀਤਾ ਕਿ ਉਹ ਇੰਗਲੈਂਡ ਦੇ 20 ਪਹਿਲਵਾਨਾਂ ਨੂੰ ਇੱਕੋ ਦਿਨ ਵਿੱਚ ਹਰਾਵੇਗਾ ਜਾਂ ਵਰਲਡ ਚੈਂਪੀਅਨ ਵਜੋਂ ਮਿਲੀ ਰਕਮ ਇਨਾਮ ਵਿੱਚ ਦੇ ਦੇਵੇਗਾ। ਪਰ ਕੋਈ ਸਾਹਮਣੇ ਨਾ ਆਇਆ।

ਪਰ ਅਜੇ ਵੀ ਉਸ ਦੇ ਦਿਲ ਵਿੱਚ ਇੱਕ ਕਸਕ ਬਾਕੀ ਸੀ ਕਿ ਵਰਲਡ ਚੈਂਪੀਅਨ ਬਣਨ ਦੇ ਬਾਵਜੂਦ ਉਹ ਰੁਸਤਮੇ ਹਿੰਦ ਨਹੀਂ ਸੀ ਬਣ ਸਕਿਆ। ਇਸ ਲਈ ਰਹੀਮ ਬਖਸ਼ ਮੁਲਤਾਨੀ ਨੂੰ ਹਰਾਉਣਾ ਜਰੂਰੀ ਸੀ। ਅਖੀਰ ਉਹ ਦਿਨ ਵੀ ਆ ਗਿਆ। ਦੋਵਾਂ ਸੂਰਮਿਆਂ ਦਾ ਭੇੜ ਇਲਾਹਾਬਾਦ ਵਿੱਚ ਹੋਇਆ। 6 ਘੰਟੇ ਚੱਲੇ ਮੁਕਾਬਲੇ ਤੋਂ ਬਾਅਦ ਅਖੀਰ ਗਾਮਾ ਰੁਸਤਮੇ ਹਿੰਦ ਬਣ ਗਿਆ। ਜਦੋਂ ਕੁਸ਼ਤੀ ਤੋਂ ਸੰਨਿਆਸ ਲੈਣ ਤੋਂ ਬਾਅਦ ਉਸ ਨੂੰ ਪੁੱਛਿਆ ਗਿਆ ਕਿ ਉਸ ਨਾਲ ਭਿੜਨ ਵਾਲਾ ਕਿਹੜਾ ਪਹਿਲਵਾਨ ਸਭ ਤੋਂ ਖਤਰਨਾਕ ਸੀ ਤਾਂ ਉਸ ਨੇ ਇੱਕ ਦਮ ਜਵਾਬ ਦਿੱਤਾ ਕਿ ਰਹੀਮ ਬਖਸ਼ ਮੁਲਤਾਨੀ। ਇਸ ਤੋਂ ਬਾਅਦ ਉਸ ਨੇ ਗਵਾਲੀਅਰ ਰਿਆਸਤ ਦੇ ਚੈਂਪੀਅਨ ਪਹਿਲਵਾਨ ਬਿੱਦੂ ਪੰਡਿਤ ਦੀ ਪਿੱਠ ਲਵਾਈ।

1922 ਵਿੱਚ ਪ੍ਰਿੰਸ ਆਫ ਵੇਲਜ਼ ਭਾਰਤ ਦੇ ਦੌਰੇ 'ਤੇ ਆਏ। ਉਸ ਵੇਲੇ ਗਾਮਾ ਰਿਆਸਤ ਪਟਿਆਲਾ ਦਾ ਦਰਬਾਰੀ ਪਹਿਲਵਾਨ ਸੀ। ਉਸ ਨੂੰ ਭਾਰਤ ਦਾ ਸਭ ਤੋਂ ਮਹਾਨ ਪਹਿਲਵਾਨ ਘੋਸ਼ਿਤ ਕਰਕੇ ਪ੍ਰਿੰਸ ਆਫ ਵੇਲਜ਼ ਨੇ ਦਿੱਲੀ ਵਿਖੇ ਚਾਂਦੀ ਦੀ ਗੁਰਜ ਭੇਂਟ ਕੀਤੀ। ਉਸ ਤੋਂ ਬਾਅਦ 1927 ਤੱਕ ਕਿਸੇ ਪਹਿਲਵਾਨ ਨੇ ਉਸ ਨੂੰ ਲਲਕਾਰਨ ਦੀ ਹਿੰਮਤ ਨਾ ਕੀਤੀ। 18 ਸਾਲਾਂ ਬਾਅਦ ਜੁਬੈਸਕੋ ਨੇ 1928 ਵਿੱਚ ਦੁਬਾਰਾ ਉਸ ਨੂੰ ਚੈਲੇਂਜ ਕਰ ਦਿੱਤਾ। ਉਸ ਨੇ ਪਟਿਆਲੇ ਵਿਖੇ 60000 ਦਰਸ਼ਕਾਂ ਸਾਹਮਣੇ ਹੋਈ ਕੁਸ਼ਤੀ




ਵਿੱਚ ਸਿਰਫ 42 ਸਕਿੰਟਾਂ ਵਿੱਚ ਜੁਬੈਸਕੋ ਨੂੰ ਚਿੱਤ ਕਰ ਦਿੱਤਾ। ਜੁਬੈਸਕੋ ਦੀਆਂ ਤਿੰਨ ਪੱਸਲੀਆਂ ਟੁੱਟ ਗਈਆਂ ਤੇ ਉਸ ਨੂੰ ਸਟਰੇਚਰ 'ਤੇ ਪਾ ਕੇ ਲਿਜਾਣਾ ਪਿਆ। ਜੁਬੈਸਕੋ ਨੇ ਇਸ ਤੋਂ ਬਾਅਦ ਕੁਸ਼ਤੀ ਕਰਨੀ ਹੀ ਛੱਡ ਦਿੱਤੀ।

1947 ਵਿੱਚ ਗਾਮਾ ਮਹਾਰਾਜਾ ਪਟਿਆਲਾ ਯਾਦਵਿੰਦਰ ਸਿੰਘ ਦੇ ਬਹੁਤ ਰੋਕਣ ਦੇ ਬਾਵਜੂਦ ਪਾਕਿਸਤਾਨ ਚਲਾ ਗਿਆ। ਪਰ ਮਰਨ ਤੱਕ ਉਹ ਇਸ ਫੈਸਲੇ 'ਤੇ ਝੂਰਦਾ ਰਿਹਾ। ਪਾਕਿਸਤਾਨ ਵਿੱਚ ਉਹ 1952 ਤੱਕ ਕੁਸ਼ਤੀਆਂ ਕਰਦਾ ਰਿਹਾ ਪਰ ਭਾਰਤ ਵਾਲੀ ਗੱਲ ਨਾ ਬਣੀ। ਹਾਥੀ ਅਤੇ ਭਲਵਾਨ ਪਾਲਣੇ ਸੌਖੇ ਨਹੀਂ ਹੁੰਦੇ। ਉਸ ਨੂੰ ਕਿਸੇ ਨਵਾਬ ਜਾਂ ਰਾਈਸ ਨੇ ਸਰਪ੍ਰਸਤੀ ਨਾ ਦਿੱਤੀ। ਉਸ ਨੂੰ ਦਮਾ ਅਤੇ ਦਿਲ ਦੇ ਰੋਗ ਹੋ ਗਏ। ਪਰ ਇਲਾਜ ਲਈ ਪੈਸੇ ਨਹੀਂ ਸਨ। ਕੁਸ਼ਤੀ ਪ੍ਰੇਮੀ ਭਾਰਤੀ ਉਦਯੋਗਪਤੀ ਜੀ.ਡੀ. ਬਿਰਲਾ ਨੇ ਪਤਾ ਲੱਗਣ 'ਤੇ 2000 ਰੁਪਏ ਦੀ ਸਹਾਇਤਾ ਰਾਸ਼ੀ ਭੇਜੀ। ਪਾਕਿਸਤਾਨੀ ਸਰਕਾਰ ਨੇ ਉਸ ਦੀ 300 ਰੁਪਏ ਮਹੀਨਾ ਪੈਨਸ਼ਨ ਲਗਾ ਦਿੱਤੀ। ਰੋਜ਼ਾਨਾ 300 ਰੁਪਏ ਦੀ ਖੁਰਾਕ ਖਾ ਜਾਣ ਵਾਲਾ ਗਾਮਾ ਬਦਹਾਲੀ ਦੀ ਜ਼ਿੰਦਗੀ ਜਿਊਣ ਲੱਗਾ। ਅਖੀਰ ਬਿਮਾਰੀਆਂ ਨਾਲ ਘੁਲਦਾ ਪੰਜਾਬ ਦਾ ਇਹ ਲਾਸਾਨੀ ਸਪੂਤ ਸਰਕਾਰੀ ਹਸਪਤਾਲ ਦੇ ਮੰਜੇ 'ਤੇ 23 ਮਈ 1960 ਨੂੰ ਲਾਹੌਰ ਵਿਖੇ ਮੌਤ ਦੀ ਝੋਲੀ ਜਾ ਪਿਆ। ਉਸ ਦਾ ਭਤੀਜਾ ਭੋਲੂ ਭਲਵਾਨ ਪਾਕਿਸਤਾਨ ਵਿੱਚ ਕਾਫੀ ਮਸ਼ਹੂਰ ਰਿਹਾ ਹੈ। ਉਸ ਦੀਆਂ ਕਸਰਤ ਨਾਲ ਸਬੰਧਿਤ ਕਈ ਵਸਤੂਆਂ ਐਨ.ਆਈ.ਐਸ. ਪਟਿਆਲਾ ਵਿੱਚ ਸੰਭਾਲੀਆਂ ਪਈਆਂ ਹਨ। ਅੰਮ੍ਰਿਤਸਰ ਦੇ ਚਾਟੀਵਿੰਡ ਗੇਟ ਦੇ ਬਾਹਰ ਉਸ ਦੇ ਭਰਾ ਇਮਾਮ ਬਖਸ਼ ਵੱਲੋਂ ਸਥਾਪਿਤ ਅਖਾੜਾ ਚੱਲ ਰਿਹਾ ਹੈ। ਅੱਜ ਵੀ ਉਸ ਦਾ ਨਾਮ ਇਮਾਮ ਬਖਸ਼ ਦਾ ਅਖਾੜਾ ਹੈ। ਕਹਿੰਦੇ ਹਨ ਕਿ ਬਰੂਸ ਲੀ ਗਾਮੇ ਦੇ ਕਸਰਤ ਕਰਨ ਦੇ ਤਰੀਕਿਆਂ ਦਾ ਬਹੁਤ ਕਾਇਲ ਸੀ। ਉਸ ਨੇ ਉਸ ਬਾਰੇ ਕਈ ਆਰਟੀਕਲ ਪੜ੍ਹੇ ਸਨ।

**ਕਿੱਕਰ ਸਿੰਘ ਸੰਧੂ–** ਕਿੱਕਰ ਸਿੰਘ ਸੰਧੂ ਦਾ ਜਨਮ 13 ਜਨਵਰੀ 1857 ਨੂੰ ਲਾਹੌਰ ਦੇ ਪਿੰਡ ਘਣੀਏਕੇ ਵਿਖੇ ਹੋਇਆ ਸੀ। ਉਸ ਦੇ ਬਾਪ ਦਾ ਨਾਮ ਜਵਾਲਾ ਸਿੰਘ ਤੇ ਮਾਤਾ ਦਾ ਨਾਮ ਸਾਹਿਬ ਕੌਰ ਸੀ। ਉਸ ਦਾ ਅਸਲੀ ਨਾਮ ਪ੍ਰੇਮ ਸਿੰਘ ਸੀ। ਕੁਝ ਲੋਕ ਕਹਿੰਦੇ ਹਨ ਕਿ ਇੱਕ ਵਾਰ ਉਸ ਨੇ ਦਾਤਣ ਤੋੜਨ ਲਈ ਕਿੱਕਰ ਦਾ ਦਰਖਤ ਹੀ ਪੁੱਟ ਦਿੱਤਾ ਸੀ ਇਸ ਲਈ ਉਸ ਦਾ ਨਾਮ ਕਿੱਕਰ ਸਿੰਘ ਪੈ ਗਿਆ। ਪਰ ਅਸਲੀਅਤ ਇਹ ਹੈ ਕਿ ਸੱਤ ਫੁੱਟ ਕੱਦ ਅਤੇ ਕਿੱਕਰ ਵਰਗਾ ਕਾਲਾ ਰੰਗ ਹੋਣ ਕਾਰਨ ਉਸ ਦਾ ਨਾਮ ਕਿੱਕਰ ਸਿੰਘ ਪਿਆ। ਉਸ ਦੀ ਰਾਖਸ਼ਾਂ ਵਰਗੀ ਤਾਕਤ ਦੇ ਕਈ ਕਿੱਸੇ ਮਸ਼ਹੂਰ ਹਨ। ਕਹਿੰਦੇ ਹਨ ਕਿ ਇੱਕ ਵਾਰ ਉਹ ਊਠ 'ਤੇ ਸਹੁਰਿਆਂ ਨੂੰ ਜਾ ਰਿਹਾ ਸੀ। ਰਸਤੇ ਵਿੱਚ ਬਦਮਾਸ਼ਾਂ ਨੇ ਘੇਰ ਲਿਆ ਤੇ ਨਕੇਲ ਫੜ੍ਹ ਕੇ ਊਠ ਬਿਠਾ ਲਿਆ। ਬਦਮਾਸ਼ਾਂ ਨੇ ਉਸ ਨੂੰ ਕੈਂਠਾ ਦੇਣ ਲਈ ਕਿਹਾ। ਕਿੱਕਰ ਸਿੰਘ ਨੇ ਭੋਲਾ ਜਿਹਾ ਬਣ ਕੇ ਕਿਹਾ ਕਿ ਕੈਂਠੇ ਦੀ ਗੰਢ ਕਰੜੀ ਹੈ, ਆਪੇ ਖੋਲ੍ਹ ਲਉ। ਜਦੋਂ ਬਦਮਾਸ਼ ਨਜ਼ਦੀਕ ਆ ਕੇ ਕੈਂਠਾ ਖੋਲ੍ਹਣ ਲੱਗੇ ਤਾਂ ਉਸ ਨੇ ਦੋਵਾਂ ਦੀਆਂ ਗਿੱਚੀਆਂ ਪਕੜ ਕੇ ਊਠ ਖੜਾ ਕਰ ਦਿੱਤਾ। ਦੋਵਾਂ ਨੂੰ ਤੋਰੀ ਵਾਂਗ ਅਗਲੇ ਪਿੰਡ ਤੱਕ ਲਮਕਾਈ ਗਿਆ। ਉਸ ਦਾ ਭਾਰ ਐਨਾ ਸੀ ਕਿ ਇੱਕ ਵਾਰ ਅਖਾੜੇ ਵਿੱਚ ਗੱਲਾਂ ਕਰਦਾ ਕਰਦਾ ਤਖਤਪੋਸ਼ 'ਤੇ ਬੈਠ ਗਿਆ। ਚੱਪਾ ਚੱਪਾ ਮੋਟੀ ਲੱਕੜ ਦਾ ਬਣਿਆਂ ਤਖਤਪੋਸ਼ ਦੋ ਟੋਟੇ ਹੋ ਗਿਆ।

ਜਵਾਲਾ ਸਿੰਘ ਖੁਦ ਪਹਿਲਵਾਨ ਸੀ ਇਸ ਲਈ ਉਸ ਨੇ ਕਿੱਕਰ ਸਿੰਘ ਨੂੰ ਵੀ ਪਹਿਲਵਾਨੀ ਵਿੱਚ ਪਾ ਦਿੱਤਾ। ਕਿੱਕਰ ਸਿੰਘ ਆਪਣੇ ਨਾਨਕੇ ਪਿੰਡ ਗੁਲਾਮ ਮੁਹੰਮਦ ਨਾਮ ਦੇ ਮਸ਼ਹੂਰ ਉਸਤਾਦ ਦੀ ਦੇਖ ਰੇਖ ਹੇਠ ਕੁਸ਼ਤੀ ਦੇ ਦਾਅ ਪੇਚ ਸਿੱਖਣ ਲੱਗਾ। ਇਸ ਤੋਂ ਬਾਅਦ ਉਸ ਨੇ ਆਪਣੇ ਪਿੰਡ ਦੇ ਵਸਾਵਾ ਸਿੰਘ ਕੋਲੋਂ ਬਰੀਕੀਆਂ ਸਿੱਖੀਆਂ। ਬਾਅਦ ਵਿੱਚ ਉਸ ਨੇ ਰੁਸਤਮੇ ਹਿੰਦ ਬੂਟੇ ਪਹਿਲਵਾਨ ਨੂੰ ਗੁਰੂ ਧਾਰ ਲਿਆ। ਉਹ ਹੌਲੀ ਹੌਲੀ ਭਾਰਤ ਅਤੇ ਵਿਸ਼ਵ ਪੱਧਰ 'ਤੇ ਮਸ਼ਹੂਰ ਹੋ ਗਿਆ। ਉਹ ਜੋਧਪੁਰ, ਇੰਦੌਰ, ਟੌਂਕ ਅਤੇ ਕਸ਼ਮੀਰ ਰਿਆਸਤਾਂ ਦਾ ਦਰਬਾਰੀ ਭਲਵਾਨ ਰਿਹਾ। ਉਸ ਨੇ ਆਪਣੀ ਜ਼ਿੰਦਗੀ ਵਿੱਚ ਕੋਈ ਕੁਸ਼ਤੀ ਨਹੀਂ ਸੀ ਹਾਰੀ। ਅਸਲ ਵਿੱਚ ਉਸ ਦੀ ਤਾਕਤ ਅਤੇ ਡੀਲ ਡੌਲ ਨੂੰ ਵੇਖ ਕੇ ਬਹੁਤੇ ਭਲਵਾਨ ਉਸ ਨਾਲ ਘੁਲਣ ਲਈ ਤਿਆਰ ਹੀ ਨਹੀਂ ਹੁੰਦੇ ਸਨ। ਪਰ ਉਹ ਆਪਣੇ ਕੈਰੀਅਰ ਦੀ ਆਖਰੀ ਕੁਸ਼ਤੀ ਹਾਰ ਗਿਆ। ਦਸੰਬਰ 1911 ਵਿੱਚ ਇੰਗਲੈਂਡ ਦੇ ਬਾਦਸ਼ਾਹ ਜਾਰਜ ਪੰਜਵੇਂ ਦੀ ਤਾਜਪੋਸ਼ੀ ਦੇ ਜਸ਼ਨ ਮਨਾਉਣ ਲਈ ਦਿੱਲੀ ਦਰਬਾਰ ਕੀਤਾ ਗਿਆ। ਉਥੇ ਕਿੱਕਰ ਸਿੰਘ ਨੂੰ ਆਪਣੇ ਪੁਰਾਣੇ ਵਿਰੋਧੀ ਅਤੇ ਉਮਰ ਵਿੱਚ ਕਾਫੀ ਛੋਟੇ ਅੰਮ੍ਰਿਤਸਰ ਦੇ ਪਹਿਲਵਾਨ ਕੱਲੂ ਨੇ ਚੈਲੇਂਜ ਕਰ ਦਿੱਤਾ। ਉਹ ਕੱਲੂ ਨੂੰ 7 ਵਾਰ ਹਰਾ ਚੁੱਕਾ ਸੀ। ਉਸ ਵੇਲੇ ਕਿੱਕਰ ਸਿੰਘ 55 ਸਾਲਾਂ ਦਾ ਸੀ ਤੇ ਦਮੇਂ ਦਾ ਮਰੀਜ਼ ਸੀ। ਪਰ ਉਸ ਨੇ ਚੈਲੇਂਜ ਸਵੀਕਾਰ ਕਰ ਲਿਆ। ਪਟਿਆਲਾ ਦੇ ਮਹਾਰਾਜਾ ਭੁਪਿੰਦਰ ਸਿੰਘ, ਭਾਰਤ ਦੀਆਂ ਅਨੇਕਾਂ ਰਿਆਸਤਾਂ ਦੇ ਰਾਜੇ ਅਤੇ ਵਾਇਸਰਾਏ ਹਿੰਦ ਦੇ ਸਾਹਮਣੇ 4 ਘੰਟੇ ਚੱਲੇ ਮੁਕਾਬਲੇ ਵਿੱਚ ਇੱਕ ਵਿਵਾਦਮਈ ਫੈਸਲੇ ਨਾਲ ਕਿੱਕਰ ਸਿੰਘ ਨੂੰ ਹਾਰਿਆ ਘੋਸ਼ਿਤ ਕਰ ਦਿੱਤਾ ਗਿਆ। ਇਸ ਤੋਂ ਬਾਅਦ ਉਸ ਨੇ ਘੁਲਣਾ ਛੱਡ ਦਿੱਤਾ। ਇਹ ਹਾਰ ਉਸ ਨੇ ਦਿਲ ਨੂੰ ਲਗਾ ਲਈ। ਇਸੇ ਗਮ ਕਾਰਨ ਕਿੱਕਰ ਸਿੰਘ ਦੀ 18 ਫਰਵਰੀ 1914 ਨੂੰ 57 ਸਾਲ ਦੀ ਉਮਰ ਵਿੱਚ ਆਪਣੇ ਪਿੰਡ ਮੌਤ ਹੋ ਗਈ। ਪਿੰਡ ਵਿੱਚ ਉਸ ਦੀ ਸਮਾਧੀ ਤਿਆਰ ਕੀਤੀ ਗਈ ਜੋ ਅਜੇ ਵੀ ਮੌਜੂਦ ਹੈ। ਉਹ ਐਨਾ ਮਸ਼ਹੂਰ ਸੀ ਕਿ ਉਸ ਨੂੰ ਵੇਖਣ ਲਈ ਲੋਕਾਂ ਦਾ ਮੇਲਾ ਲੱਗਾ ਰਹਿੰਦਾ ਸੀ। ਉਸ ਦੇ ਦੋ ਵਿਆਹ ਅਤੇ ਚਾਰ ਪੁੱਤਰ ਸਨ। ਅਜ਼ਾਦੀ ਤੋਂ ਬਾਅਦ ਉਸ ਦਾ ਪਰਿਵਾਰ ਭਾਰਤ ਆ ਗਿਆ। ਉਸ ਦੇ ਪਰਿਵਾਰ ਨੂੰ ਫਿਰੋਜ਼ਪੁਰ ਜਿਲ੍ਹੇ ਵਿੱਚ ਜ਼ਮੀਨ ਅਲਾਟ ਹੋਈ ਸੀ।

# ਇੱਥੇ ਜ਼ਮੀਨ ਤੋਂ ਨਿਕਲਦੀਆਂ ਹਨ ਮਿਜ਼ਾਇਲਾਂ– ਰਾਕਟ ਲਾਂਚਰ

### ਅਮਰੀਕਾ ਨੇ ਡੇਗੇ ਸਨ 27 ਕਰੋੜ ਬੰਬ

ਵੀਅਤਨਾਮ ਯੁੱਧ ਦੇ ਦੌਰਾਨ ਲਾਓਸ 'ਤੇ ਸੁੱਟੇ ਗਏ ਬੰਬਾਂ ਨੂੰ ਹਟਾਉਣ ਦੇ ਲਈ ਅਮਰੀਕਾ 6 ਅਰਬ ਰੁਪਏ (90 ਮਿਲੀਅਨ ਡਾਲਰ) ਖਰਚ ਕਰੇਗਾ। ਵੀਅਤਨਾਮ ਜੰਗ ਨੂੰ ਖਤਮ ਹੋਇਆਂ 40 ਸਾਲ ਤੋਂ ਜ਼ਿਆਦਾ ਵਕਤ ਲੰਘ ਚੁੱਕਾ ਹੈ ਪਰ ਲਾਓਸ ਦੀ ਧਰਤੀ ਤੇ ਅੱਜ ਵੀ ਇਸਦੀ ਜ਼ਖਮ ਦਿੱਸ ਜਾਣਗੇ। ਯੁੱਧ ਦੇ ਦੌਰਾਨ ਅਮਰੀਕਾ ਵੱਲੋਂ ਡੇਗੇ ਗਏ ਬੰਬ ਹੁਣ ਵੀ ਇੱਥੇ ਜ਼ਮੀਨ ਵਿਚ ਦਫਨ ਹਨ, ਜੋ ਹਰ ਰੋਜ਼ ਬਲਾਸਟ ਹੋ ਰਹੇ ਹਨ। ਆਰਗੇਨਾਈਜੇਸ਼ਨ ਲੀਗੇਂਸੀ ਆਫ ਵਾਰ ਦੇ ਮੁਤਾਬਕ ਇੱਥੇ ਕਰੀਬ 8 ਕਰੋੜ ਬੰਬ ਜ਼ਮੀਨ ਵਿਚ ਦਫਨ ਹਨ। ਇਹਨਾ ਦੇ ਕਾਰਨ ਲੋਕ ਦਹਿਸ਼ਤ ਦੀ ਜ਼ਿੰਦਗੀ ਜਿਉਂ ਰਹੇ ਹਨ।

ਵੀਅਤਨਾਮ ਜੰਗ ਦੇ ਦੌਰਾਨ ਬੰਬਾਰੀ ਸੀ. ਆਈ. ਏ. ਦੇ ਸੀਕਰੇਟ ਅਪਰੇਸ਼ਨ ਦਾ ਹਿੱਸਾ ਸੀ, ਜਿਸਦਾ ਮਕਸਦ ਨੌਰਥ ਵੀਅਤਨਾਮ ਦੇ ਸਪਲਾਈ ਰੂਟਸ ਰੋਕਣੇ ਸਨ। ਅਮਰੀਕੀ ਪਲੇਟ ਅਸਲ ਟਾਰਗੇਟ ਤੱਕ ਨਾ ਪਹੁੰਚ ਸਕਣ ਤੇ ਲਾਓਸ ਦੀ ਜ਼ਮੀਨ ਇਪਿੰਗ ਗ੍ਰਾਊਂਡ ਵਾਂਗ ਵਰਤੇ ਰਹੇ ਸਨ। ਯੁੱਧ ਦੇ ਦੌਰਾਨ ਅਮਰੀਕਾ ਨੇ ਲਾਓਸ ਦੀ ਜ਼ਮੀਨ 'ਤੇ 27 ਕਰੋੜ ਤੋਂ ਜ਼ਿਆਦਾ ਬੰਬ ਸੁੱਟੇ ਸਨ। ਯਾਨਿ ਇੰਨੀ ਮਾਤਰਾ ਵਿਚ 9 ਸਾਲਾਂ ਤੱਕ ਹਰ ਅੱਠ ਮਿੰਟ ਤੱਕ ਬੰਬ ਨਾਲ ਇਕ ਪਲੇਟ ਭਰਿਆ ਜਾ ਸਕੇ। ਇਸ ਬੰਬਾਰੀ ਵਿਚ 20 ਹਜ਼ਾਰ ਤੋਂ ਜ਼ਿਆਦਾ ਲੋਕ ਮਾਰੇ ਗਏ ਸਨ ਅਤੇ 1964 ਤੋਂ 1974 ਤੱਕ ਯੁੱਧ ਦੌਰਾਨ ਲਗਾਤਾਰ ਜ਼ਖਮੀ ਹੋਏ। 2008 ਵਿਚ ਜਿੱਥੇ ਜ਼ਮੀਨ ਵਿਚ ਦਫਨ ਬੰਬਾਂ ਦੇ ਕਾਰਨ 300 ਲੋਕਾਂ ਨੂੰ ਨੁਕਸਾਨ ਹੋਇਆ, ਉਹ ਅੰਕੜਾ 2015 ਵਿਚ 42 ਹੋ ਗਿਆ।

### ਹਰ ਸਾਲ ਖਰਚ ਹੋਣਗੇ ਡੇਢ ਅਰਬ ਰੁਪਏ


ਜ਼ਮੀਨ ਵਿਚ ਦੱਬੇ ਬੰਬਾਂ ਦੇ ਬਲਾਸਟ ਦਾ ਸਿ–ਲਸਿਲਾ ਘੱਟ ਜ਼ਰੂਰ ਹੋਇਆ ਹੈ ਪਰ ਰੁਕਿਆ ਨਹੀਂ ਹੈ। ਇਸ ਵਿਚ ਬੱਚੇ ਸਭ ਤੋਂ ਜ਼ਿਆਦਾ ਹਾਦਸਿਆਂ ਦਾ ਸ਼ਿਕਾਰ ਹੋ ਰਹੇ ਹਨ। ਯੂ. ਐਨ. ਡਿਵੈਲਪਮੈਂਟ ਪ੍ਰੋਗਰਾਮ ਦੇ ਲਾਓਸ ਵਿਚ ਡਿਪਟੀ ਰੀਪ੍ਰਜੈਂਟੇਟਿਵ ਬਾਲਾ ਸੁਬਰਾਮਣੀਅਮ ਮੁਰਾਲੀ ਮੁਤਾਬਕ ਜਗਿਆਸਾ ਵੱਸ ਬੱਚੇ ਬੰਬਾਂ ਨਾਲ ਖੇਡਣ ਜਾਂਦੇ ਹਨ ਅਤੇ ਹਾਦਸਿਆਂ ਦਾ ਸ਼ਿਕਾਰ ਹੋ ਜਾਂਦੇ ਹਨ।

ਆਰਗੇਨਾਈਜੇਸ਼ਨ ਲੀਗੈਂਸੀ ਆਫ ਵਾਰ ਮੁਤਾਬਕ ਲਾਓਸ ਵਿਚ ਡੇਗੇ ਗਏ ਬੰਬ ਕਾਰਨ ਭਵਿੱਖ ਵਿਚ



ਹੋਣ ਵਾਲੇ ਨੁਕਸਾਨ ਤੋਂ ਬਚਣ ਦੇ ਲਈ ਦੇਸ਼ ਨੂੰ ਇਕ ਦਹਾਕੇ ਤੱਕ ਹਰ ਸਾਲ ਡੇਢ ਅਰਬ ਰੁਪਏ ਖਰਚ ਕਰਨੇ ਹੋਣਗੇ। ਸ਼ੀਏਂਗ ਖੋਓਆਂਗ ਲਾਓਸ ਤੋਂ ਜ਼ਿਆਦਾ ਪ੍ਰਭਾਵਿਤ ਸੂਬਿਆਂ ਵਿਚੋਂ ਇਕ ਹੈ। ਇੱਥੇ ਜੰਗਲ ਤੋਂ ਲੈ ਕੇ ਸਕੂਲ ਗਰਾਊਂਡ, ਸੜਕਾਂ ਅਤੇ ਖੇਤਾਂ ਵਿਚ ਆਸਾਨੀ ਨਾਲ ਬੰਬ ਮਿਲ ਜਾਣਗੇ।

# 'ਸੱਭ 'ਤੇ ਵੱਡਾ ਸਤਿਗੁਰ ਨਾਨਕ'



ਸਾਡੇ ਸਮਾਜ 'ਚ ਗੁਰੂ ਦਾ ਸਥਾਨ ਮਾਤਾ-ਪਿਤਾ ਦੇ ਸਮਾਨ ਹੀ ਸਮਝਿਆ ਜਾਂਦਾ ਹੈ। ਗੁਰੂ ਦੀ ਮਹਾਨਤਾ ਤੇ ਮਹਿਮਾ ਬਾਰੇ ਵਿਆਖਿਆ ਸਾਨੂੰ ਸਾਡੇ ਪੁਰਾਣਾਂ ਤੇ ਪੁਰਾਤਨ ਗ੍ਰੰਥਾਂ 'ਚੋਂ ਮਿਲਦੀ ਹੈ। ਭਾਰਤ ਦੇ ਸਿੱਖ ਧਰਮ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੇ ਧਰਮ ਦੇ ਸਭ ਤੋਂ ਵੱਡੇ ਗੁਰੂ ਮੰਨੇ ਜਾਂਦੇ ਹਨ ਤੇ ਉਨ੍ਹਾਂ ਨੇ ਵੀ ਆਪਣੇ ਸਾਰੇ ਜੀਵਨ ਕਾਲ 'ਚ ਗੁਰੂ ਦੀ ਮਹਿਮਾ ਦੀ ਵਿਆਖਿਆ ਬੜੇ ਉੱਚ ਪੱਧਰ 'ਤੇ ਕੀਤੀ ਤੇ ਪ੍ਰੇਮ ਭਾਵਨਾ ਨੂੰ ਫੈਲਾਉਣ ਲਈ ਆਪਣਾ ਸਾਰਾ ਜੀਵਨ ਲਾ ਦਿੱਤਾ। ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਸਿੱਖਿਆਵਾਂ 'ਚ ਲੋਕਾਂ ਨੂੰ ਏਕਤਾ ਤੇ ਪ੍ਰੇਮ-ਪਿਆਰ ਨੂੰ ਵਧਾਉਣ ਲਈ ਆਪਣਾ ਸਾਰਾ ਜੀਵਨ ਪੁਰਜ਼ੋਰ ਕੋਸ਼ਿਸ਼ ਕੀਤੀ।

ਗੁਰੂ ਨਾਨਕ ਦੇਵ ਜੀ ਦੇ ਜੀਵਨ ਦੇ ਕਈ ਪਹਿਲੂ ਹਨ। ਉਹ ਅਧਿਆਤਮਵਾਦ ਦੇ ਮਹਾਂ-ਬ੍ਰਹਮਗਿਆਨੀ, ਉੱਚ ਕੋਟੀ ਦੇ ਦਾਰਸ਼ਨਿਕ ਤੇ ਵਿਚਾਰਕ ਸਨ। ਉਨ੍ਹਾਂ ਨੇ ਆਪਣੇ ਜਗਿਆਸੂਆਂ ਨੂੰ ਅਧਿਆਤਮਕ ਉਲਝਣਾਂ ਨੂੰ ਸਮਝਾਉਣ ਲਈ ਤੇ ਉਨ੍ਹਾਂ ਦਾ ਹੱਲ ਕਰਨ ਲਈ, ਬੜੀ ਸਰਲ ਤੇ ਸਪਸ਼ਟ ਭਾਸ਼ਾ, ਪੰਜਾਬੀ 'ਚ 'ਜਪੁਜੀ' ਸਾਹਿਬ ਦੀ ਰਚਨਾ ਕੀਤੀ। ਇਹ ਅਧਿਆਤਮਵਾਦ 'ਤੇ ਲਿਖੀ ਗਈ ਸੰਸਾਰ ਪ੍ਰਸਿੱਧ ਆਧੁਨਿਕ ਬਾਣੀ ਹੈ। ਜਿਸ ਨੂੰ ਅਧਿਆਤਮਵਾਦ ਦਾ ਸਿਰਮੌਰ ਵੀ ਕਿਹਾ ਜਾਂਦਾ ਹੈ। ਇਹ ਪੌੜੀ ਛੰਦ 'ਚ ਲਿਖੀ ਗਈ ਹੈ ਤੇ ਜਗਿਆਸੂ 'ਚ ਅਧਿਆਤਮਵਾਦ ਦਾ ਵਿਕਾਸ, ਪੜਾਅ ਵਾਰ ਕਰਦੀ ਹੋਈ, ਪ੍ਰਗਤੀ ਦੇ ਪੰਧ ਤੇ ਚੱਲ ਕੇ, ਜੀਵ ਆਤਮਾ ਨੂੰ ਪ੍ਰਭੂ ਦੇ ਦਰ ਤੱਕ ਪਹੁੰਚਾ ਦਿੰਦੀ ਹੈ। ਇਹ ਸਿੱਖੀ ਜੀਵਨ ਦਾ ਨਿਤਨੇਮ ਬਣ ਗਈ ਹੈ ਤੇ ਇਸ ਦੀਆਂ ਵਡਿਆਈਆਂ ਨੂੰ ਵਿਚਾਰਨ ਦਾ ਸਮਾਂ ਅੰਮ੍ਰਿਤ ਵੇਲਾ ਦੱਸਿਆ ਗਿਆ ਹੈ। ਇਸ ਵਿਚਾਰ ਨੂੰ ਇਸ ਮਹਾਨ ਰਚਨਾ ਦਾ ਕੇਂਦਰੀ ਭਾਵ ਵੀ ਕਿਹਾ ਜਾ ਸਕਦਾ ਹੈ।

ਗੁਰੂ ਨਾਨਕ ਦੇਵ ਜੀ ਇਕ ਬਹੁਤ ਵੱਡੇ ਸੰਤ ਕਵੀ ਵੀ ਸਨ। ਉਨ੍ਹਾਂ ਨੇ ਤਿੰਨ ਅਧਿਆਤਮਕ ਵਾਰਾਂ ਵੀ ਲਿਖੀਆਂ ਜਿਹਨਾਂ ਦੇ ਨਾਮ ਹਨ: ਆਸਾ ਦੀ ਵਾਰ, ਮਾਝ ਦੀ ਵਾਰ ਤੇ ਮਲਾਰ ਦੀ ਵਾਰ। ਆਸਾ ਦੀ ਵਾਰ ਲੋਕਾਂ ਵਿਚ ਫੈਲੇ ਭਰਮਾਂ-ਵਹਿਮਾਂ, ਫੋਕੇ ਕਰਮ ਕਾਂਡਾਂ ਤੇ ਝੂਠੇ ਅਡੰਬਰਾਂ 'ਚੋਂ ਨਿਕਲ ਕੇ, ਮਾਨਵ ਨੂੰ ਸਾਦਾ ਤੇ ਸੱਚਾ-ਸੁੱਚਾ ਜੀਵਨ ਜਿਊਣ ਵੱਲ ਸੇਧਿਤ ਕਰਦੀ ਹੈ। ਇਸ ਤੋਂ ਇਲਾਵਾ ਉਨ੍ਹਾਂ ਦੀਆਂ ਹੋਰ ਰਚਨਾਵਾਂ ਵੀ ਹਨ ਜਿਵੇਂ: ਸਿੱਧ ਗੋਸ਼ਟਿ, ਸੋਹਲੇ, ਦੱਖਣੀ ਓਂਕਾਰ, ਪੱਟੀ, ਬਾਰਾਂ ਮਾਹ ਤੇ 974 ਸ਼ਬਦ ਹਨ। ਇਹ ਸਭ ਬਾਣੀਆਂ 'ਗੁਰੂ ਗ੍ਰੰਥ ਸਾਹਿਬ' 'ਚ ਦਰਜ ਹਨ। ਗੁਰੂ ਨਾਨਕ ਦੇਵ ਜੀ ਦੀ ਬਾਣੀ ਗੁਣਨਾਤਮਕ ਪੱਖੋਂ ਗੁਰੂ ਗ੍ਰੰਥ ਸਾਹਿਬ 'ਚ ਦਰਜ ਸਭ ਬਾਣੀਆਂ ਨਾਲੋਂ ਸਰਵ ਉੱਤਮ ਦਰਜੇ ਦੀ ਹੈ।

ਗੁਰੂ ਨਾਨਕ ਦੇਵ ਜੀ ਵੇਦਾਂਤੀ ਸਨ। ਉਹ ਬਹੁ ਮੂਰਤੀ ਪੂਜਾ ਦੇ ਵਿਰੁੱਧ ਸਨ। ਬੁੱਤ ਪੂਜਾ ਸਬੰਧੀ ਉਨ੍ਹਾਂ ਦੀ ਸੋਚ ਨਿਰਾਰਥਕ ਸੀ। ਰੂੜ੍ਹੀਵਾਦੀ ਕੁਸੰਸਕਾਰਾਂ ਦਾ ਵੀ ਉਨ੍ਹਾਂ ਨੇ ਰੱਜ ਕੇ ਵਿਰੋਧ ਕੀਤਾ। ਉਨ੍ਹਾਂ ਦਾ ਉਪਦੇਸ਼ ਸੀ, ਈਸ਼ਵਰ ਦੀ ਪ੍ਰਾਪਤੀ ਬਾਹਰੀ ਸਾਧਨਾਂ ਨਾਲ ਨਹੀਂ ਹੋ ਸਕਦੀ ਸਗੋਂ ਸਰੀਰ ਦੇ ਅੰਦਰੂਨੀ ਸਾਧਨਾਂ ਦੇ ਚਿੰਤਨ ਨਾਲ ਹੋ ਸਕਦੀ ਹੈ। ਉਨ੍ਹਾਂ ਦੀ ਬਾਣੀ 'ਚ ਵੈਰਾਗ ਰਸ ਤਾਂ ਹੈ ਹੀ ਪਰ ਇਸ ਦੇ ਨਾਲ ਉਨ੍ਹਾਂ ਨੇ ਤਤਕਾਲੀਨ ਰਾਜਨੀਤਿਕ, ਸਮਾਜਿਕ ਤੇ ਧਾਰਮਿਕ ਪ੍ਰਸਥਿਤੀਆਂ ਦਾ ਵਰਣਨ ਵੀ ਕੀਤਾ ਹੈ। ਸੰਤ ਸਾਹਿਤ 'ਚ ਉਹ ਉਹਨਾਂ ਸੰਤਾਂ ਦੀ ਸ਼੍ਰੇਣੀ 'ਚ ਆਉਂਦੇ ਹਨ, ਜਿਹਨਾਂ ਨ ਔਰਤ ਦੀ ਮਹਾਨਤਾ ਤੇ ਉਸ ਦਾ ਸਤਿਕਾਰ ਕਰਨ ਦਾ ਸਮਾਜ ਨੂੰ ਸੰਦੇਸ਼ ਦਿੱਤਾ। ਉਨ੍ਹਾਂ ਦੇ ਉਪਾਸ਼ਕ ਉਹਨਾਂ ਨੂੰ ਪਿਆਰ ਤੇ ਸਤਿਕਾਰ ਨਾਲ ਗੁਰੂ ਨਾਨਕ, ਗੁਰੂ ਨਾਨਕ ਦੇਵ ਜੀ, ਬਾਬਾ ਨਾਨਕ ਤੇ ਨਾਨਕ ਸ਼ਾਹ ਦੇ ਨਾਵਾਂ ਨਾਲ ਯਾਦ ਕਰਦੇ ਹਨ। ਉਹ ਇਕ ਮਹਾਨ ਵਿਅੱਕਤਿਤੱਵ ਦੇ ਮਾਲਕ, ਦਾਰਸ਼ਨਿਕ, ਇਕ ਮਹਾਨ ਤਪੱਸਵੀ, ਯੋਗੀ, ਗ੍ਰਿਸਤੀ, ਸਮਾਜ ਸੁਧਾਰਕ, ਧਰਮ ਸੁਧਾਰਕ, ਇਕ ਉੱਚ ਕੋਟੀ ਦੇ ਕਵੀ, ਇਕ ਬਹੁਤ ਵੱਡੇ ਦੇਸ਼ ਭਗਤ ਤੇ ਵਿਸ਼ਵਵੰਧੂ- ਇਹਨਾਂ ਸਭ ਗੁਣਾਂ ਦੇ ਮਾਲਕ ਸਨ।

ਗੁਰੂ ਨਾਨਕ ਦੇਵ ਜੀ ਦਾ ਜਨਮ 15 ਅਪ੍ਰੈਲ 1469 ਈਸਵੀ ਨੂੰ ਰਾਏ ਭੋਏ ਦੀ ਤਲਵੰਡੀ, ਜਿਸ ਨੂੰ ਅੱਜਕਲ੍ਹ ਨਨਕਾਣਾ ਸਾਹਿਬ (ਹੁਣ ਪਾਕਿਸਤਾਨ) ਕਹਿੰਦੇ ਹਨ, ਵਿਖੇ ਹੋਇਆ ਤੇ ਉਹਨਾਂ ਨੇ ਆਪਣਾ ਆਖਰੀ ਜੀਵਨ ਆਪਣੇ ਪਰਿਵਾਰ 'ਚ ਕਰਤਾਰਪੁਰ (ਹੁਣ ਪਾਕਿਸਤਾਨ 'ਚ) ਵਿਖੇ ਬਤੀਤ ਕੀਤਾ ਤੇ ਉਹ ਇੱਥੇ ਹੀ 22 ਸਤੰਬਰ, 1539 ਈਸਵੀ ਨੂੰ ਜੋਤੀ-ਜੋਤ ਸਮਾ ਗਏ। ਉਹ ਬਚਪਨ ਤੋਂ ਹੀ ਬਹੁਤ ਹੋਣਹਾਰ ਬਾਲਕ ਸਨ। ਸਕੂਲ ਪੜ੍ਹਦੇ ਸਮੇਂ ਹੀ ਉਨ੍ਹਾਂ ਦੇ ਪਿਤਾ ਸ੍ਰੀ ਮਹਿਤਾ ਕਾਲੂ ਜੀ ਨੂੰ ਅਧਿਆਪਕ ਨੇ ਕਿਹਾ ਕਿ ਇਸ ਬਾਲਕ 'ਚ ਕੋਈ ਅਲਾਹੀ ਨੂਰ ਹੈ। ਇਹ ਵੱਡਾ ਹੋ ਕੇ ਸਾਰੇ ਸੰਸਾਰ ਨੂੰ ਗਿਆਨ ਦੇਵੇਗਾ। ਪੰਜਾਬੀ ਦੇ ਇਕ ਅਖਾਣ 'ਹੋਣਹਾਰ ਵਿਰਵਾ ਕੇ ਚਿੱਕਨੇ-ਚਿੱਕਨੇ ਪਾਤ' ਦੇ ਅਰਥਾਂ ਅਨੁਸਾਰ ਅਧਿਆਪਕ ਦੀ ਇਹ ਭਵਿੱਖਬਾਣੀ ਸਹੀ ਸਾਬਤੀ ਹੋਈ। ਥੋੜ੍ਹਾ ਵੱਡਾ ਹੋਣ 'ਤੇ ਉਹਨਾਂ ਦੇ ਪਿਤਾ ਜੀ ਨੇ ਚਾਹਿਆ ਕਿ ਬਾਲਕ ਨਾਨਕ ਨੂੰ ਕਿਸੇ ਵਿਉਪਾਰ 'ਚ ਲਗਾ ਦਿੱਤਾ ਜਾਵੇ, ਪਰ ਇੱਥੇ ਵੀ ਉਹਨਾਂ ਦਾ ਮਨ ਨਾ ਟਿਕਿਆ। ਫਿਰ ਹੋਰ ਵੱਡਾ ਹੋਣ ਤੇ 16 ਸਾਲ ਦੀ ਉਮਰ 'ਚ ਉਹਨਾਂ ਦੇ ਪਿਤਾ ਜੀ ਨੇ ਉਹਨਾਂ ਦਾ ਵਿਆਹ ਕਰ ਦਿੱਤਾ। ਉਨ੍ਹਾਂ ਦੇ ਦੋ ਪੁੱਤਰ ਵੀ ਹੋਏ ਪਰ ਪਰਿਵਾਰਕ ਮੋਹ ਵੀ ਉਨ੍ਹਾਂ ਨੂੰ ਗ੍ਰਿਸਤੀ ਦੇ ਬੰਧਨਾਂ 'ਚ ਬੰਨ੍ਹ ਨਾ ਸਕਿਆ। ਜਿਸ ਮਕਸਦ ਲਈ ਉਨ੍ਹਾਂ ਨੇ ਅਵਤਾਰ ਧਾਰਿਆ ਸੀ, ਫਿਰ ਉਹ ਇਸ ਦੀ ਪੂਰਤੀ ਲਈ ਘਰੋਂ ਨਿਕਲ ਤੁਰੇ।

ਗੁਰੂ ਨਾਨਕ ਦੇਵ ਜੀ ਨੇ ਲੱਗਭੱਗ 30 ਸਾਲਾਂ 'ਚ ਆਪਣੀਆਂ ਉਦਾਸੀਆਂ ਭਾਵ ਚਾਰ ਯਾਤਰਾਵਾਂ ਪੂਰੀਆਂ ਕੀਤੀਆਂ। ਉਹ ਸਮੁੱਚੇ ਭਾਰਤਵਰਸ਼ ਤੇ ਏਸ਼ੀਆ ਦੇ ਕਈ ਦੇਸ਼ਾਂ 'ਚ ਆਪਣੇ ਉਦੇਸ਼ ਦੀ ਪੂਰਤੀ ਲਈ ਗਏ ਤੇ ਉਹਨਾਂ ਦੇ ਨਾਲ, ਉਹਨਾਂ ਦੇ ਸਾਥੀ ਭਾਈ ਬਾਲਾ ਤੇ ਭਾਈ ਮਰਦਾਨਾ ਵੀ ਨਾਲ ਸਨ। ਮਰਦਾਨਾ ਮੁਸਲਮਾਨ ਵਰਗ ਨਾਲ ਸਬੰਧ ਰੱਖਦਾ ਸੀ। ਗੁਰੂ ਨਾਨਕ ਦੇਵ ਜੀ ਨੇ ਸੰਸਾਰ ਨੂੰ ਸੰਦੇਸ਼ ਦਿੱਤਾ ਕਿ ਜਾਤ-ਪਾਤ ਤੇ ਸੰਪਰਦਾਏ, ਤੋਂ ਉਪਰ ਮਹੱਤਵਪੂਰਨ ਹੁੰਦਾ ਹੈ 'ਮਾਨਵ ਦਾ ਮਾਨਵ ਨਾਲ ਪਿਆਰ' ਜਿਸ ਨੂੰ ਆਧੁਨਿਕ ਭਾਸ਼ਾ 'ਚ 'ਮਾਨਵਵਾਦ' ਕਿਹਾ ਜਾਂਦਾ ਹੈ, ਕਿਉਂਕਿ ਸਾਡਾ ਸਾਰਿਆਂ ਦਾ ਇਕੋ ਪਿਤਾ ਪ੍ਰਮਾਤਮਾ ਹੀ ਹੈ ਤੇ ਅਸੀਂ ਸਾਰੇ ਉਸ ਪ੍ਰਮਾਤਮਾ ਦੀ ਪੈਦਾ ਕੀਤੀ ਹੋਈ ਔਲਾਦ ਹਾਂ ਭਾਵ 'ਏਕ ਪਿਤਾ ਏਕਸ ਕੇ ਹਮ ਬਾਰਿਕ'। ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨੇ ਨੂੰ ਸਾਰਾ ਜੀਵਨ ਆਪਣੇ ਨਾਲ ਰੱਖ ਕੇ, ਉਨ੍ਹਾਂ ਨੇ ਸਾਰੇ ਸੰਸਾਰ ਨੂੰ 'ਸਮਾਜਿਕ ਬਰਾਬਰੀ'ਦਾ ਸੰਦੇਸ਼ ਦਿੱਤਾ। ਇਸ ਉਦਾਹਰਣ ਨੂੰ ਉਨ੍ਹਾਂ ਦੀ ਮਾਨਵਵਾਦੀ ਸੋਚ ਦਾ ਸਿਰਮੌਰ ਕਿਹਾ ਜਾ ਸਕਦਾ ਹੈ। ਇਸ ਦੀ ਸਾਡੇ ਅਜੋਕੇ ਸਮਾਜ ਨੂੰ ਬਹੁਤ ਜ਼ਰੂਰਤ ਹੈ। ਸਿੱਖ ਧਰਮ ਤੇ ਕਾਬਜ਼ ਜਥੇਬੰਦੀ ਦਾ ਇਹ ਪਰਮ ਧਰਮ ਬਣਦਾ ਹੈ ਕਿ ਉਹ ਦਲਿਤ ਭਾਈਚਾਰੇ ਨੂੰ ਅਮਲੀ ਰੂਪ 'ਚ ਸਮਾਜਿਕ ਬਰਾਬਰੀ ਦਾ ਦਰਜਾ ਦੇਣ ਲਈ, ਆਪਣੇ ਸੱਚੇ ਦਿਲੋਂ ਉਪਰਾਲੇ ਕਰਨ ਨਾ ਕਿ ਉਨ੍ਹਾਂ ਨੂੰ ਹਾਸ਼ੀਏ 'ਤੇ ਧੱਕਣ, ਤਾਂ ਹੀ ਗੁਰੂ ਸਾਹਿਬ ਜੀ ਦੀ ਸਿਰਜੀ ਹੋਈ ਇਹ ਕਦਰ-ਕੀਮਤ, ਆਪਣੀ ਚਰਮ ਸੀਮਾ 'ਤੇ ਪਹੁੰਚ ਸਕੇਗੀ। ਇਸ ਤਰ੍ਹਾਂ ਕਰਨ ਨਾਲ ਗੁਰੂ ਸਾਹਿਬ ਵੱਲੋਂ ਸਿਰਜਿਆ ਗਿਆ ਆਪਣਾ ਨਵਾਂ ਸਮਾਜ ਵੱਧ-ਫੁੱਲ ਕੇ ਸੰਸਾਰ ਦੀ ਸਾਰੀ ਪ੍ਰਕਿਰਤੀ ਨੂੰ ਆਪਣੇ ਕਲਾਵੇ 'ਚ ਲੈ ਸਕਣ ਦੇ ਸਮਰੱਥ ਹੋ ਜਾਵੇਗਾ।

ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਚਾਰੋ ਯਾਤਰਾਵਾਂ ਦੇ ਦੌਰਾਨ ਪਾਖੰਡੀ ਸਾਧਾਂ-ਫਕੀਰਾਂ, ਅਡੰਬਰ ਕਰਨ ਵਾਲਿਆਂ ਤੇ ਭਰਮਾਂ ਵਹਿਮਾਂ 'ਚ ਵਿਸ਼ਵਾਸ ਰੱਖਣ ਵਾਲਿਆਂ ਕਰੋੜਾਂ ਇਨਸਾਨਾਂ ਨੂੰ ਆਪਣੀ ਵਿਗਿਆਨਕ, ਤਰਕਸ਼ੀਲ ਤੇ ਆਪਣੇ ਅਧਿਆਤਮਕ ਗਿਆਨ ਨਾਲ, ਗਿਆਨਵਾਨ ਕਰਕੇ ਤੇ ਉਨ੍ਹਾਂ ਦਾ ਮਾਰਗ ਦਰਸ਼ਨ ਕਰਕੇ, ਆਤਮਾ ਤੇ ਪ੍ਰਮਾਤਮਾ ਨਾਲ ਜੋੜਿਆ ਤਾਂ ਕਿ ਸਮਾਜ 'ਚ ਪ੍ਰੇਮ ਪਿਆਰ ਦੀ ਭਾਵਨਾ ਪੈਦਾ ਹੋ ਸਕੇ ਤੇ ਇਹ ਸਭ ਵਰਗਾਂ ਦਾ ਸਾਂਝਾ ਭਾਈਚਾਰਾ ਬਣ ਕੇ, ਨਵੇਂ ਸਮਾਜ ਦੀ ਸਿਰਜਣਾ ਹੋ ਸਕੇ। ਗੁਰੂ ਨਾਨਕ ਦੇਵ ਜੀ ਨੇ ਆਪਣੇ ਇਸ ਸੰਕਲਪ 'ਚ ਸਫਲਤਾ ਵੀ ਪ੍ਰਾਪਤ ਕੀਤੀ। ਇਸੇ ਲਈ ਹੀ ਤਾਂ ਉਨ੍ਹਾਂ ਨੂੰ ਸਭ ਧਰਮਾਂ ਦੇ ਲੋਕ ਪਿਆਰ ਕਰਦੇ ਸਨ ਤੇ ਉਨ੍ਹਾਂ ਨੂੰ ਸਭ ਧਰਮਾਂ ਦਾ 'ਸਾਂਝਾ ਗੁਰੂ' ਸਵੀਕਾਰਦੇ ਸਨ। ਇਹੀ ਕਾਰਨ ਹੈ ਕਿ ਉਨ੍ਹਾਂ ਦੀ ਵਿਚਾਰਧਾਰਾ ਨੇ ਇਕ ਨਵੇਂ ਸਮਾਜ 'ਸਿੱਖ ਸਮਾਜ' ਨੂੰ ਜਨਮ ਦਿੱਤਾ। ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਯਾਤਰਾਵਾਂ ਦੌਰਾਨ ਲੋਕਾਂ ਨੂੰ ਗਿਆਨਵਾਨ ਕਰਨ ਲਈ ਤੇ ਆਤਮਾ ਤੇ ਪ੍ਰਮਾਤਮਾ ਨਾਲ ਜੋੜਨ ਲਈ ਜੋ ਉਪਦੇਸ਼ ਦਿੱਤਾ, ਉਹ ਨਿਮਨਲਿਖਤ ਅਨੁਸਾਰ ਹਨ:- ਗੁਰੂ ਨਾਨਕ ਦੇਵ ਜੀ ਨੇ ਬਾਣੀ ਦੁਆਰਾ ਲੋਕਾਂ ਨੂੰ ਸੰਦੇਸ਼ ਦਿੱਤਾ ਕਿ ਸਾਰੀਆਂ ਸਚਾਈਆਂ ਤੋਂ ਉਪਰ ਮਨੁੱਖ ਦਾ ਚਰਿੱਤਰ ਤੇ ਵਿਵਹਾਰ ਹੈ:- ਉਹ ਕਹਿੰਦੇ ਹਨ ਕਿ, ''ਸੱਚੋਂ ਓਰੇ ਸਭ ਕੋ ਓਪਰ ਸੱਚ ਆਚਾਰ।' ਹੇ, ਮਾਨਵ! ਤੂੰ ਆਪਣੇ ਚੰਗੇ ਚਰਿੱਤਰ ਤੇ ਵਿਵਹਾਰ ਦਾ ਨਿਰਮਾਣ ਕਰ।

**ਵਾਹਿਗੁਰੂ ਦੀ ਰਜ਼ਾ 'ਚ ਰਹੋ:-** ਗੁਰੂ ਨਾਨਕ ਦੇਵ ਜੀ ਨੇ ਮਾਨਵਤਾ ਨੂੰ ਇਹ ਸੰਦੇਸ਼ ਦਿੱਤਾ ਕਿ 'ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲ।' ਸੰਸਾਰ 'ਚ ਜੋ ਕੁਝ ਵੀ ਹੋ ਰਿਹਾ ਹੈ, ਉਹ ਸਭ ਪ੍ਰਮਾਤਮਾ ਦੀ ਕਿਰਪਾ ਨਾਲ ਤੇ ਉਸ ਦੀ ਰਜ਼ਾ 'ਚ ਹੋ ਰਿਹਾ ਹੈ। ਇਸ ਲਈ ਚੰਗਾ ਕੀ ਹੈ ਤੇ ਮਾੜਾ ਕੀ ਹੈ? ਇਹ ਪ੍ਰਮਾਤਮਾ ਨੂੰ ਹੀ ਪਤਾ ਹੈ। ਚੰਗੇ ਜਾਂ ਮਾੜੇ ਨੂੰ ਸਾਨੂੰ ਖਿੜੇ ਮੱਥੇ ਸਵੀਕਾਰ ਕਰਨਾ ਚਾਹੀਦਾ ਹੈ। ਦੁੱਖ ਜਾਂ ਸੁੱਖ ਆਉਣ ਤੇ ਸਾਨੂੰ ਕੋਈ ਪ੍ਰਸ਼ਨ ਨਹੀਂ ਕਰਨਾ ਚਾਹੀਦਾ।

ਇਸ ਲਈ ਮਨੁੱਖ ਨੂੰ ਆਪਣਾ ਕੰਮ ਚਿੰਤਾ ਮੁਕਤ ਹੋ ਕੇ ਕਰਨਾ ਚਾਹੀਦਾ ਹੈ।

**ਪ੍ਰਮਾਤਮਾ ਇਕ ਹੈ-** ਪ੍ਰਮਾਤਮਾ ਸਭ ਜਗ੍ਹਾ ਤੇ ਸਭ ਪ੍ਰਾਣੀਆਂ 'ਚ ਮੌਜੂਦ ਹੈ। 'ਨਾ ਕੋ ਹਿੰਦੂ ਨਾ ਮੁਸਲਮਾਨ' ਗੁਰੂ ਜੀ ਕਹਿੰਦੇ ਹਨ ਕਿ ਮੈਂ ਤਾਂ ਉਸ ਪ੍ਰਮਾਤਮਾ ਦਾ ਪੈਰੋਕਾਰ ਹਾਂ ਤੇ ਮੇਰਾ ਉਸ ਇਕੋ ਪ੍ਰਮਾਤਮਾ 'ਚ ਹੀ ਵਿਸ਼ਵਾਸ ਹੈ। ਪ੍ਰਮਾਤਮਾ ਸਰਵ ਵਿਆਪਕ ਹੈ। ਉਸ ਦੀ ਕੋਈ ਮੂਰਤ ਜਾਂ ਆਕਾਰ ਨਹੀਂ ਹੈ। ਉਹ ਸਦੀਵੀ ਹੈ ਤੇ ਨਜ਼ਰ ਵੀ ਨਹੀਂ ਆਉਂਦਾ। ਇਸ ਸੰਸਾਰ ਦੀ ਰਚਨਾ ਤੋਂ ਪਹਿਲਾਂ ਸਿਰਫ਼ ਪ੍ਰਮਾਤਮਾ ਹੀ ਸੀ। ਉਸ ਦੀ ਕਿਰਪਾ ਨਾਲ ਹੀ ਇਸ ਸੰਸਾਰਕ ਜਾਲ ਦੀ ਰਚਨਾ ਹੋਈ ਭਾਵ ਪ੍ਰਾਣੀ ਦੀ ਉਤਪੱਤੀ ਹੋਈ। ਸਿੱਖ ਸਿਧਾਂਤਾਂ ਅਨੁਸਾਰ ਪ੍ਰਮਾਤਮਾ ਕਿਸੇ ਲਿੰਗ ਜਾਂ ਪੁਲਿੰਗ ਜਾਂ ਨਿਪੁੰਸਕ ਲਿੰਗ ਦੀ ਸ਼ਕਲ ਸੂਰਤ 'ਚ ਨਹੀਂ ਹੈ। ਇਸ ਨੂੰ ਸਿਰਫ਼ ਰੂਹਾਨੀਅਤ ਦੀਆਂ ਨਜ਼ਰਾਂ ਨਾਲ ਹੀ ਪਛਾਣਿਆ ਜਾ ਸਕਦਾ ਹੈ। ਉਹ ਸਭ 'ਤੇ ਬਖਸ਼ਿਸ਼ਾਂ ਕਰਦਾ ਹੈ ਤੇ ਸਾਨੂੰ ਉਸ ਨੂੰ ਕਦੇ ਭੁੱਲਣਾ ਨਹੀਂ ਚਾਹੀਦਾ। ਪ੍ਰਮਾਤਮਾ ਦਾ ਪਸਾਰਾ ਬਹੁਤ ਹੈ ਤੇ ਇਕ ਜੀਵ ਆਤਮਾ ਆਪਣੀ ਸਾਰੀ ਅਰਜੂ 'ਚ ਉਸ ਦੇ ਪਸਾਰੇ ਦੀ ਜਾਣਕਾਰੀ ਹਾਸਲ ਨਹੀਂ ਕਰ ਸਕਦਾ।

**ਸਰਬੱਤ ਦਾ ਭਲਾ ਕਰੋ:-** ਗੁਰੂ ਸਾਹਿਬ ਦੀ ਵਿਚਾਰਧਾਰਾ ਹੈ। ਉਹ ਸਰਬੱਤ ਦਾ ਭਲਾ ਮੰਗਦੇ ਹਨ। ਉਹ ਇਹ ਵੀ ਕਹਿੰਦੇ ਹਨ ਕਿ ਧਰਮ ਕੇਵਲ ਸ਼ਬਦਾਂ ਦੀ ਦ੍ਰਿੜ੍ਹਤਾ ਹੀ ਨਹੀਂ ਹੈ ਸਗੋਂ ਸਾਰੀ ਮਾਨਵਤਾ ਦੇ ਪੁਰਸ਼ ਅਤੇ ਇਸਤਰੀਆਂ ਉਸ ਦੀ ਨਜ਼ਰ 'ਚ ਬਰਾਬਰ ਹਨ। ''ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ।'' ਇਹ ਗੁਰਬਾਣੀ ਦੀਆਂ ਸੱਤਰਾਂ ਸਿੱਖ ਜਗਤ ਦੀ ਰੋਜ਼ਾਨਾ ਜੀਵਨ ਦੀ ਅਰਦਾਸ ਦਾ ਸਰਵਉਤਮ ਵਾਕ ਹੈ। ਇਸ ਲਈ ਗੁਰੂ ਜੀ ਆਖਦੇ ਹਨ ਕਿ ਹੇ, ਮਾਨਵ! ਤੂੰ ਰੱਬ ਦਾ ਨਾਮ ਜਪੁ ਤੇਰੀ ਹਮੇਸ਼ਾ ਚੜ੍ਹਦੀ ਕਲਾ ਰਹੇਗੀ ਤੇ ਤੂੰ ਸਰਬੱਤ ਦਾ ਭਲਾ ਕਰਨ ਦੇ ਸਮਰੱਥ ਹੋ ਜਾਏਗਾ। ਤੇਰੀਆਂ ਸਾਰੀਆਂ ਖੁਸ਼ੀਆਂ ਤੇਰੇ ਕੋਲ ਆ ਜਾਣਗੀਆਂ ਤੇ ਤੇਰੀ ਸੋਚ ਵੀ ਹਾਂ ਵਾਚੀ ਹੋ ਜਾਏਗੀ। ਸਰਬੱਤ ਦੇ ਭਲੇ ਦੀ ਸੋਚ, ਗੁਰੂ ਨਾਨਕ ਦੇਵ ਜੀ ਦੀ ਅੰਤਰ ਰਾਸ਼ਟਰਵਾਦੀ ਸੋਚ ਹੈ ਤੇ ਸਾਰੀ ਦੁਨੀਆਂ ਦੀ ਮਾਨਵਤਾ ਨੂੰ ਆਪਣੇ ਕਲਾਵੇ 'ਚ ਸਮੇਟਦੀ ਹੈ। ਉਹ ਇਸ ਭਲੇ 'ਚ ਆਪਣੀ ਨਿਜਤਾ ਦੀ ਗੱਲ ਨਹੀਂ ਕਰਦੇ।

**ਸਦਾ ਸੱਚ ਬੋਲੋ-** ਗੁਰੂ ਨਾਨਕ ਦੇਵ ਜੀ ਨੇ ਮਨੁੱਖਤਾ ਨੂੰ ਸਦਾ ਸੱਚ ਬੋਲਣ ਦਾ ਸੰਦੇਸ਼ ਦਿੱਤਾ। ਬਾਬਰ ਬਾਣੀ 'ਚ ਉਹ ਬਾਬਰ ਦੇ ਮਾਨਵਤਾ 'ਤੇ ਕੀਤੇ ਜ਼ੁਲਮਾਂ ਦਾ ਵਿਰੋਧ ਕਰਦੇ ਹਨ ਤੇ ਕਹਿੰਦੇ ਹਨ ਕਿ ਹੇ, ਬਾਬਰ! ਮੈਂ ਤੈਨੂੰ ਸੱਚ-ਸੱਚ ਸੁਣਾ ਰਿਹਾ ਹਾਂ ਤੇ ਹੁਣ ਸੱਚ ਬੋਲਣ ਦਾ ਹੀ ਵੇਲਾ ਹੈ ਕਿ, ''ਤੂੰ ਬਾਬਰ ਨਹੀਂ ਹੈ, ਤੂੰ ਜ਼ਾਬਰ ਹੈ।'' ਉਹ ਇਹ ਵੀ ਕਹਿੰਦੇ ਹਨ ਕਿ ਸਾਨੂੰ ਬਿਨਾਂ ਕਿਸੇ ਡਰ ਭੈਅ ਤੋਂ, ਹਮੇਸ਼ਾ ਸੱਚ ਬੋਲਣਾ ਚਾਹੀਦਾ ਹੈ। ਸਚਾਈ ਦੀ ਹਮੇਸ਼ਾ ਜਿੱਤ ਹੁੰਦੀ ਹੈ। ਇਸ ਨੂੰ ਕਦੀ ਵੀ ਜ਼ੋਰ ਨਾਲ, ਝੂਠ ਬੋਲ ਕੇ ਦਬਾਇਆ ਨਹੀਂ ਜਾ ਸਕਦਾ ਤੇ ਸਾਨੂੰ ਹਮੇਸ਼ਾ ਸਚਾਈ ਦੇ ਨਾਲ ਖੜ੍ਹਨਾ ਚਾਹੀਦਾ ਹੈ। ਇਸ ਲਈ ਹੀ ਬਾਬਰ ਨੂੰ ਉਹ ਸੰਬੋਧਨ ਕਰਦੇ ਕਹਿੰਦੇ ਹਨ:

''ਸੱਚ ਕੀ ਬਾਣੀ ਨਾਨਕ ਆਖੈ,
ਸੱਚ ਸੁਣਾਈਸੀ ਸੱਚ ਕੀ ਵੇਲਾ।।''

**ਸੇਵਾ ਤੇ ਨਾਮ ਸਿਮਰਨ-** ਗੁਰੂ ਸਾਹਿਬ ਕਹਿੰਦੇ ਹਨ ਕਿ ਕੋਈ ਕਿਸੇ ਨੂੰ ਬਚਾਅ ਨਹੀਂ ਸਕਦਾ। ਸਿਰਫ਼ ਗੁਰੂ ਦੀ ਸਿੱਖਿਆ ਹੀ, ਸਾਡਾ ਬਚਾਅ ਕਰ ਸਕਦੀ ਹੈ। ਇਸ ਲਈ ਸਹੀ ਰਸਤਾ ਸੇਵਾ ਅਤੇ ਸਿਮਰਨ ਦਾ ਹੀ ਹੈ। ਗੁਰੂ ਸਾਹਿਬ ਇਹ ਸੰਦੇਸ਼ ਵੀ ਦਿੰਦੇ ਹਨ ਕਿ ਗੁਰੂ ਦਾ ਵਾਸਾ ਵੱਡੇ-ਵੱਡੇ ਮਹਿਲਾਂ ਤੇ ਮਾੜੀਆਂ 'ਚ ਨਹੀਂ ਹੈ। ਉਹ ਹਮੇਸ਼ਾ ਗਰੀਬਾਂ, ਮਿਹਨਤਕਸ਼ਾਂ ਤੇ ਕਮਜ਼ੋਰਾਂ ਦੇ ਨਾਲ ਰਹਿੰਦਾ ਹੈ। ਇਸ ਲਈ ਗਰੀਬਾਂ ਨੂੰ ਹਮੇਸ਼ਾ ਪਿਆਰ ਕਰੋ ਤੇ ਇਸ ਪਿਆਰ ਦੇ ਬਦਲੇ 'ਚ ਪ੍ਰਮਾਤਮਾ ਤੁਹਾਡੇ 'ਤੇ ਹਮੇਸ਼ਾ ਹੱਥ ਰੱਖੇਗਾ। ਜੇਕਰ ਤੁਸੀਂ ਗੁਰਬਾਣੀ ਦੀਆਂ ਸਿੱਖਿਆਵਾਂ ਤੇ ਅਮਲ ਕਰਕੇ ਚੱਲੋਗੇ ਤਾਂ ਤੁਸੀਂ ਮਹਿਸੂਸ ਕਰੋਗੇ ਕਿ ਗੁਰੂ ਸਾਨੂੰ ਸੰਬੋਧਨ ਕਰ ਰਿਹਾ ਹੈ। ਅਸੀਂ ਆਪਣੇ ਜੀਵਨ 'ਚ ਚੰਗੇ ਅਮਲਾਂ 'ਤੇ ਚਲਦੇ ਹੋਏ, ਕਈ ਵਾਰ ਮਹਿਸੂਸ ਕਰਾਂਗੇ ਕਿ ਗੁਰੂ ਸਾਡੇ ਨਾਲ ਹੈ। ਇਸ ਲਈ ਅਸੀਂ ਜ਼ਿੰਦਗੀ ਦੇ ਕਾਰ ਵਿਹਾਰ ਕਰਦਿਆਂ, ਹਮੇਸ਼ਾ ਗੁਰਬਾਣੀ ਨਾਲ ਜੁੜੇ ਰਹੀਏ ਤੇ ਗੁਰਮਤਿ ਦੇ ਸਿਧਾਂਤਾਂ ਅਨੁਸਾਰ, ਆਪਣਾ ਜੀਵਨ ਬਸਰ ਕਰੀਏ। ਪ੍ਰੰਤੂ ਜਦੋਂ ਅਸੀਂ ਮਾਇਆ ਦੇ ਭਰਮ ਜਾਲ 'ਚ ਫਸ ਕੇ ਸੰਸਾਰਕ ਮਾਇਆ ਜਾਲ ਨੂੰ ਹੀ ਸਭ ਕੁਝ ਸਮਝ ਲੈਂਦੇ ਹਾਂ ਤੇ ਉਸ 'ਚੋਂ ਖੁਸ਼ੀਆਂ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦੇ ਹਾਂ ਤਾਂ ਅਸੀਂ ਆਪਣੀ ਜ਼ਿੰਦਗੀ ਦਾ ਅਸਲੀ ਮਨੋਰਥ ਤੇ ਰਸਤਾ ਭੁੱਲ ਹੀ ਜਾਂਦੇ ਹਾਂ। ਅਸਲ 'ਚ ਧਰਮ ਹੀ ਇਕ ਅਜਿਹੀ ਅਨਮੋਲ ਚੀਜ਼ ਹੈ, ਜਿਹੜਾ ਸਾਨੂੰ ਸੇਵਾ ਅਤੇ ਸਿਮਰਨ ਦੀ ਸਿੱਖਿਆ ਦੇ ਕੇ, ਵਿਚਾਰਧਾਰਕ ਤੌਰ 'ਤੇ ਧਨਵਾਨ ਕਰਦਾ ਹੈ। ਸੇਵਾ ਕਰਨ ਵਾਲਾ ਇਨਸਾਨ ਹੀ ਸਮਾਜ 'ਚ ਸਤਿਕਾਰਿਆ ਜਾਂਦਾ ਹੈ ਤੇ ਗੁਰਬਾਣੀ ਅਨੁਸਾਰ ਸੇਵਾ ਤੇ ਸਿਮਰਨ ਕਰਨ ਵਾਲੇ ਇਨਸਾਨ ਨੂੰ ਪ੍ਰਮਾਤਮਾ ਦੇ ਦਰਬਾਰ 'ਚ ਆਦਰ-ਸਤਿਕਾਰ ਤੇ ਮਾਣ-ਸਨਮਾਨ ਪ੍ਰਾਪਤ ਹੁੰਦਾ ਹੈ। ਇਸ ਲਈ ਗੁਰੂ ਜੀ ਕਹਿੰਦੇ ਹਨ ਕਿ ਹੰਕਾਰ ਮਨੁੱਖ ਨੂੰ ਮਨੁੱਖ ਨਹੀਂ ਰਹਿਣ ਦਿੰਦਾ। ਇਸ ਦਾ ਤਿਆਗ ਕਰੋ ਤੇ ਨਿਮਨ ਰਹਿ ਕੇ ਸੇਵਾ ਭਾਵਨਾ ਨਾਲ ਆਪਣਾ ਜੀਵਨ ਬਸਰ ਕਰੋ।

ਗੁਰੂ ਨਾਨਕ ਦੇਵ ਜੀ ਦੇ ਮੁੱਖ ਤਿੰਨ ਉਪਦੇਸ਼:- ਇਹ ਗੁਰੂ ਸਾਹਿਬ ਦੇ ਤਿੰਨੋਂ ਮੁੱਖ ਉਪਦੇਸ਼ ਹਨ।

**(ੳ) ਕਿਰਤ ਕਰੋ-** ਹਮੇਸ਼ਾ ਸੱਚੀ-ਸੁੱਚੀ ਤੇ ਇਮਾਨਦਾਰੀ ਦੀ ਕਿਰਤ ਕਰੋ। ਕਿਸ ਨਾਲ ਧੋਖਾ ਕਰਕੇ ਜਾਂ ਕਿਸੇ ਦਾ ਸ਼ੋਸ਼ਣ ਕਰਕੇ ਅਮੀਰ ਬਣਨ ਦੀ ਕੋਸ਼ਿਸ਼ ਨਾ ਕਰੋ। ਮਿਹਨਤ ਦੀ ਕਮਾਈ 'ਚ ਹੀ ਬਰਕਤ ਹੁੰਦੀ ਹੈ ਤੇ ਇਸ ਨਾਲ ਜ਼ਿੰਦਗੀ 'ਚ ਪੂਰਾ ਆਨੰਦ ਆਉਂਦਾ ਹੈ। ਮਾਇਆ ਨੂੰ ਆਪਣੀ ਸੱਚੀ-ਸੁੱਚੀ ਕਿਰਤ ਨਾਲ ਕਮਾਓ ਤੇ ਇਸ ਨੂੰ ਆਪਣੀ ਜੇਬ 'ਚ ਹੀ ਜਗ੍ਹਾ ਦਿਓ, ਨਾ ਕਿ ਦਿਲ 'ਚ।

**(ਅ) ਵੰਡ ਛਕੋ: -** ਹਮੇਸ਼ਾ ਵੰਡ ਕੇ ਛਕੋ, ਗਰੀਬਾਂ ਤੇ ਜ਼ਰੂਰਤਮੰਦਾਂ ਨੂੰ ਆਪਣੀ ਕਮਾਈ ਦਾ ਦਸਵੰਧ ਕੱਢ ਕੇ ਮਦਦ ਕਰੋ ਤੇ ਉਹਨਾਂ ਨੂੰ ਦਾਨ ਦੇ ਕੇ ਨੀਵਿਆਂ ਤੋ ਉੱਚੇ ਬਣਾਓ। ਇਸ ਨਾਲ ਸਮਾਜ ਦਾ ਕਲਿਆਣ ਹੁੰਦਾ ਹੈ ਤੇ ਦਾਨੀ ਸੱਜਣ ਨੂੰ ਮਾਨਸਿਕ ਸੰਤੁਸ਼ਟੀ ਵੀ ਪ੍ਰਾਪਤ ਹੁੰਦੀ ਹੈ।

**(ੲ) ਨਾਮ ਜਪੋ:-** ਪ੍ਰਮਾਤਮਾ ਦਾ ਹਮੇਸ਼ਾ ਨਾਮ ਜਪੋ।

ਇਸ ਨਾਲ ਦੁੱਖਾਂ-ਕਲੇਸ਼ਾਂ ਤੋਂ ਛੁਟਕਾਰਾ ਮਿਲਦਾ ਹੈ ਤੇ ਇਸ ਨਾਲ ਤਨ ਤੇ ਮਨ ਸਾਫ ਰਹਿੰਦਾ ਹੈ। ਪ੍ਰਮਾਤਮਾ ਦੀ ਭਗਤੀ ਕਰਨ ਵਾਲੇ ਨੂੰ ਕਿਸੇ ਚੀਜ਼ ਦਾ ਡਰ ਨਹੀਂ ਰਹਿੰਦਾ। ਸਾਨੂੰ ਸਦਾ ਖੁਸ਼ ਰਹਿਣਾ ਚਾਹੀਦਾ ਹੈ ਤੇ ਪ੍ਰਮਾਤਮਾ ਤੋਂ ਸਦਾ ਆਪਣੇ ਲਈ, ਖਿਮਾ ਮੰਗਣੀ ਚਾਹੀਦੀ ਹੈ।

**ਪੰਜ ਬੁਰਾਈਆਂ ਤੋਂ ਹਮੇਸ਼ਾ ਬਚ ਕੇ ਰਹੋ:-** ਗੁਰੂ ਸਾਹਿਬ ਨੇ ਮਨੁੱਖ ਨੂੰ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਤੋਂ ਬਚਣ ਦਾ ਉਪਦੇਸ਼ ਦਿੱਤਾ ਹੈ। ਇਹਨਾਂ 'ਤੇ ਨਿਯੰਤਰਣ ਰੱਖਣ ਨਾਲ ਇਨਸਾਨ ਬੁਰਾਈਆਂ ਦੀ ਦਲਦਲ 'ਚ ਨਹੀਂ ਫਸਦਾ। ਇਹਨਾਂ ਪ੍ਰਵਿਰਤੀਆਂ 'ਤੇ ਨਿਯੰਤਰਣ ਰੱਖਣ ਵਾਲਾ ਇਨਸਾਨ ਸੰਤੁਲਿਤ ਜੀਵਨ ਜਿਉਂਦਾ ਹੈ ਤੇ ਇਹਨਾਂ ਦੀ ਦਲਦਲ ਵਿਚ ਫਸਣ ਵਾਲਾ ਮਨੁੱਖ ਬੁਰਾਈਆਂ ਤੋਂ ਨਵਿਰਤੀ ਪ੍ਰਾਪਤ ਨਹੀਂ ਕਰ ਸਕਦਾ। ਭੋਜਨ ਪ੍ਰਾਣੀ ਮਾਤਰ ਲਈ, ਉਸ ਨੂੰ ਜਿੰਦਾ ਰੱਖਣ ਵਾਸਤੇ ਹੈ ਪਰ ਲੋਭ-ਲਾਲਚ 'ਚ ਆ ਕੇ ਇਸ ਨੂੰ ਸੰਗ੍ਰਹਿ ਕਰਨਾ ਬੁਰੀ ਆਦਤ ਹੈ।

**ਗੁਰੂ ਦੀ ਮਹੱਤਤਾ:-** ਗੁਰੂ ਨਾਨਕ ਦੇਵ ਜੀ ਨੇ ਆਪਣੇ ਉਪਾਸ਼ਕਾਂ ਨੂੰ ਗੁਰੂ ਦੀ ਮਹੱਤਤਾ 'ਤੇ ਬਹੁਤ ਜ਼ੋਰ ਦਿੱਤਾ ਹੈ। ਗੁਰੂ ਦੀ ਮਨੁੱਖੀ ਜੀਵਨ 'ਚ ਬੜੀ ਮਹੱਤਤਾ ਹੈ। ਗੁਰੂ ਤੋਂ ਬਿਨਾਂ ਗਤੀ ਜਾਂ ਮੁਕਤੀ ਨਹੀਂ ਹੋ ਸਕਦੀ। ਜ਼ਿੰਦਗੀ 'ਚ ਗੁਰੂ ਹੀ ਮਾਨਵ ਨੂੰ ਵਧੀਆ ਜੀਵਨ ਜਾਂਚ ਦੱਸਦਾ ਹੇ ਤੇ ਉਸ ਨੂੰ ਸਿੱਧੇ ਰਸਤੇ 'ਤੇ ਪਾਉਂਦਾ ਹੈ। ਇਨਸਾਨ ਨੂੰ ਮੁਕਤੀ, ਤੀਰਥ ਯਾਤਰਾ ਕਰਨ ਨਾਲ ਜਾਂ ਪਾਠ ਪੂਜਾ ਕਰਨ ਨਾਲ ਨਹੀਂ ਮਿਲਦੀ ਸਗੋਂ ਗੁਰੂ ਦੁਆਰਾ ਜ਼ਿੰਦਗੀ ਜਿਊਣ ਲਈ ਦੱਸੇ ਵਧੀਆ ਸਿਧਾਂਤਾਂ ਨੂੰ ਜੀਵਨ 'ਚ ਅਪਣਾ ਕੇ ਤੇ ਅਮਲੀ ਰੂਪ ਦੇਣ ਨਾਲ ਮਿਲਦੀ ਹੈ। ਇਸ ਲਈ ਮਨੁੱਖ ਨੂੰ ਆਪਣਾ ਤਨ, ਮਨ ਤੇ ਆਤਮਾ ਨੂੰ ਸਾਫ ਰੱਖਣਾ ਚਾਹੀਦਾ ਹੈ। ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇਕਰ ਮਾਨਵ ਆਪਣੇ ਗੁਰੂ ਦੁਆਰਾ ਦਿੱਤੀ ਗਈ ਸਿੱਖਿਆ 'ਤੇ ਅਮਲ ਕਰੇਗਾ। ਗੁਰੂ ਹੀ ਮਾਨਵ ਨੂੰ ਗਿਆਨਵਾਨ ਕਰ ਸਕਦਾ ਹੈ ਤੇ ਗਿਆਨ ਹੀ ਬੰਦ ਦੀਆਂ ਮੁਸੀਬਤਾਂ 'ਚੋਂ ਨਿਕਲਣ ਲਈ ਮੁਕਤੀ ਦਾ ਰਾਹ ਦੱਸਦਾ ਹੈ। ਇਸ ਲਈ ਮਨੁੱਖ ਜਿੰਨਾ ਵੀ ਗਿਆਨਵਾਨ ਹੋਵੇਗਾ ਉਤਨੇ ਹੀ ਦੁੱਖ ਤੇ ਤਕਲੀਫ਼ਾਂ, ਉਸ ਤੋਂ ਦੂਰ ਰਹਿਣਗੇ। ਗੁਰੂ ਨਾਨਕ ਦੇਵ ਜੀ ਗੁਰੂ ਜੀ ਆਵਾਜ਼ ਨੂੰ, ਪ੍ਰਮਾਤਮਾ ਦੀ ਆਵਾਜ਼ ਕਹਿੰਦੇ ਹਨ, ਕਿਉਂਕਿ ਉਹ ਹੀ ਉਸ ਨੂੰ ਮੁਕਤੀ ਦਾ ਰਾਹ ਦੱਸਦਾ ਹੈ। ਸਿੱਖ ਧਰਮ 'ਚ ਗੁਰੂ ਨਾਨਕ ਦੇਵ ਜੀ ਤੋਂ ਵੱਡਾ ਕੋਈ ਗੁਰੂ ਨਹੀਂ ਹੈ। ਇਸੇ ਲਈ ਗੁਰਬਾਣੀ 'ਚ ਫੁਰਮਾਨ ਆਉਂਦਾ ਹੈ ਕਿ, ''ਸਭ ਤੇ ਵੱਡਾ ਸਤਿਗੁਰ ਨਾਨਕ, ਜਿਨੁ ਕਲ ਰਾਖੀ ਮੋਰੀ।'

**ਕਿਸੇ ਨਾਲ ਭੇਦ-ਭਾਵ ਨਾ ਕਰੋ:-** ਗੁਰੂ ਨਾਨਕ ਦੇਵ ਜੀ ਆਪਣੇ ਸਿੱਖਾਂ ਨੂੰ ਉਪਦੇਸ਼ ਦਿੰਦੇ ਹਨ ਕਿ

**(ਬਾਕੀ ਅਗਲੇ ਸਫੇ 'ਤੇ)**

# ਕੀ ਬਦਲਦੀ ਜਾ ਰਹੀ ਹੈ ਭਾਰਤ ਦੀ ਕੂਟਨੀਤੀ



ਸ਼ਿਵਕਾਂਤ ਸ਼ਰਮਾ

ਆਪਣੀ ਯੂਕਰੇਨ ਯਾਤਰਾ ਦੌਰਾਨ ਰਾਸ਼ਟਰਪਤੀ ਜ਼ੇਲੇਂਸਕੀ ਨਾਲ ਗੱਲਬਾਤ 'ਚ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਸੀ ਕਿ ਅਸੀਂ ਨਿਰਪੱਖ ਨਹੀਂ ਹਾਂ। ਅਸੀਂ ਸ਼ੁਰੂ ਤੋਂ ਹੀ ਇਕ ਪੱਖ ਚੁਣਿਆ ਹੈ ਤੇ ਉਹ ਪੱਖ ਸ਼ਾਂਤੀ ਦਾ ਹੈ। ਭਾਰਤ ਦੇ ਕਿਸੇ ਵੀ ਪ੍ਰਧਾਨ ਮੰਤਰੀ ਦੀ ਇਹ ਪਹਿਲੀ ਯੂਕਰੇਨ ਯਾਤਰੀ ਸੀ। ਉਹ ਡੇਢ ਮਹੀਨੇ ਪਹਿਲਾਂ ਰੂਸ ਦੀ ਯਾਤਰਾ 'ਤੇ ਵੀ ਗਏ ਸਨ। ਤਦ ਉਨ੍ਹਾਂ ਨੇ ਰਾਸ਼ਟਰਪਤੀ ਪੁਤਿਨ ਨੂੰ ਕਿਹਾ ਸੀ ਕਿ ਜੰਗ ਦਾ ਹੱਲ ਜੰਗ ਦੇ ਮੈਦਾਨ 'ਚ ਨਹੀਂ ਮਿਲਦਾ, ਪਰ ਜਿਸ ਦਿਨ ਉਹ ਰਾਸ਼ਟਰਪਤੀ ਪੁਤਿਨ ਨੂੰ ਗ਼ਲੇ ਮਿਲ ਰਹੇ ਸਨ, ਉਸੇ ਦਿਨ ਰੂਸੀ ਫ਼ੌਜ ਨੇ ਯੂਕਰੇਨ 'ਚ ਬੱਚਿਆਂ ਦੇ ਇਕ ਹਸਪਤਾਲ 'ਤੇ ਹਮਲਾ ਕਰ ਦਿੱਤਾ ਸੀ, ਜਿਸ 'ਚ ਬੱਚਿਆਂ ਸਮੇਤ ਘੱਟੋ-ਘੱਟ 38 ਲੋਕ ਮਾਰੇ ਗਏ ਸਨ।

ਹਾਲਾਂਕਿ ਪ੍ਰਧਾਨ ਮੰਤਰੀ ਨੇ ਉਸ ਘਟਨਾ ਨੂੰ ਨਾਸਹਿਣਯੋਗ ਦੱਸਦੇ ਹੋਏ ਉਸ ਦੀ ਨਿੰਦਾ ਕੀਤੀ, ਫਿਰ ਵੀ ਉਹ ਅਮਰੀਕਾ ਤੇ ਉਸ ਦੇ ਪੱਛਮੀ ਖੇਮੇ ਦੇ ਆਗੂਆਂ ਨੂੰ ਆਪਣੀ ਰੂਸ ਯਾਤਰਾ ਤੇ ਹਮਲੇ ਦੇ ਦਿਨ ਪੁਤਿਨ ਨਾਲ ਗ਼ਲੇ ਮਿਲਣ ਦੀ ਨਿੰਦਾ ਕਰਨ ਤੋਂ ਰੋਕ ਨਹੀਂ ਸਕੇ। ਜ਼ੇਲੇਂਸਕੀ ਨੇ ਵੀ ਉਸ ਨੂੰ ਘੋਰ ਨਿਰਾਸ਼ਾਜਨਕ ਤੇ ਸ਼ਾਂਤੀ ਦੀਆਂ ਕੋਸ਼ਿਸ਼ਾਂ 'ਤੇ ਹਮਲਾ ਦੱਸਿਆ ਸੀ। ਪ੍ਰਧਾਨ ਮੰਤਰੀ ਮੋਦੀ ਦੀ ਰੂਸ ਯਾਤਰਾ ਦੇ ਸਮੇਂ ਹੀ ਅਮਰੀਕਾ



ਵਾਸ਼ਿੰਗਟਨ 'ਚ ਨਾਟੋ ਗੱਠਜੋੜ ਦੀ ਸ਼ਿਖਰ ਬੈਠਕ ਦੀ ਮੇਜ਼ਬਾਨੀ ਕਰ ਰਿਹਾ ਸੀ, ਜਿਸ ਦਾ ਮੁੱਖ ਵਿਸ਼ਾ ਸੁਭਾਵਿਕ ਤੌਰ 'ਤੇ ਯੂਤਰੇਨ ਦਾ ਸੰਕਟ ਸੀ। ਜਦ ਉਹ ਯੂਕਰੇਨ ਦੀ ਯਾਤਰਾ 'ਤੇ ਗਏ, ਉਸ ਸਮੇਂ ਯੂਕਰੇਨ ਦੀਆਂ ਫ਼ੌਜਾਂ ਰੂਸ ਦੇ ਕੁਰਸਕ ਸੂਬੇ ਦੀ ਜ਼ਮੀਨ 'ਤੇ ਕਬਜ਼ਾ ਕਰਦੇ ਹੋਏ ਅੱਗੇ ਵਧ ਰਹੀਆਂ ਸਨ।

ਇਸ ਲਈ ਚੀਨ ਤੇ ਭਾਰਤ ਦੇ ਕੁਝ ਹੋਰ ਆਲੋਚਕਾਂ ਦਾ ਮੰਨਣਾ ਹੈ ਕਿ ਭਾਰਤੀ ਪ੍ਰਧਾਨ ਮੰਤਰੀ ਨੂੰ ਇਹ ਦੋਵੇਂ ਯਾਤਰਾਵਾਂ ਰੂਸ ਤੇ ਅਮਰੀਕਾ, ਦੋਵਾਂ ਨੂੰ ਖ਼ੁਸ਼ ਕਰਨ ਦੇ ਦਬਾਅ 'ਚ ਕਰਨੀਆਂ ਪਈਆਂ। ਉਹ ਪਿਛਲੇ ਦੋ ਸਾਲ ਤੋਂ ਰੂਸ ਤੇ ਭਾਰਤ ਵਿਚਾਲੇ ਹੋਣ ਵਾਲੀਆਂ ਦੁਵੱਲੀਆਂ ਸਾਲਾਨਾ ਸ਼ਿਖਰ ਬੈਠਕਾਂ ਨੂੰ ਟਾਲ਼ਦੇ ਆ ਰਹੇ ਸਨ ਤੇ 2022 ਦੀ ਸ਼ੰਘਾਈ ਸਹਿਯੋਗ ਸੰਗਠਨ ਸ਼ਿਖਰ ਬੈਠਕ 'ਚ ਵੀ ਨਹੀਂ ਗਏ। ਯੂਕਰੇਨ ਜੰਗ ਤੇ ਪੱਛਮੀ ਆਰਥਕ ਪਾਬੰਦੀਆਂ ਦੇ ਮੋਰਚੇ 'ਤੇ ਸਪੱਸ਼ਟ ਸਮਰਥਨ ਦੇਣ ਤੇ ਵਧਦੀ ਆਰਥਕ ਵਪਾਰਕ ਨਿਰਭਰਤਾ ਕਾਰਨ ਪੁਤਿਨ ਤੇ ਸ਼ੀ ਚਿਨਪਿੰਗ ਦੇ ਰਿਸ਼ਤੇ ਹੋਰ ਮਜ਼ਬੂਤ ਹੁੰਦੇ ਜਾ ਰਹੇ ਹਨ। ਇਸ ਕਾਰਨ ਪੁਤਿਨ ਨੂੰ ਭਾਰਤ ਦੀ ਦੋਸਤੀ ਬਾਰੇ ਯਕੀਨ ਦਿਵਾਉਣਾ ਜ਼ਰੂਰੀ ਹੋ ਗਿਆ ਸੀ।

ਦੂਜੇ ਪਾਸੇ, ਅਮਰੀਕਾ ਤੇ ਉਸ ਦੇ ਖੇਮੇ ਦੇ ਦੇਸ਼ ਰੂਸ ਦੇ ਹਮਲੇ ਦੀ ਸਿੱਧੀ ਨਿੰਦਾ ਤੋਂ ਬਚਣ ਤੇ ਰੂਸ ਤੋਂ ਤੇਲ ਖਰੀਦ ਕੇ ਪੱਛਮੀ ਆਰਥਕ ਪਾਬੰਦੀਆਂ ਨੂੰ ਬੇਅਸਰ ਕਰਨ ਨਾਲ ਨਾਖ਼ੁਸ਼ ਸਨ। ਉਨ੍ਹਾਂ ਨੂੰ ਭਰੋਸਾ ਦੇਣਾ ਵੀ ਜ਼ਰੂਰੀ ਸੀ ਪਰ ਜ਼ੇਲੇਂਸਕੀ ਦੇ ਹਾਲੀਆ ਬਿਆਨਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਯੂਕਰੇਨ ਜੰਗ ਸਬੰਧੀ ਭਾਰਤ ਦੀਆਂ ਨੀਤੀਆਂ 'ਤੇ ਜਨਤਕ ਤੌਰ 'ਤੇ ਨਾਰਾਜ਼ਗੀ ਜ਼ਾਹਰ ਕਰਨ ਦੇ ਬਾਵਜੂਦ ਉਹ ਚਾਹੁੰਦੇ ਹਨ ਕਿ ਭਾਰਤ ਸੁਲਾਹ-ਸ਼ਾਂਤੀ ਕਰਵਾਉਣ ਦੀ ਪਹਿਲ ਕਰੇ। ਉਹ ਭਾਰਤ ਤੋਂ ਸ਼ਾਂਤੀ ਪਹਿਲ ਦੀ ਅਪੀਲ ਕਈ ਵਾਰ ਕਰ ਚੁੱਕੇ ਹਨ।

ਯੂਕਰੇਨ ਦੀ ਸੰਸਦੀ ਵਿਦੇਸ਼ ਕਮੇਟੀ ਦੇ ਪ੍ਰਧਾਨ ਅਲੇਗਜ਼ਾਂਡਰ ਮੇਰੇਜਕੋ ਮੰਨਦੇ ਹਨ ਕਿ ਭਾਰਤੀ ਪ੍ਰਧਾਨ ਮੰਤਰੀ ਦੀ ਯਾਤਰਾ ਨੂੰ ਯੂਕਰੇਨ ਦੀ ਕੂਟਨੀਤਕ ਜਿੱਤ ਦੇ ਰੂਪ 'ਚ ਦੇਖਿਆ ਜਾ ਸਕਦਾ ਹੈ। ਭਾਰਤੀ ਪ੍ਰਧਾਨ ਮੰਤਰੀ ਦੀ ਯਾਤਰਾ ਸਬੰਧੀ ਯੂਕਰੇਨ ਦੀ ਇਸ ਖ਼ੁਸ਼ੀ ਦਾ ਸਭ ਤੋਂ ਵੱਡਾ ਕਾਰਨ ਸ਼ਾਇਦ ਇਹੀ ਹੈ ਕਿ ਭਾਰਤ ਯੂਕਰੇਨ ਸੰਕਟ ਦੇ ਸ਼ੁਰੂ ਤੋਂ ਹੀ ਜੰਗ ਦਾ ਵਿਰੋਧੀ ਤੇ ਕੂਟਨੀਤੀ ਦਾ ਪੱਖ ਲੈਂਦਾ ਰਿਹਾ ਹੈ। ਉਸ ਦੇ ਅਮਰੀਕਾ ਤੇ ਰੂਸ, ਦੋਵਾਂ ਨਾਲ ਚੰਗੇ ਸਬੰਧ ਹਨ। ਉਹ ਦੱਖਣੀ ਦੇਸ਼ਾਂ ਦੀ ਆਵਾਜ਼ ਚੁੱਕਦਾ ਰਿਹਾ ਹੈ ਪਰ ਚੀਨ ਵਾਂਗ ਰੂਸ ਦੇ ਨਾਲ ਖੜ੍ਹਾ ਨਹੀਂ ਦਿਖਾਈ ਦਿੱਤਾ। ਇਸ ਲਈ ਯੂਕਰੇਨ ਨੇ ਪਿਛਲੇ ਸਾਲ ਸ਼ੀ ਚਿਨਪਿੰਗ ਦੇ ਪਹਿਲੇ ਤੇ ਉਸ ਤੋਂ ਬਾਅਦ ਬ੍ਰਾਜ਼ੀਲ ਦੇ ਨਾਲ ਮਿਲ ਕੇ ਰੱਖੇ ਦੂਜੇ ਸ਼ਾਂਤੀ ਪ੍ਰਸਤਾਵ ਨੂੰ ਠੁਕਰਾ ਦਿੱਤਾ ਸੀ।

ਭਾਰਤ ਨੇ ਸ਼ੁਰੂ ਤੋਂ ਹੀ ਜੰਗ ਦੀ ਨਿੰਦਾ ਕਰਦੇ ਹੋਏ ਦੋਵਾਂ ਧਿਰਾਂ ਤੋਂ ਸੰਯੁਕਤ ਰਾਸ਼ਟਰ ਚਾਰਟਰ ਦੇ ਸਿਧਾਂਤਾਂ ਤੇ ਖੇਤਰੀ ਅਖੰਡਤਾ ਦਾ ਸਤਿਕਾਰ ਕਰਨ ਤੇ ਕੂਟਨੀਤੀ ਨਾਲ ਹੱਲ ਲੱਭਣ ਦੀ ਬੇਨਤੀ ਕੀਤੀ ਹੈ। ਆਪਣੀ ਯੂਰਪੀ ਯਾਤਰਾ ਦੌਰਾਨ ਚੀਨੀ ਰਾਸ਼ਟਰਪਤੀ ਸ਼ੀ ਚਿਨਪਿੰਗ ਸਰਬੀਆ ਤੇ ਹੰਗਰੀ ਤੱਕ ਜਾ ਕੇ ਮੁੜ ਗਏ। ਉਹ ਯੂਕਰੇਨ ਨਹੀਂ ਗਏ।ਇਸ ਲਈ ਪ੍ਰਧਾਨ ਮੰਤਰੀ ਮੋਦੀ ਦੀ ਯੂਕਰੇਨ ਯਾਤਰਾ ਦਾ ਹਰ ਪਾਸੇ ਸਵਾਗਤ ਹੋਇਆ। ਉਨ੍ਹਾਂ ਨੇ ਰਾਸ਼ਟਰਪਤੀ ਬਾਇਡਨ ਤੇ ਪੁਤਿਨ ਨੂੰ ਆਪਣੀ ਯਾਤਰਾ ਦੌਰਾਨ ਹੋਈ ਗੱਲਬਾਤ ਦੀ ਜਾਣਕਾਰੀ ਵੀ ਦਿੱਤੀ। ਫੋਨ 'ਤੇ ਹੋਈ ਗੱਲਬਾਤ 'ਚ ਰਾਸ਼ਟਰਪਤੀ ਬਾਇਡਨ ਨੇ ਪ੍ਰਧਾਨ ਮੰਤਰੀ ਦੇ ਸ਼ਾਂਤੀ ਸੁਨੇਹੇ ਤੇ ਮਨੁੱਖੀ ਰਾਹਤ ਦੀ ਸ਼ਲਾਘਾ ਕੀਤੀ। ਇਸ ਤੋਂ ਅਗਲੇ ਦਿਨ ਫੋਨ 'ਤੇ ਰਾਸ਼ਟਰਪਤੀ ਪੁਤਿਨ ਦੇ ਨਾਲ ਹੋਈ ਗੱਲਬਾਤ ਦੌਰਾਨ ਪ੍ਰਧਾਨ ਮੰਤਰੀ ਨੇ ਦੁਹਰਾਇਆ ਕਿ ਭਾਰਤ ਇਸ ਸੰਕਟ ਦੇ ਤੁਰੰਤ, ਪੱਕੇ ਤੇ ਸ਼ਾਂਤੀਪੂਰਨ ਹੱਲ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਹ ਸਤੰਬਰ 2022 'ਚ ਵੀ ਸਾਫ਼ ਸ਼ਬਦਾਂ 'ਚ ਕਹਿ ਚੁੱਕੇ ਹਨ ਕਿ ਇਹ ਜ਼ਮਾਨਾ ਜੰਗ ਦਾ ਨਹੀਂ ਹੈ।

ਰੂਸੀ ਵਿਸ਼ਲੇਸ਼ਕ ਓਲੇਗ ਇਗਨਾਤੋਫ ਦਾ ਕਹਿਣਾ ਹੈ ਕਿ ਪ੍ਰਧਾਨ ਮੰਤਰੀ ਮੋਦੀ ਦੀ ਯੂਕਰੇਨ ਯਾਤਰਾ ਨੂੰ ਰੂਸ 'ਚ ਵੀ ਸਕਾਰਾਤਮਕਤਾ ਨਾਲ ਦੇਖਿਆ ਜਾ ਰਿਹਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਭਾਰਤ ਦੀ ਭੂਮਿਕਾ ਰਚਨਾਤਮਕ ਹੋਵੇਗੀ ਤੇ ਰੂਸ ਵੀ ਉਸ ਦਾ ਸਵਾਗਤ ਕਰੇਗਾ। ਹਾਲਾਂਕਿ ਰੂਸੀ ਕੁਰਸਕ ਸੂਬੇ 'ਤੇ ਯੂਕਰੇਨ ਦੇ ਹਮਲੇ ਤੋਂ ਬਾਅਦ ਤੋਂ ਰੂਸੀ ਵਿਦੇਸ਼ ਮੰਤਰੀ ਲਾਵਰੋਵ ਗੱਲਬਾਤ ਦੀ ਸੰਭਾਵਨਾ ਨੂੰ ਖ਼ਾਰਜ ਕਰਦੇ ਆ ਰਹੇ ਹਨ ਪਰ ਰਾਸ਼ਟਰਪਤੀ ਜ਼ੇਲੇਂਸਕੀ ਨੇ ਕਿਹਾ ਹੈ ਕਿ ਉਹ ਦੂਜਾ ਸ਼ਾਂਤੀ ਸ਼ਿਖਰ ਸੰਮੇਲਨ ਭਾਰਤ ਦੀ ਮੇਜ਼ਬਾਨੀ 'ਚ ਕਰਵਾਏ ਜਾਣ ਦਾ ਸਮਰਥਨ ਕਰਨਗੇ।

ਪਹਿਲਾ ਸ਼ਾਂਤੀ ਸ਼ਿਖਰ ਸੰਮੇਲਨ ਸਿਵਟਜ਼ਰਲੈਂਡ 'ਚ ਹੋਇਆ ਸੀ, ਜਿਸ 'ਚ ਰੂਸ ਨੂੰ ਨਹੀਂ ਬੁਲਾਇਆ ਗਿਆ ਸੀ ਤੇ ਚੀਨ ਵੀ ਰੂਸ ਦੀ ਗ਼ੈਰਮੌਜੂਦਗੀ ਕਾਰਨ ਸ਼ਾਮਲ ਨਹੀਂ ਹੋਇਆ। ਭਾਰਤ ਨੇ ਹਿੱਸਾ ਲਿਆ, ਪਰ ਉਸ ਨੇ ਰੂਸ ਤਦੀ ਗ਼ੈਰਹਾਜ਼ਰੀ ਕਾਰਨ ਸੰਮੇਲਨ ਦੇ ਪੱਤਰ ਨੂੰ ਇਕਤਰਫ਼ਾ ਦੱਸ ਕੇ ਉਸ 'ਤੇ ਹਸਤਾਖ਼ਰ ਨਹੀਂ ਕੀਤੇ ਸਨ। ਇਸੇ ਨੂੰ ਰੇਖਾਂਕਿਤ ਕਰਦੇ ਹੋਏ ਚੀਨੀ ਸਰਕਾਰ ਦੇ ਮੁੱਖ ਪੱਤਰ ਗਲੋਬਲ ਟਾਈਮਜ਼ ਨੇ ਲਿਖਿਆ ਕਿ ਪਹਿਲੇ ਸ਼ਾਂਤੀ ਸ਼ਿਖਰ ਸੰਮੇਲਨ 'ਤੇ ਹਸਤਾਖ਼ਰ ਨਾ ਕਰਨ ਵਾਲੇ ਦੇਸ਼ ਨੂੰ ਦੂਜੇ ਸ਼ਿਖਰ ਸੰਮੇਲਨ ਦੀ ਮੇਜ਼ਬਾਨੀ ਨਹੀਂ ਕਰਨ ਦਿੱਤੀ ਜਾਵੇਗੀ।

ਮੁਸ਼ਕਲ ਇਹ ਹੈ ਕਿ ਅਮਰੀਕਾ, ਉਸ ਦੇ ਖੇਮੇ ਦੇ ਦੇਸ਼ਾਂ ਤੇ ਚੀਨ ਦੇ ਨਾਲ ਸਵਿਟਜ਼ਰਲੈਂਡ ਤੇ ਆਸਟ੍ਰੀਆ ਵਰਗੇ ਗੁੱਟ ਨਿਰਪੇਖ ਦੇਸ਼ਾਂ ਦੀ ਨਿਰਪੱਖਤਾ 'ਤੇ ਵੀ ਸਵਾਲੀਆ ਨਿਸ਼ਾਨ ਲੱਗ ਗਿਆ। ਇਸ ਕਾਰਨ ਸਿਰਫ਼ ਭਾਰਤ ਹੀ ਬਚਦਾ ਹੈ, ਜਿਸ 'ਤੇ ਦੋਵੇਂ ਧਿਰਾਂ ਯਕੀਨ ਕਰ ਸਕਦੀਆਂ ਹਨ। ਇਸ ਲਈ ਜੇ ਉਹ ਰੂਸ ਤੇ ਯੂਕਰੇਨ, ਦੋਵਾਂ ਨੂੰ ਸ਼ਾਂਤੀ ਦੀ ਗੱਲਬਾਤ ਲਈ ਰਾਜ਼ੀ ਕਰਨ 'ਚ ਕਾਮਯਾਬ ਹੋ ਜਾਂਦਾ ਹੈ ਤਾਂ ਸੰਭਵ ਤੌਰ 'ਤੇ ਅਜਿਹੀਆਂ ਸ਼ਰਤਾਂ ਨੂੰ ਅੜਿੱਕਾ ਨਹੀਂ ਬਣਨ ਦਿੱਤਾ ਜਾਵੇਗਾ। ਆਪਣੀ ਨਿਰਪੱਖਤਾ ਕਾਇਮ ਰੱਖਣ ਲਈ ਭਾਰਤ ਨੇ ਇਹ ਸਪੱਸ਼ਟ ਕੀਤਾ ਹੈ ਕਿ ਸਮਝੌਤੇ ਦਾ ਫਾਰਮੂਲਾ ਯੂਕਰੇਨ ਤੇ ਰੂਸ ਨੂੰ ਆਪ ਤੈਅ ਕਰਨਾ ਪਵੇਗਾ।

ਭਾਰਤ ਸਿਰਫ਼ ਜ਼ਰੀਆ ਬਣੇਗਾ, ਵਿਚੋਲਾ ਨਹੀਂ। ਜੋ ਵੀ ਹੋਵੇ, ਜੇ ਭਾਰਤ ਦੀ ਮੇਜ਼ਬਾਨੀ 'ਚ ਸ਼ਾਂਤੀ ਸੰਮੇਲਨ ਕਰਵਾਉਣ ਦੀ ਗੱਲ ਅੱਗੇ ਵਧਦੀ ਹੈ ਤਾਂ ਭਾਰਤ ਦੀ ਕੂਟਨੀਤੀ 'ਚ ਇਕ ਨਵਾਂ ਅਧਿਆਏ ਜੁੜੇਗਾ, ਕਿਉਂਕਿ ਹੁਣ ਤੱਕ ਭਾਰਤ ਵੱਡੀਆਂ ਧਿਰਾਂ ਦੇ ਸੰਘਰਸ਼ 'ਚ ਨਿਰਪੱਖ ਰਹਿਣ ਦੀ ਨੀਤੀ 'ਤੇ ਹੀ ਚੱਲਿਆ ਹੈ, ਸ਼ਾਂਤੀ ਬਹਾਲ ਕਰਵਾਉਣ ਦੀ ਸਰਗਰਮ ਨੀਤੀ 'ਤੇ ਨਹੀਂ।

# ਵੋਟ ਬਟੋਰੂ ਜਾਤ ਆਧਾਰਿਤ ਰਾਜਨੀਤੀ

ਕੇਸੀ ਤਿਆਗੀ

ਭਾਰਤ 'ਚ ਜਾਤ 'ਤੇ ਗੱਲਬਾਤ ਲੰਬੇ ਸਮੇਂ ਤੋਂ ਚੱਲੀ ਆ ਰਹੀ ਹੈ। ਜਿਸ ਤਰ੍ਹਾਂ ਡਾ. ਅੰਬੇਡਕਰ ਜਾਤੀ ਵਿਵਸਥਾ ਨੂੰ ਤਰੱਕੀ ਖ਼ਿਲਾਫ਼ ਮੰਨਦੇ ਸਨ, ਉਸੇ ਤਰ੍ਹਾਂ ਸਮਾਜਵਾਦੀ ਆਗੂ ਡਾ. ਰਾਮ ਮਨੋਹਰ ਲੋਹੀਆ ਜਾਤ ਨੂੰ ਇਕ ਅਜਿਹਾ ਅੜਿੱਕਾ ਮੰਨਦੇ ਸਨ, ਜਿਸ 'ਚ ਮਿਹਨਤ ਤੇ ਗੁਣ ਦੇ ਮੁਕਾਬਲੇ ਜਨਮ ਕਿਸ ਜਾਤ 'ਚ ਹੋਇਆ ਹੈ, ਉਸ ਦੇ ਆਧਾਰ 'ਤੇ ਵਿਅਕਤੀ ਦਾ ਸਮਾਜ 'ਚ ਸਥਾਨ ਤੈਅ ਹੁੰਦਾ ਹੈ।

ਇਸ ਵਿਵਸਥਾ 'ਚ ਯੋਗਤਾ, ਗੁਣ ਤੇ ਸਮਰੱਥਾ ਵਰਗੇ ਸਾਰੇ ਪਹਿਲੂ ਦੱਬੇ ਜਾਂਦੇ ਹਨ। ਕਿਉਂਕਿ ਇਸ ਵਿਵਸਥਾ 'ਚ ਕੁਝ ਖ਼ਾਸ ਤਬਕਿਆਂ ਨੂੰ ਹੀ ਖ਼ਾਸ ਹੁਨਰ ਸਿੱਖਣ ਦਾ ਹੱਕ ਦਿੱਤਾ ਜਾਂਦਾ ਹੈ, ਇਸ ਲਈ ਸਮਾਜ ਦੇ ਬਹੁਗਿਣਤੀ ਲੋਕਾਂ ਦੀ ਯੋਗਤਾ ਨੂੰ ਨਾ ਤਾਂ ਸਾਹਮਣੇ ਆਉਣ ਦਿੱਤਾ ਜਾਂਦਾ ਹੈ ਨਾ ਹੀ ਉਸ ਦਾ ਸਹੀ ਇਸਤੇਮਾਲ ਹੁੰਦਾ ਹੈ। ਅਜਿਹੇ ਸਮਾਜ 'ਚ ਤਰੱਕੀ ਅਤੇ ਵਿਕਾਸ ਦੇ ਰਾਹ ਵੀ ਰੁਕ ਜਾਂਦੇ ਹਨ।

ਪੱਧਰ 'ਤੇ ਜਾਤ ਆਧਾਰਤ ਰਾਜਨੀਤਕ ਤਸਵੀਰ ਬਦਲਣ ਦਾ ਮਾਣ ਵੀਪੀ ਸਿੰਘ ਨੂੰ ਜਾਂਦਾ ਹੈ, ਜਿਨ੍ਹਾਂ ਨੇ ਪੱਛੜੇ ਵਰਗਾਂ ਲਈ ਰਾਖਵਾਂਕਰਨ ਲਾਗੂ ਕੀਤਾ।

ਹਾਲਾਂਕਿ ਵੀਪੀ ਸਿੰਘ ਦਾ ਵੀ ਉਹੀ ਰਾਜਨੀਤਕ ਹਸ਼ਰ ਹੋਇਆ, ਜੋ ਕਰਪੂਰੀ ਠਾਕੁਰ ਦਾ ਹੋਇਆ ਸੀ। ਰਾਜਨੀਤਿਕ ਵਿਗਿਆਨੀ ਰਜਨੀ ਕੋਠਾਰੀ ਮੁਤਾਬਕ ਭਾਰਤ 'ਚ ਜਾਤ ਦੇ ਸਿਆਸੀਕਰਨ ਨੇ ਪਾਰਟੀ ਰਾਜਨੀਤੀ ਦੇ ਵਿਕਾਸ 'ਚ ਅਹਿਮ ਭੂਮਿਕਾ ਨਿਭਾਈ ਹੈ। ਉਨ੍ਹਾਂ ਨੇ ਸਾਬਤ ਕੀਤਾ ਕਿ ਜਾਤ ਦਾ ਸਿਆਸੀਕਰਨ ਇਕ ਦੋਹਰੀ ਪ੍ਰਕਿਰਿਆ ਹੈ। ਜਾਤ ਨੂੰ ਰਾਜਨੀਤੀ ਦੀ ਓਨੀ ਹੀ ਲੋੜ ਹੈ ਜਿੰਨੀ ਰਾਜਨੀਤੀ ਨੂੰ ਜਾਤ ਦੀ।

ਜਦ ਜਾਤ ਆਧਾਰਿਤ ਸਮੂਹ ਰਾਜਨੀਤੀ ਨੂੰ ਆਪਣੀਆਂ ਸਰਗਰਮੀਆਂ ਦਾ ਖੇਤਰ ਬਣਾਉਂਦੇ ਹਨ, ਤਦ ਉਨ੍ਹਾਂ ਸਮੂਹਾਂ ਨੂੰ ਆਪਣੀ ਪਛਾਣ ਸਥਾਪਤ ਕਰਨ ਤੇ ਸਥਿਤੀ ਬਦਲਣ ਦਾ ਮੌਕਾ ਮਿਲਦਾ ਹੈ। ਜੋ ਵਾਂਝੇ ਭਾਈਚਾਰੇ ਸਦੀਆਂ ਤੋਂ ਸਮਾਜਿਕ-ਆਰਥਕ



ਸਾਡੇ ਸੰਵਿਧਾਨ ਨਿਰਮਾਤਾਵਾਂ ਨੇ ਇਨ੍ਹਾਂ ਅੜਿੱਕਿਆਂ ਨੂੰ ਦੂਰ ਕਰਨ ਦੇ ਤਰੀਕੇ ਲੱਭੇ ਸਨ। ਸੰਵਿਧਾਨ 'ਚ ਦਲਿਤਾਂ ਤੇ ਆਦਿਵਾਸੀਆਂ ਲਈ ਰਾਖਵੇਂਕਰਨ ਦੀ ਵਿਵਸਥਾ 10 ਸਾਲਾਂ ਲਈ ਕੀਤੀ ਸੀ ਪਰ ਕੁਝ ਕਾਰਨਾਂ ਨਾਲ ਇਸ ਨੂੰ ਵਿਸਤਾਰ ਦਿੱਤਾ ਜਾਂਦਾ ਰਿਹਾ ਹੈ।

ਸਾਨੂੰ ਇਹ ਵੀ ਧਿਆਨ ਦੇਣਾ ਪਵੇਗਾ ਕਿ ਸਮਾਜ 'ਚ ਅੱਜ ਵੀ ਸਮਾਜਿਕ-ਆਰਥਕ ਗ਼ੈਰਬਰਾਬਰੀ ਮੌਜੂਦ ਹੈ। ਕੁਝ ਲੋਕ ਸਮੇਂ-ਸਮੇਂ 'ਤੇ ਇਹ ਵੀ ਤਰਕ ਦਿੰਦੇ ਰਹਿੰਦੇ ਹਨ ਕਿ ਭਾਰਤੀ ਸਿਆਸਤ 'ਚ ਜਾਤੀਵਾਦ ਵਧਦਾ ਜਾ ਰਿਹਾ ਹੈ। ਲਗਦਾ ਹੈ ਕਿ ਅਿਜਹਾ ਕਹਿਣ ਵਾਲੇ ਇਹ ਨਹੀਂ ਸਮਝ ਸਕਦੇ ਕਿ ਸੰਸਦ ਤੇ ਸੂਬੇ ਦੀਆਂ ਵਿਧਾਨ ਸਭਾਵਾਂ 'ਚ ਅਨੁਸੂਚਿਤ ਜਾਤੀ ਤੇ ਅਨੁਸੂਚਿਤ ਜਨਜਾਤੀਆਂ ਲਈ ਰਾਜਨੀਤਕ ਰਾਖਵੇਂਕਰਨ ਦੀ ਜੋ ਵਿਵਸਥਾ ਕੀਤੀ ਗਈ ਉਸੇ ਕਾਰਨ ਇਨ੍ਹਾਂ ਵਰਗਾਂ ਦੇ ਏਨੇ ਸੰਸਦ ਮੈਂਬਰ ਤੇ ਵਿਧਾਇਕ ਚੁਣ ਕੇ ਆਉਂਦੇ ਹਨ।

ਜੇ ਇਨ੍ਹਾਂ ਸਮੂਹਾਂ ਲਈ ਰਾਜਨੀਤਕ ਰਾਖਵਾਂਕਰਨ ਨਾ ਹੁੰਦਾ ਤਾਂ ਸੰਸਦ ਤੇ ਵਿਧਾਨ ਸਭਾਵਾਂ 'ਚ ਉਨ੍ਹਾਂ ਦੇ ਮੈਂਬਰਾਂ ਦੀ ਜੋ ਗਿਣਤੀ ਦਿਖਾਈ ਦਿੰਦੀ ਹੈ, ਸ਼ਾਇਦ ਉਹ ਨਾ ਦਿਖਾਈ ਦਿੰਦੀ। ਦੇਸ਼ 'ਚ ਜਾਤ ਆਧਾਰਿਤ ਰਾਜਨੀਤਕ ਤਸਵੀਰ ਨੂੰ ਸਭ ਤੋਂ ਪਹਿਲਾਂ ਭਾਰਤ ਰਤਨ ਕਰ-ਪੂਰੀ ਠਾਕੁਰ ਨੇ ਬਦਲਿਆ, ਜਿਨ੍ਹਾਂ ਨੇ ਵਾਂਝੇ ਤਬਕਿਆਂ 'ਚ ਸਿਆਸੀ ਚੇਤਨਾ ਵਧਾਈ ਸੀ। ਹਾਲਾਂਕਿ ਇਸ ਦਾ ਖਮਿਆਜਾ ਉਨ੍ਹਾਂ ਨੂੰ ਬਿਹਾਰ 'ਚ ਆਪਣੀ ਸੱਤਾ ਗੁਆਉਣ ਦੇ ਰੂਪ ਵਿਚ ਭੁਗਤਣਾ ਪਿਆ । ਜਿੱਥੇ ਬਿਹਾਰ 'ਚ ਕਰਪੂਰੀ ਠਾਕੁਰ ਨੇ ਇਹ ਅਲਖ਼ ਜਗਾਈ, ਉਥੇ ਰਾਸ਼ਟਰੀ

ਜ਼ੁਲਮ ਦਾ ਸ਼ਿਕਾਰ ਸਨ, ਉਨ੍ਹਾਂ ਲਈ ਰਾਜਨੀਤੀ 'ਚ ਆਉਣ ਲਈ ਜਾਤ ਇੱਕੋ ਇਕ ਹਥਿਆਰ ਸੀ।

ਉਨ੍ਹਾਂ ਕੋਲ ਹੋਰ ਕੋਈ ਸਮਾਜਿਕ ਪੂੰਜੀ ਨਹੀਂ ਸੀ। ਇਸ ਲਈ ਬਸਪਾ ਦੇ ਬਾਨੀ ਕਾਂਸ਼ੀ ਰਾਮ ਦੀ ਮਾਨਤਾ ਸੀ ਕਿ ਜਦ ਤੱਕ ਪੱਛੜਿਆਂ ਤੇ ਦਲਿਤਾਂ ਨੂੰ ਸੱਤਾ ਨਹੀਂ ਮਿਲੇਗੀ, ਤਦ ਤੱਕ ਉਨ੍ਹਾਂ ਲਈ ਸਮਾਜਿਕ-ਆਰਥਕ ਮੌਕੇ ਉਪਲੱਬਧ ਨਹੀਂ ਹੋਣਗੇ।

ਇਹੀ ਕਾਰਨ ਹੈ ਕਿ ਉਨ੍ਹਾਂ ਨੇ ਰਾਜਨੀਤੀ 'ਚ ਜਾਤ ਦੀ ਥਾਂ ਬਣਾਈ ਤੇ ਸਰਕਾਰ ਬਣਾਉਣ ਦੇ ਨਾਲ-ਨਾਲ ਰਾਜਨੀਤੀ 'ਚ ਸਥਾਪਤ ਪ੍ਰਭਾਵ ਨੂੰ ਚੁਣੌਤੀ ਵੀ ਪੇਸ਼ ਕੀਤੀ। ਮੌਜੂਦਾ ਸਮੇਂ 'ਚ ਦੇਖਿਆ ਜਾਵੇ ਤਾਂ ਜਾਤ ਅੱਜ ਵੀ ਰਾਜਨੀਤਿਕ ਸੱਚਾਈ ਤੋਂ ਵੱਧ ਸਮਾਜਿਕ ਸੱਚਾਈ ਹੈ। ਇਹ ਇਕ ਅਜਿਹੀ ਸੱਚਾਈ ਹੈ ਜਿਸ ਦਾ ਕਈ ਸਿਆਸੀ ਪਾਰਟੀਆਂ ਸਮਰਥਨ ਕਰਦੀਆਂ ਹਨ। ਚਾਹੇ ਇਸ ਨੂੰ ਵੱਖ ਤਰੀਕੇ ਨਾਲ ਜ਼ਾਹਰ ਕਰਦੀਆਂ ਹੋਣ ਪਰ ਇਸ ਨੂੰ ਸਮਾਜਿਕ ਇਨਸਾਫ਼ ਦੇ ਤਰੀਕੇ ਦੇ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ। ਜੇ ਅੱਜ ਵੀ ਭਾਰਤ ਦੀ ਸਮਾਜਿਕ ਤੇ ਰਾਜਨੀਤਿਕ ਵਿਵਸਥਾ 'ਚ ਜਾਤ ਦਾ ਸਵਾਲ ਮਹੱਤਵਪੂਰਨ ਨਾ ਹੁੰਦਾ ਤਾਂ ਸਾਰੀਆਂ ਸਿਆਸੀ ਪਾਰਟੀਆਂ ਸੰਸਦ 'ਚ ਜਾਤੀਗਤ ਪੱਖਪਾਤ ਸਬੰਧੀ ਬਹਿਸ ਨਾ ਕਰ ਰਹੀਆਂ ਹੁੰਦੀਆਂ। ਯਾਦ ਰਹੇ ਕਿ ਅੱਜ ਵੀ ਜਾਤ 'ਤੇ ਆਧਾਰਿਤ ਪੱਖਪਾਤ ਜਾਰੀ ਹੈ ਤੇ ਇਹ ਪੱਖਪਾਤ ਤਦ ਖ਼ਤਮ ਹੋ ਸਕਦਾ ਹੈ ਜਦ ਵਾਂਝੇ ਤਬਕਿਆਂ ਦੀ ਹਰ ਸੰਭਵ ਤਰੀਕੇ ਨਾਲ ਨੁਮਾਇੰਦਗੀ ਵਧੇਗੀ ਤੇ ਉਹ ਆਪਣੇ ਲਈ ਨੀਤੀਆਂ ਬਣਾ ਸਕਣਗੇ।

# 'ਸੱਭ 'ਤੇ ਵੱਡਾ ਸਤਿਗੁਰ ਨਾਨਕ'

**(ਸਫਾ 16 ਦੀ ਬਾਕੀ)**

ਸਾਨੂੰ ਕਿਸੇ ਵੀ ਮਾਨਵ ਨਾਲ ਜਾਤ-ਪਾਤ, ਰੰਗ, ਨਸਲ ਤੇ ਬੋਲੀ ਆਦਿ ਦੇ ਆਧਾਰ 'ਤੇ ਭੇਦ-ਭਾਵ ਨਹੀਂ ਕਰਨਾ ਚਾਹੀਦਾ। ਸਭ ਮਾਨਵ ਉਸ ਪ੍ਰਮਾਤਮਾ ਦੇ ਜੀਵ ਹਨ ਤੇ ਮਨੁੱਖ ਦੀ ਜਾਤ, ਮਨੁੱਖਤਾ ਹੀ ਹੈ। ਇਹ ਸਾਰੇ ਭੇਦ-ਭਾਵ, ਊਚ-ਨੀਚ ਆਦਿ ਸਭ ਅਮੀਰਾਂ ਦੀ ਉਪਜ ਹਨ ਜੋ ਉਨ੍ਹਾਂ ਨੇ ਮਨੁੱਖ ਦਾ ਮਨੁੱਖ ਹੱਥੋਂ ਸ਼ੋਸ਼ਣ ਕਰਨ ਲਈ ਬਣਾਏ ਹੋਏ ਹਨ। ਇਸ ਲਈ ਜਾਤ-ਪਾਤ ਤੇ ਊਚ-ਨੀਚ ਦੇ ਵਿਤਕਰੇ ਨੂੰ ਦੂਰ ਕਰਨ ਲਈ, ਗੁਰੂ ਜੀ ਨ ਸੰਗਤ, ਪੰਗਤ ਤੇ ਲੰਗਰ ਦੀ ਰੀਤ ਚਲਾਈ ਤਾਂ ਜੋ ਮਾਨਵਤਾ 'ਚ 'ਸਮਾਜਿਕ ਬਰਾਬਰੀ' ਆ ਸਕੇ। ਗੁਰੂ ਸਾਹਿਬ ਨੇ ਜਾਤ ਪਾਤ ਤੇ ਊਚ-ਨੀਚ ਦੇ ਭੇਦ-ਭਾਵ ਨੂੰ ਮੁੱਢੋਂ ਨਕਾਰ ਦਿੱਤਾ ਤੇ ਇਸ ਦਾ ਰੱਜ ਕੇ ਵਿਰੋਧ ਕੀਤਾ।

**ਭਰਮਾਂ ਵਹਿਮਾਂ ਤੇ ਕਰਮ ਕਾਂਡਾਂ ਦਾ ਵਿਰੋਧ-** ਗੁਰੂ ਨਾਨਕ ਦੇਵ ਜੀ ਨੇ ਆਪਣੇ ਸਿੱਖਾਂ ਨੂੰ ਭਰਮਾਂ-ਵਹਿਮਾਂ 'ਚ ਨਾ ਫਸਣ ਤੇ ਝੂਠੇ ਕਰਮ ਕਾਂਡ ਜਾਂ ਸੰ-ਸਕਾਰ ਨਾ ਅਪਣਾਉਣ ਦੀ ਸਿੱਖਿਆ ਦਿੱਤੀ। ਤਰ੍ਹਾਂ-ਤਰ੍ਹਾਂ ਦੀ ਮੂਰਤੀ ਪੂਜਾ ਦਾ ਵੀ ਉਨ੍ਹਾਂ ਨੇ ਵਿਰੋਧ ਕੀਤਾ ਤੇ ਮਾਨਵ ਨੂੰ ਸੰਦੇਸ਼ ਦਿੱਤਾ ਕਿ ਪ੍ਰਮਾਤਮਾ ਇਕ ਹੈ ਜੋ ਸਾਰੀ ਸ੍ਰਿਸ਼ਟੀ ਦਾ ਮਾਲਕ ਤੇ ਕਰਤਾ ਹੈ। ਇਸ ਲਈ ਸਾਨੂੰ ਇਕੋ ਪ੍ਰਮਾਤਮਾ 'ਚ ਵਿਸ਼ਵਾਸ ਰੱਖਣਾ ਚਾਹੀਦਾ ਹੈ। ਜਿਸ ਦਾ ਕੋਈ ਆਕਾਰ ਜਾਂ ਸ਼ਕਲ ਨਹੀਂ ਹੈ। ਉਹ ਜੂਨਾਂ 'ਚ ਵੀ ਨਹੀਂ ਪੈਂਦਾ, ਉਸ ਦਾ ਨਾਮ ਵੀ ਸੱਚਾ ਹੈ, ਉਸ ਦਾ ਕਿਸੇ ਨਾਲ ਵੈਰ ਨਹੀਂ ਹੈ, ਉਹ ਕਿਸੇ ਤੋਂ ਡਰਦਾ ਵੀ ਨਹੀਂ ਹੈ ਤੇ ਨਾ ਕਿਸੇ ਨੂੰ ਡਰਾਉਂਦਾ ਹੈ। ਉਹ ਪ੍ਰਮਾਤਮਾ ਦੀ ਸੱਚੀ-ਸੁੱਚੀ ਮੂਰਤ ਆਪ ਹੀ ਹੈ। ਇਸ ਨੂੰ ਗੁਰੂ ਦੀ ਕਿਰਪਾ ਨਾਲ ਪਾਇਆ ਜਾ ਸਕਦਾ ਹੈ। ਉਹ ਅੱਜ ਵੀ ਸੱਚਾ ਹੈ ਤੇ ਹਮੇਸ਼ਾ ਸੱਚਾ ਰਹੇਗਾ।

**ਇਸਤਰੀ ਦਾ ਸਤਿਕਾਰ ਕਰੋ:** "ਸੋ ਕਿਉ ਮੰਦਾ ਆਖੀਐ ਜਿਤੁ ਜੰਮੈ ਰਾਜਾਨ।" ਉਸ ਔਰਤ ਦਾ ਸਤਿਕਾਰ ਕਰੋ ਜਿਸ ਤੋਂ ਜੀਵ ਦੀ ਉਤਪੱਤੀ ਹੁੰਦੀ ਹੈ ਤੇ ਰਾਜੇ ਮਹਾਰਾਜੇ ਵੀ ਔਰਤ ਤੋਂ ਹੀ ਪੈਦਾ ਹੁੰਦੇ ਹਨ। ਇਸ ਲਈ ਸਾਨੂੰ ਇਸ ਨੂੰ ਮਾੜਾ ਨਹੀਂ ਕਹਿਣਾ ਚਾਹੀਦਾ।

**ਆਪਣੇ ਮਨ ਨੂੰ ਜਿੱਤੋ:** "ਮਨ ਜੀਤੈ ਜਗੁ ਜੀਤ।" ਹੇ, ਮਨੁੱਖ ਪਹਿਲੇ ਤੂੰ ਆਪਣੇ ਮਨ ਤੇ ਕਾਬੂ ਪਾ ਫਿਰ ਹੀ ਤੂੰ ਸਾਰੇ ਸੰਸਾਰ ਤ ਜਿੱਤ ਪ੍ਰਾਪਤ ਕਰ ਸਕਦਾ ਹੈ।

ਸਮੁੱਚੇ ਤੌਰ ਤੇ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਅੱਜ ਵੀ ਉਨੇ ਹੀ ਸਾਰਥਕ ਹਨ ਜਿੰਨੇ ਅੱਜ ਤੋਂ ਕੋਈ ਪੰਜ ਸੌ ਸਾਲ ਤੋਂ ਵੀ ਜ਼ਿਆਦਾ ਸਮਾਂ ਪਹਿਲਾਂ ਸਾਰਥਕ ਸਨ। ਇਹ ਪੂਰਨ ਜੀਵਨ ਜਿਊਣ ਲਈ, ਜੀਵਨ ਜਾਂਚ ਸਿਖਾਉਣ ਦੇ ਪੂਰਨ ਸਮਰੱਥ ਹਨ। ਇਹਨਾਂ ਉਕਤ ਸਭ ਉਪਦੇਸ਼ਾਂ ਨਾਲ ਗੁਰੂ ਸਾਹਿਬ ਨੇ ਮਾਨਵ ਨੂੰ ਗੁਰਮਤਿ ਦੇ ਸਿਧਾਂਤਾਂ ਨਾਲ, ਗਿਆਨ ਦੇ ਰਸਤੇ 'ਤੇ ਪਾਇਆ ਤਾਂ ਜੋ ਉਹ ਪ੍ਰਮਾਤਮਾ ਨੂੰ ਪਾਉਣ ਦੇ ਰਸਤੇ 'ਤੇ ਚੱਲ ਕੇ ਪ੍ਰਮਾਤਮਾ ਦੀ ਪ੍ਰਾਪਤੀ ਕਰ ਸਕਣ ਤੇ ਆਪਣੇ ਸਾਰਥਕ ਜੀਵਨ 'ਚ ਵੀ ਸਫਲਤਾ ਪ੍ਰਾਪਤ ਕਰ ਸਕਣ।

# ਬੱਚਿਆਂ ਨਾਲ ਹੁੰਦੀ ਜਿਨਸੀ ਛੇੜਛਾੜ ਵਿਰੁੱਧ ਸਖਤੀ ਦੀ ਲੋੜ





ਜੂਲੀਓ ਰਿਬੇਰੋ

ਮੁੰਬਈ ਸ਼ਹਿਰ ਦੇ ਨਾਲ ਲੱਗਦੇ ਠਾਣੇ ਜ਼ਿਲ੍ਹੇ ਦੇ ਨਿੱਕੇ ਜਿਹੇ ਕਸਬੇ ਬਦਲਾਪੁਰ 'ਚ ਇੱਕ ਪ੍ਰਾਈਵੇਟ ਸਕੂਲ 'ਚ ਦੋ ਤਿੰਨ ਸਾਲਾਂ ਦੀਆਂ ਬੱਚੀਆਂ ਦਾ ਸਫ਼ਾਈ ਸੇਵਕ ਨੇ ਜਿਨਸੀ ਸ਼ੋਸ਼ਣ ਕੀਤਾ। ਉਸ ਨੂੰ ਅਪਰਾਧ ਹੋਣ ਤੋਂ ਕੁਝ ਦਿਨ ਪਹਿਲਾਂ ਹੀ ਕੰਮ ਉੱਤੇ ਰੱਖਿਆ ਗਿਆ ਸੀ। ਸਕੂਲ ਦੇ ਪ੍ਰੀ-ਪ੍ਰਾਇਮਰੀ ਸੈਕਸ਼ਨ ਵਿੱਚ ਉਹ ਇੱਕੋ-ਇੱਕ ਪੁਰਸ਼ ਕਰਮਚਾਰੀ ਸੀ। ਲਗਾਤਾਰ ਦੋ ਦਿਨ, ਇੱਕ ਅਧਿਆਪਕ ਉਸ ਦੇ ਨਾਲ ਦੋ ਨਿੱਕੀਆਂ ਲੜਕੀਆਂ ਨੂੰ ਪਖਾਨੇ ਭੇਜਦਾ ਰਿਹਾ। ਪੜਤਾਲ ਵਿੱਚ ਸਾਹਮਣੇ ਆਇਆ ਹੈ ਕਿ ਉਸ ਨੂੰ ਕੰਮ ਉੱਤੇ ਰੱਖਣ ਤੋਂ ਪਹਿਲਾਂ ਕੋਈ ਪਿਛੋਕੜ ਨਹੀਂ ਜਾਂਚਿਆ ਗਿਆ। ਪੁਲਿਸ ਵੱਲੋਂ ਉਸ ਦੇ ਪਿਛੋਕੜ ਦੀ ਕੀਤੀ ਜਾਂਚ ਵਿੱਚ ਖੁਲਾਸਾ ਹੋਇਆ ਹੈ ਕਿ ਉਹ ਮਹਿਜ਼ 24 ਸਾਲਾਂ ਦਾ ਸੀ ਪਰ ਇੱਕ ਸਾਲ ਤੋਂ ਵੀ ਘੱਟ ਸਮੇਂ 'ਚ ਉਸ ਦੇ ਤਿੰਨ ਵਿਆਹ ਹੋ ਚੁੱਕੇ ਸਨ। ਪਹਿਲੀ ਪਤਨੀ ਨੂੰ ਉਸ ਨੇ ਵਿਆਹ ਤੋਂ ਦੋ ਜਾਂ ਤਿੰਨ ਦਿਨਾਂ ਬਾਅਦ ਛੱਡ ਦਿੱਤਾ ਸੀ ਤੇ ਦੂਜੀ ਨੂੰ ਵਿਆਹ ਦੇ ਦਸ ਦਿਨਾਂ ਦੇ ਅੰਦਰ। ਤੀਜੀ ਪਤਨੀ, ਜਿਸ ਦੇ ਨਾਲ ਉਹ ਇਸ ਵੇਲੇ ਰਹਿ ਰਿਹਾ ਹੈ, ਪੰਜ ਮਹੀਨਿਆਂ ਦੀ ਗਰਭਵਤੀ ਹੈ।

ਜੇ ਢੁੱਕਵਾਂ ਪਿਛੋਕੜ ਜਾਂਚਿਆ ਵੀ ਗਿਆ ਹੁੰਦਾ ਤਾਂ ਵੀ ਸ਼ਾਇਦ ਇਸ ਵਿਅਕਤੀ ਦੀਆਂ ਪ੍ਰਵਿਰਤੀਆਂ ਬਾਰੇ ਸੰਦੇਹ ਰਹਿੰਦਾ। ਉਸ ਵੱਲੋਂ ਤਿੰਨ ਵਾਰ ਸਾਥੀ ਬਦਲਣ ਦੀ ਕਾਰਵਾਈ ਤੋਂ ਪ੍ਰਿੰਸੀਪਲ ਨੂੰ ਚੌਕਸ ਜ਼ਰੂਰ ਹੋ ਜਾਣਾ ਚਾਹੀਦਾ ਸੀ ਤੇ ਉਹ ਕਈ ਬਾਲੜੀਆਂ ਵਾਲੇ ਸਕੂਲ ਵਿੱਚ ਉਸ ਨੂੰ ਕੰਮ ਉੱਤੇ ਰੱਖਣ ਤੋਂ ਪਹਿਲਾਂ ਫੇਰ ਸ਼ਾਇਦ ਸੋਚਦੇ।

ਜਿਨਸੀ ਅਪਰਾਧ ਲਗਭਗ ਹਰ ਰੋਜ਼ ਮੀਡੀਆ ਵਿੱਚ ਰਿਪੋਰਟ ਹੁੰਦੇ ਹਨ। ਇਹ ਕੇਸ ਸ਼ਾਇਦ ਵਿਸ਼ੇਸ਼ ਤੌਰ 'ਤੇ ਇਸ ਲਈ ਸੁਰਖੀਆਂ ਵਿੱਚ ਆਇਆ ਹੈ ਕਿਉਂਕਿ ਸਕੂਲ ਕਥਿਤ ਤੌਰ 'ਤੇ ਮਹਾਰਾਸ਼ਟਰ ਦੀ ਇਕ ਸੱਤਾਧਾਰੀ ਧਿਰ ਨਾਲ ਜੁੜੇ ਕਿਸੇ ਵਿਅਕਤੀ ਦਾ ਦੱਸਿਆ ਜਾ ਰਿਹਾ ਹੈ। ਸਾਲ ਖ਼ਤਮ ਹੋਣ ਤੋਂ ਪਹਿਲਾਂ ਰਾਜ ਵਿੱਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਵਿਰੋਧੀ ਧਿਰ ਨੇ ਸ਼ਾਇਦ ਮਹਿਸੂਸ ਕੀਤਾ ਹੋਵੇ ਕਿ ਇਸ ਤਰ੍ਹਾਂ ਦਾ ਅਪਰਾਧ ਕਿਉਂਕਿ ਮਾਪਿਆਂ ਤੇ ਆਮ ਨਾਗਰਿਕਾਂ ਦੇ ਮਨਾਂ ਦੀ ਸ਼ਾਂਤੀ ਭੰਗ ਕਰ ਸਕਦਾ ਹੈ, ਇਸ ਲਈ ਹੰਗਾਮਾ ਖੜ੍ਹਾ ਕਰ ਕੇ ਵੋਟਿੰਗ ਦੇ ਸਰੂਪ ਨੂੰ ਪ੍ਰਭਾਵਿਤ ਕਰਨ ਲਈ ਇਹ ਬਿਲਕੁਲ ਦਰੁਸਤ ਕੇਸ ਹੈ।

ਵਿਰੋਧੀ ਧਿਰਾਂ ਵੱਲੋਂ ਬੰਦ ਦਾ ਐਲਾਨ ਕੀਤਾ ਗਿਆ ਸੀ, ਪਰ ਬੰਬੇ ਹਾਈ ਕੋਰਟ ਵੱਲੋਂ ਇੱਕ ਲੋਕ ਹਿੱਤ ਪਟੀਸ਼ਨ 'ਤੇ ਸੁਣਵਾਈ ਦੌਰਾਨ ਇਸ ਤਰ੍ਹਾਂ ਦੇ ਬੰਦ ਨੂੰ ਗ਼ੈਰ-ਕਾਨੂੰਨੀ ਕਰਾਰ ਦਿੱਤਾ ਗਿਆ, ਜਿਸ ਤੋਂ ਬਾਅਦ ਬੰਦ ਦੇ ਸੱਦੇ ਨੂੰ ਵਾਪਸ ਲੈ ਲਿਆ ਗਿਆ। ਸਾਬਕਾ ਕੈਬਨਿਟ ਸਕੱਤਰ ਬੀਜੀ ਦੇਸ਼ਮੁਖ, ਮੁੰਬਈ ਦੇ ਜਸਲੋਕ ਹਸਪਤਾਲ ਦੇ ਸਾਬਕਾ ਮੈਡੀਕਲ ਡਾਇਰੈਕਟਰ ਡਾ। ਆਰਕੇ ਆਨੰਦ ਵੱਲੋਂ ਸਥਾਪਿਤ ਇੱਕ ਐੈਨਜੀਓ- 'ਪਬਲਿਕ ਕੰਸਰਨ ਫਾਰ ਗਵਰਨੈਂਸ ਟਰੱਸਟ (ਪੀਸੀਜੀਟੀ, 30 ਸਾਲ ਪਹਿਲਾਂ ਮੁੰਬਈ 'ਚ ਸਥਾਪਿਤ) ਅਤੇ ਮੈਂ ਸਿਆਸੀ ਧਿਰਾਂ ਵੱਲੋਂ ਇਸ ਤਰ੍ਹਾਂ ਦੇ ਦਿੱਤੇ ਜਾਣ ਵਾਲੇ ਸੱਦਿਆਂ ਵਿਰੁੱਧ ਹਾਈਕੋਰਟ ਦਾ ਰੁਖ਼ ਕੀਤਾ ਸੀ। ਪਟੀਸ਼ਨ ਵਿੱਚ ਦਲੀਲ ਦਿੱਤੀ ਗਈ ਸੀ ਕਿ ਇਸ ਤਰ੍ਹਾਂ ਦੇ ਬੰਦ ਨਾਲ ਵਰਕਰ ਆਪਣੀ ਰੋਜ਼ੀ-ਰੋਟੀ ਕਮਾਉਣ ਤੋਂ ਵਾਂਝੇ ਹੋ ਜਾਂਦੇ ਹਨ ਤੇ ਦੁਕਾਨ-ਦਫ਼ਤਰ ਵੀ ਨਾ ਚਾਹੁੰਦਿਆਂ ਹੋਇਆਂ ਬੰਦ ਰੱਖਣੇ ਪੈਂਦੇ ਹਨ।

'ਪੀਸੀਜੀਟੀ' ਨੇ ਆਪਣਾ ਕੇਸ ਅਦਾਲਤ ਵਿੱਚ ਜਿੱਤ ਲਿਆ। ਉਦੋਂ ਵਿਰੋਧੀ ਧਿਰ ਦੀਆਂ ਦੋ ਸਿਆਸੀ ਪਾਰਟੀਆਂ-ਭਾਜਪਾ ਤੇ ਸ਼ਿਵ ਸੈਨਾ ਨੂੰ ਬੰਦ ਕਾਰਨ ਫੈਲੀ ਅਸ਼ਾਂਤੀ ਦਾ ਜ਼ਿੰਮੇਵਾਰ ਠਹਿਰਾਉਂਦਿਆਂ 20-20 ਲੱਖ ਰੁਪਏ ਜੁਰਮਾਨਾ ਵੀ ਲਾਇਆ ਗਿਆ ਸੀ। ਮਹੱਤਵਪੂਰਨ ਗੱਲ ਇਹ ਸੀ ਕਿ ਬੰਦ ਨੂੰ ਸਿਆਸੀ ਹਥਿਆਰ ਵਜੋਂ ਘੱਟੋ-ਘੱਟ ਮੁੰਬਈ ਸ਼ਹਿਰ ਵਿੱਚ ਤਾਂ ਵਰਤਣਾ ਬੰਦ ਕਰ ਦਿੱਤਾ ਗਿਆ। ਬੰਦ ਦੀ ਮਾਰ ਸਹਿਣ ਵਾਲੇ ਕੁਝ ਨਾਗਰਿਕਾਂ ਨੇ ਅਦਾਲਤ 'ਚ ਹਲਫ਼ਨਾਮੇ ਦੇ ਕੇ ਇਸ ਨਾਲ ਹੁੰਦੀ ਕਠਿਨਾਈ ਬਾਰੇ ਦੱਸਿਆ ਸੀ। ਉਨ੍ਹਾਂ ਬੇਘਰਿਆਂ ਨੂੰ ਹੋਣ ਵਾਲੇ ਕਸ਼ਟ, ਜੋ ਰੋਜ਼ਾਨਾ ਦਾ ਖਾਣਾ ਕਿਸੇ ਹੋਟਲ-ਰੈਸਤਰਾਂ ਤੋਂ ਲੈਂਦੇ ਸਨ, ਛੋਟੇ ਬੱਚੇ ਜੋ ਪੋਸ਼ਣ ਲਈ ਦੁੱਧ ਵਾਲੀਆਂ ਵੈਨਾਂ ਉੱਤੇ ਨਿਰਭਰ ਸਨ, ਦੀਆਂ ਤਕਲੀਫਾਂ ਨੂੰ ਅਦਾਲਤ ਵਿੱਚ ਉਭਾਰਿਆ ਸੀ।

ਪ੍ਰਸਤਾਵਿਤ ਬੰਦ ਦੀ ਥਾਂ ਸਕੂਲ ਜਾਣ ਵਾਲੇ ਬੱਚਿਆਂ ਦੇ ਮਾਪਿਆਂ, ਸਿਆਸਤਦਾਨਾਂ ਤੇ ਉਨ੍ਹਾਂ ਦੇ ਸਮਰਥਕਾਂ ਨੇ ਆਪਣੇ ਮੂੰਹ ਕਾਲੇ ਕੱਪੜਿਆਂ ਨਾਲ ਬੰਨ੍ਹੇ ਤੇ ਸਕੂਲੀ ਬੱਚਿਆਂ ਲਈ ਬਿਹਤਰ ਸੁਰੱਖਿਆ ਦੀ ਮੰਗ ਕਰਦਿਆਂ ਸ਼ਹਿਰ ਵਿੱਚੋਂ ਦੀ ਮਾਰਚ ਕੀਤਾ।

ਪੰਜ ਸਾਲ ਪਹਿਲਾਂ ਪ੍ਰਾਈਵੇਟ ਸਕੂਲ ਜਾਂਦੇ ਛੋਟੇ ਲੜਕਿਆਂ ਦੇ ਪਿਤਾਵਾਂ ਦਾ ਇੱਕ ਵਫ਼ਦ ਮੈਨੂੰ ਪੇਸ਼ੇਵਰ ਮਦਦ ਦੀ ਪੇਸ਼ਕਸ਼ ਨਾਲ ਮਿਲਿਆ, ਉਹ ਆਪਣੀ ਵਿਅਕਤੀਗਤ ਮੁਹਾਰਤ ਮੁਤਾਬਿਕ ਸਕੂਲਾਂ 'ਚ ਬੱਚਿਆਂ ਨਾਲ ਛੇੜਛਾੜ ਦੇ ਸੰਕਟ ਦਾ ਹੱਲ ਸੁਝਾਉਣਾ ਚਾਹੁੰਦੇ ਸਨ। 'ਪੀਸੀਜੀਟੀ' ਨੇ ਉਦੋਂ ਇੱਕ ਹੋਰ ਐੈਨਜੀਓ ਨਾਲ ਹੱਥ ਮਿਲਾਏ ਜੋ ਇਸੇ ਮੁੱਦੇ ਉੱਤੇ ਕੰਮ ਕਰ ਰਿਹਾ ਸੀ ਅਤੇ ਮੁੰਬਈ ਦੇ ਪੁਲੀਸ ਕਮਿਸ਼ਨਰ ਤੱਕ ਪਹੁੰਚ ਕੀਤੀ। ਉਨ੍ਹਾਂ ਇਸ ਕੰਮ ਲਈ ਅਪਰਾਧ ਸ਼ਾਖਾ ਦੇ ਡੀਸੀਪੀ ਪੱਧਰ ਦੇ ਇੱਕ ਅਧਿਕਾਰੀ ਨੂੰ ਸਾਡੇ ਨਾਲ ਜੋੜਿਆ। ਅਸੀਂ ਕਈ ਸੈਮੀਨਾਰ ਤੇ ਬੈਠਕਾਂ ਕੀਤੀਆਂ, ਜਿਨ੍ਹਾਂ ਵਿੱਚ ਸਰਕਾਰੀ ਤੇ ਨਿਗਮ ਸਕੂਲਾਂ ਦੇ ਪ੍ਰਿੰਸੀਪਲਾਂ ਲਈ ਸਿਖਲਾਈ ਵਰਕਸ਼ਾਪਾਂ ਲਾਉਣਾ ਵੀ ਸ਼ਾਮਿਲ ਸੀ। ਇਹ ਵਰਕਸ਼ਾਪਾਂ 'ਪੋਕਸੋ' (ਜਿਨਸੀ ਅਪਰਾਧਾਂ ਤੋਂ ਬੱਚਿਆਂ ਨੂੰ ਬਚਾਉਣਾ) ਐਕਟ 'ਤੇ ਅਧਾਰਿਤ ਸਨ ਕਿ ਕਿਵੇਂ ਇਸ ਨੂੰ ਅਸਰਦਾਰ ਢੰਗ ਨਾਲ ਲਾਗੂ ਕੀਤਾ ਜਾ ਸਕਦਾ ਹੈ।

ਮੰਦੇਭਾਗੀਂ ਸਾਡੀਆਂ ਪ੍ਰੀਲਿਮਨਰੀਆਂ ਮੁਕੰਮਲ ਹੋਣ ਤੋਂ ਛੇਤੀ ਬਾਅਦ ਹੀ ਕੋਵਿਡ-19 ਦਾ ਹਮਲਾ ਸ਼ੁਰੂ ਹੋ ਗਿਆ। ਸਿਟੀ ਪੁਲੀਸ ਨੇ 'ਦੀਦੀ' ਪ੍ਰੋਗਰਾਮ ਸ਼ੁਰੂ ਕੀਤਾ ਸੀ ਜਿਸ ਤਹਿਤ ਕਮਿਸ਼ਨਰੇਟ ਦੇ ਸਾਰੇ 91 ਪੁਲੀਸ ਸਟੇਸ਼ਨਾਂ ਵਿੱਚ ਇੱਕ ਮਹਿਲਾ ਕਾਂਸਟੇਬਲ ਨੂੰ ਨਿਯੁਕਤ ਕਰ ਕੇ ਹਰ ਮਹੀਨੇ ਇਲਾਕੇ ਦੇ ਹਰੇਕ ਸਕੂਲ ਵਿੱਚ ਭੇਜਿਆ ਜਾਂਦਾ ਹੈ ਜਿੱਥੇ ਉਹ ਮਾਪੇ-ਅਧਿਆਪਕ ਮਿਲਣੀ ਨੂੰ ਸੰਬੋਧਨ ਕਰਦੀ ਹੈ ਅਤੇ ਪਹਿਲਾਂ ਮਾਪਿਆਂ ਅਤੇ ਫਿਰ ਅਧਿਆਪਕਾਂ ਅਤੇ ਸੀਨੀਅਰ ਵਿਦਿਆਰਥੀਆਂ ਨੂੰ ਜਿਨਸੀ ਛੇੜਛਾੜ ਦੇ ਸੰਭਾਵੀ ਖ਼ਤਰੇ ਅਤੇ ਇਸ ਦੀ ਰੋਕਥਾਮ ਦੇ ਤੌਰ ਤਰੀਕਿਆਂ ਮੁਤੱਲਕ ਸਚੇਤ ਕਰਦੀ ਹੈ।

ਜਿਨਸੀ ਛੇੜਛਾੜ ਕਰਨ ਵਾਲਾ ਸਕੂਲ ਦੇ ਅੰਦਰੋਂ ਹੀ ਹੈ ਜਾਂ ਫੇਰ ਕੋਈ ਬਾਹਰਲਾ ਹੈ, ਅਜਿਹੇ ਮਾਮਲਿਆਂ ਵਿੱਚ ਕਿਵੇਂ ਕਾਰਵਾਈ ਕਰਨੀ ਹੈ, ਇਸ ਬਾਰੇ ਵੀ ਦੱਸਿਆ ਜਾਂਦਾ ਹੈ। ਮਾਪੇ-ਅਧਿਆਪਕ ਮਿਲਣੀ ਮੌਕੇ ਪੁਲੀਸ ਦੀ ਮੌਜੂਦਗੀ ਨਾਲ ਮਾਪਿਆਂ ਦੇ ਮਨਾਂ ਵਿੱਚ ਇਹ ਭਰੋਸਾ ਪੈਦਾ ਹੋਇਆ ਹੈ ਕਿ ਸਕੂਲ ਅਤੇ ਰਾਜ ਵੱਲੋਂ ਉਨ੍ਹਾਂ ਦੇ ਬੱਚਿਆਂ ਦੀ ਸੁਰੱਖਿਆ ਪ੍ਰਤੀ ਧਿਆਨ ਦਿੱਤਾ ਜਾ ਰਿਹਾ ਹੈ। ਇਸ ਤਰ੍ਹਾਂ ਪੁਲੀਸ ਕੋਲ ਵੀ ਸਕੂਲ ਵੱਲੋਂ ਕੀਤੀ ਗਈ ਕਿਸੇ ਵੀ ਸ਼ਿਕਾਇਤ ਨਾਲ ਸਿੱਝਣ ਵਿੱਚ ਦੇਰੀ ਕਰਨ ਦਾ ਕੋਈ ਬਹਾਨਾ ਨਹੀਂ ਬਚਦਾ। ਬੱਚਿਆਂ ਨੂੰ ਲਿਆਉਣ ਲਈ ਸਕੂਲਾਂ ਵੱਲੋਂ ਠੇਕੇ 'ਤੇ ਲਈਆਂ ਬੱਸਾਂ ਵਿੱਚ, ਕਲਾਸਰੂਮਾਂ ਜਾਂ ਸਟਾਫਰੂਮਾਂ ਵਿੱਚ ਜਾਂ ਗ਼ੈਰ ਅਧਿਆਪਨ ਅਮਲੇ ਜਾਂ ਸੀਨੀਅਰ ਵਿਦਿਆਰਥੀਆਂ ਵੱਲੋਂ ਲੈਬਾਂ ਵਿੱਚ ਬੱਚਿਆਂ ਨਾਲ ਦੁਰਾਚਾਰ ਦੀਆਂ ਘਟਨਾਵਾਂ, ਅਜਿਹੀਆਂ ਅਲਾਮਤਾਂ ਹਨ, ਜਿਨ੍ਹਾਂ ਨੂੰ ਸਿੱਧੇ ਤੌਰ 'ਤੇ ਨਜਿੱਠਣ ਦੀ ਲੋੜ ਹੈ।

ਇਨ੍ਹਾਂ ਦੇ ਬੁਨਿਆਦੀ ਕਾਰਨਾਂ ਦੀ ਨਿਸ਼ਾਨਦੇਹੀ ਅਤੇ ਇਸ ਦੇ ਸੰਭਾਵੀ ਹੱਲਾਂ ਲਈ ਮਾਹਿਰ ਮਨੋਵਿਗਿਆਨੀਆਂ ਵੱਲੋਂ ਕੇਸ ਦਾ ਅਧਿਐਨ ਕਰਨ ਅਤੇ ਵਿਸ਼ਲੇਸ਼ਣ ਦੀ ਫ਼ੌਰੀ ਲੋੜ ਹੈ। ਇਸ ਨਾਲ ਮਾਪਿਆਂ ਅਤੇ ਅਧਿਆਪਕਾਂ ਨੂੰ ਇੱਕ ਅਜਿਹੇ ਖ਼ਤਰੇ ਵੱਲ ਧਿਆਨ ਕੇਂਦਰਿਤ ਕਰਨ ਵਿੱਚ ਮਦਦ ਮਿਲੇਗੀ ਜਿਸ ਨੇ ਨਾ ਕੇਵਲ ਸਾਡੇ ਦੇਸ਼ ਸਗੋਂ ਦੁਨੀਆ ਦੇ ਬਹੁਤ ਸਾਰੇ ਦੇਸ਼ਾਂ ਨੂੰ ਕਲਾਵੇ ਵਿੱਚ ਲਿਆ ਹੋਇਆ ਹੈ। ਕੁਝ ਯੂਰਪੀ ਦੇਸ਼ਾਂ ਵਿੱਚ ਬਾਲ ਅਸ਼ਲੀਲਤਾ (ਪੋਰਨੋਗ੍ਰਾਫੀ) ਇਸ ਕਦਰ ਅਲਾਮਤ ਬਣ ਗਈ ਹੈ ਕਿ ਇਸ ਸਮੱਸਿਆ ਨਾਲ ਨਜਿੱਠਣ ਲਈ ਅਪਰਾਧ ਰੋਕੂ ਵਿਸ਼ੇਸ਼ ਦਸਤੇ ਕਾਇਮ ਕੀਤੇ ਗਏ ਹਨ।

ਸਾਡੇ ਦੇਸ਼ ਵਿੱਚ ਬਹੁਤ ਸਾਰੇ ਸ਼ਹਿਰਾਂ ਅਤੇ ਕਸਬਿਆਂ ਵਿੱਚ ਜਿਨਸੀ ਅਪਰਾਧੀਆਂ ਦੀ ਤਾਦਾਦ ਵਿੱਚ ਚੋਖਾ ਵਾਧਾ ਹੁੰਦਾ ਜਾ ਰਿਹਾ ਹੈ ਜਿਸ ਵੱਲ ਫ਼ੌਰੀ ਧਿਆਨ ਦੇਣ ਅਤੇ ਸੂਬੇ ਦੀ ਸ਼ਮੂਲੀਅਤ ਯਕੀਨੀ ਬਣਾਉਣ ਦੀ ਲੋੜ ਹੈ। ਮੁੰਬਈ ਵਿੱਚ ਬਹੁਤ ਸਾਰੀਆਂ ਗ਼ੈਰ-ਸਰਕਾਰੀ ਸੰਸਥਾਵਾਂ ਇਸ ਅਲਾਮਤ ਨਾਲ ਸਿੱਝਣ ਲਈ ਅਧਿਕਾਰੀਆਂ ਦੀ ਮਦਦ ਕਰ ਰਹੀਆਂ ਹਨ।

ਮੌਜੂਦਾ ਕੇਂਦਰ ਸਰਕਾਰ ਇਸ ਕਿਸਮ ਦੇ ਸਮੂਹਿਕ ਮੁੱਦਿਆਂ ਨਾਲ ਸਿੱਝਣ ਵਾਲੀਆਂ ਨਾਗਰਿਕ ਸੰਸਥਾਵਾਂ ਉੱਪਰ ਭਰੋਸਾ ਨਹੀਂ ਕਰਦੀ। ਇਸ ਕਿਸਮ ਦੀਆਂ ਐਨਜੀਓਜ਼ ਦੀ ਕਾਰਪੋਰੇਟ ਫੰਡਿੰਗ ਰੋਕ ਦਿੱਤੀ ਗਈ ਅਤੇ ਇਨ੍ਹਾਂ ਫੰਡਾਂ ਦਾ ਰੁਖ਼ ਹੁਣ ਪੀਐਮ ਕੇਅਰਜ਼ ਫੰਡ ਵੱਲ ਕਰ ਦਿੱਤਾ ਗਿਆ ਹੈ।

ਸਰਕਾਰ ਨੂੰ ਇਹ ਨਸੀਹਤ ਲੈਣੀ ਚਾਹੀਦੀ ਹੈ ਕਿ ਅਜਿਹੀਆਂ ਗ਼ੈਰ ਸਰਕਾਰੀ ਜਥੇਬੰਦੀਆਂ 'ਤੇ ਛਾਪੇ ਨਾ ਮਾਰੇ ਜਾਣ ਜਿਨ੍ਹਾਂ ਦਾ ਇਕਮਾਤਰ ਮੰਤਵ ਆਮ ਲੋਕਾਂ ਦੀਆਂ ਜ਼ਿੰਦਗੀਆਂ ਦੀ ਬਿਹਤਰੀ ਹੈ। ਹਰੇਕ ਐਨਜੀਓ ਨੂੰ ਇਕੋ ਖਾਨੇ ਵਿਚ ਸੁੱਟਣਾ ਸ਼ਾਸਕੀ ਤੌਰ-ਤਰੀਕਿਆਂ ਦੇ ਸਾਂਚੇ ਵਿੱਚ ਫਿੱਟ ਨਹੀਂ ਬੈਠਦਾ ਤੇ ਅਜੀਬ ਜਾਪਦਾ ਹੈ।

# ਬਲਾਤਕਾਰੀ-ਕਾਤਲਾਂ ਨੂੰ ਕਿਸਦੀ ਸ਼ਹਿ ਮਿਲ ਰਹੀ ਹੈ?




ਪੱਛਮੀ ਬੰਗਾਲ ਦੀ ਮੁੱਖ ਮੰਤਰੀ ਅਤੇ ਤ੍ਰਿਣਮੂਲ ਕਾਂਗਰਸ (ਟੀਐਮਸੀ) ਦੀ ਬੌਸ ਮਮਤਾ ਬੈਨਰਜੀ ਬਚਾਓ ਦੀ ਮੁਦਰਾ ਵਿੱਚ ਆ ਗਈ ਹੈ। ਕੀ ਇਹ ਉਸ ਜਨਮਜਾਤ ਲੜਾਕਣ ਦੇ ਅੰਤ ਦੀ ਸ਼ੁਰੂਆਤ ਹੈ? ਜੇ ਅਜਿਹਾ ਹੈ ਤਾਂ ਕੀ ਭਾਜਪਾ ਉਸ ਕੰਮ ਵਿੱਚ ਸਫ਼ਲ ਹੋ ਗਈ ਹੈ ਜਿਸ ਵਿੱਚ ਬੰਗਾਲ ਦੀਆਂ ਪਾਰਟੀਆਂ ਫੇਲ੍ਹ ਹੋ ਗਈਆਂ ਸਨ। ਭਾਜਪਾ ਨੇ ਕੋਲਕਾਤਾ ਵਿੱਚ ਆਰ।ਜੀ। ਕਰ ਮੈਡੀਕਲ ਕਾਲਜ ਅਤੇ ਹਸਪਤਾਲ ਵਿੱਚ ਇੱਕ ਟਰੇਨੀ ਡਾਕਟਰ ਨਾਲ ਜਬਰ-ਜਨਾਹ ਅਤੇ ਹੱਤਿਆ ਦੇ ਕੇਸ ਨਾਲ ਸਿੱਝਣ ਵਿੱਚ ਕੀਤੀਆਂ ਗ਼ਲਤੀਆਂ ਦਾ ਪੂਰਾ ਫ਼ਾਇਦਾ ਉਠਾਇਆ ਹੈ। ਇਸ ਨਾਲ ਸਗੋਂ ਮਮਤਾ ਦੀ ਆਪਣੀ ਪਾਰਟੀ ਦੇ ਕਾਰਕੁਨ ਵੀ ਉਸ ਦੇ ਖ਼ਿਲਾਫ਼ ਹੋ ਗਏ ਹਨ। ਟਰੇਨੀ ਡਾਕਟਰ ਨੂੰ ਉਸ ਦੀ ਕੰਮ ਵਾਲੀ ਥਾਂ 'ਤੇ ਵਹਿਸ਼ਤ ਦਾ ਸ਼ਿਕਾਰ ਬਣਾਇਆ ਗਿਆ। ਜਾਪਦਾ ਹੈ ਜਿਵੇਂ ਜਵਾਨ ਮਰਦ ਆਪਣੇ ਸ਼ਿਕਾਰਾਂ ਨੂੰ ਬਲਾਤਕਾਰ ਕਰ ਕੇ ਮਾਰ ਦੇਣ ਦੇ ਮੌਕਿਆਂ ਦੀ ਤਲਾਸ਼ ਵਿੱਚ ਘੁੰਮ ਰਹੇ ਹਨ। ਕਾਨੂੰਨ ਨੂੰ ਹੋਰ ਸਖ਼ਤ ਬਣਾਉਣ ਦੇ ਹੋ ਕੇ ਵੀ ਲਾਏ ਜਾ ਰਹੇ ਹਨ ਜਦੋਂਕਿ ਪਹਿਲਾਂ ਹੀ ਬਹੁਤ ਸਖ਼ਤ ਕਾਨੂੰਨ ਮੌਜੂਦ ਹਨ। ਸਵਾਲ ਇਹ ਹੈ ਕਿ ਕੀ ਭਾਰਤੀ ਸਟੇਟ ਨੂੰ ਸਾਡੀਆਂ ਇਨ੍ਹਾਂ ਬੱਚੀਆਂ ਦੀ ਕੋਈ ਫ਼ਿਕਰ ਹੈ ਜਾਂ ਫਿਰ ਇਸ ਦੀ ਵਾਗਡੋਰ ਅਜਿਹੇ ਬੰਦਿਆਂ ਦੇ ਹੱਥਾਂ ਵਿੱਚ ਹੈ ਜਿਨ੍ਹਾਂ ਦਾ ਮੁਲਾਇਮ ਸਿੰਘ ਯਾਦਵ ਦੀ ਤਰ੍ਹਾਂ ਇਹੀ ਵਿਸ਼ਵਾਸ ਹੈ ਕਿ 'ਮੁੰਡੇ ਤਾਂ ਮੁੰਡੇ ਹੀ ਹੁੰਦੇ ਹਨ'? ਭਾਰਤ ਦੇ ਹਰੇਕ ਸੂਬੇ ਜਾਂ ਦੁਨੀਆ ਦੇ ਹੋਰਨਾਂ ਦੇਸ਼ਾਂ ਦੇ ਮੁੰਡੇ ਅਜਿਹੇ ਮੁੰਡੇ ਕਿਉਂ ਨਹੀਂ ਹਨ? ਇਸ ਦਾ ਜਵਾਬ ਸੱਤਾ ਵਿੱਚ ਬੈਠੇ ਉਨ੍ਹਾਂ ਲੋਕਾਂ ਨੂੰ ਦੇਣਾ ਚਾਹੀਦਾ ਹੈ ਜਿਨ੍ਹਾਂ ਸਿਰ ਦਰੁਸਤੀ ਕਦਮ ਚੁੱਕਣ ਦੀ ਜ਼ਿੰਮੇਵਾਰੀ ਪਾਈ ਗਈ ਹੈ। ਖੁੱਲ੍ਹੇ ਫਿਰ ਰਹੇ ਅਜਿਹੇ ਮਾਨਸਿਕ ਵਿਕਾਰਾਂ ਵਾਲੇ ਲੋਕਾਂ ਨਾਲ ਸਿੱਝਣ ਲਈ ਬਹੁਤਾ ਕੁਝ ਸਿਆਸੀ ਇੱਛਾ 'ਤੇ ਨਿਰਭਰ ਕਰਦਾ ਹੈ। ਇਸ ਦਾ ਹੱਲ ਨਵੇਂ ਕਾਨੂੰਨ ਬਣਾਉਣ ਨਾਲ ਨਹੀਂ ਹੋ ਸਕਦਾ ਸਗੋਂ ਇਹ ਯਕੀਨੀ ਬਣਾਉਣ ਨਾਲ ਹੋਵੇਗਾ ਕਿ ਜਿਨਸੀ ਦੁਰ-ਾਚਾਰ ਖ਼ਿਲਾਫ਼ ਮੌਜੂਦਾ ਕਾਨੂੰਨਾਂ ਵਿੱਚ ਇਕਸਾਰਤਾ ਲਿਆਂਦੀ ਜਾਵੇ ਅਤੇ ਇਨ੍ਹਾਂ 'ਤੇ ਸਖ਼ਤੀ ਨਾਲ ਅਮਲ ਕੀਤਾ ਜਾਵੇ।

ਜਿੱਥੋਂ ਤੱਕ ਕੋਲਕਾਤਾ ਕੇਸ ਦਾ ਸਬੰਧ ਹੈ ਤਾਂ ਸਰਕਾਰੀ ਹਸਪਤਾਲਾਂ ਵਿੱਚ 'ਨਾਗਰਿਕ ਵਾਲੰਟੀਅਰ' ਨਿਯੁਕਤ ਕਰਨ ਦੀ ਪ੍ਰਥਾ ਤੁਰੰਤ ਬੰਦ ਕੀਤੀ ਜਾਣੀ ਚਾਹੀਦੀ ਹੈ। ਇਨ੍ਹਾਂ ਕਾਮਿਆਂ ਦੇ ਜੀਵਨ ਬਿਓਰੇ, ਆਦਤਾਂ ਅਤੇ ਰੁਝਾਨਾਂ ਦੀ ਨਿਰਖ-ਪਰਖ ਕੀਤੇ ਬਿਨਾਂ ਹੀ ਇਹ ਸੱਤਾਧਾਰੀ ਪਾਰਟੀ ਦੇ ਹਮਾਇਤੀਆਂ 'ਚੋਂ ਚੁਣ ਲਏ ਜਾਂਦੇ ਹਨ। ਹਰੇਕ ਪਾਰਟੀ ਨੇ ਅਜਿਹੇ ਅਪਰਾਧੀ ਟੋਲੇ ਪਾਲ਼ ਰੱਖੇ ਹਨ ਜਿਨ੍ਹਾਂ ਨੂੰ ਇੰਝ ਕਿਤੇ ਵੀ ਦਾਖ਼ਲ ਹੋਣ ਦੀ ਖੁੱਲ੍ਹ ਮਿਲ ਜਾਂਦੀ ਹੈ। ਉਨ੍ਹਾਂ ਨੂੰ ਹਸਪਤਾਲਾਂ ਵਿੱਚ ਆਉਣ ਜਾਣ, ਮਰੀਜ਼ਾਂ ਨੂੰ ਬੈੱਡ ਅਤੇ ਮੈਡੀਕਲ ਸਹੂਲਤ ਮੁਹੱਈਆ ਕਰਾਉਣ ਦਾ 'ਲਾਇਸੈਂਸ' ਮਿਲਿਆ ਹੁੰਦਾ ਹੈ ਜਿਸ ਕਰ ਕੇ ਅਜਿਹੀਆਂ ਦੁਖਦਾਈ ਘਟਨਾਵਾਂ ਵਾਪਰਦੀਆਂ ਹਨ।

ਅਜਿਹੇ ਨਾਗਰਿਕ ਵਾਲੰਟੀਅਰਾਂ ਦੀ ਥਾਂ ਕਾਲਜਾਂ ਤੋਂ ਨਿਯਮਤ ਤੌਰ 'ਤੇ ਭਰਤੀ ਕੀਤੇ ਜਾਂਦੇ ਸਮਾਜ ਸੇਵੀਆਂ ਨੂੰ ਰੱਖਿਆ ਜਾਣਾ ਚਾਹੀਦਾ ਹੈ ਜੋ ਵਿਦਿਆਰਥੀਆਂ ਨੂੰ ਸੱਚੀ ਸਮਾਜ ਸੇਵਾ ਦਾ ਪਾਠ ਪੜ੍ਹਾਉਂਦੇ ਹਨ। ਆਮ ਤੌਰ 'ਤੇ ਇਨ੍ਹਾਂ ਵਾਲੰਟੀਅਰਾਂ ਦਾ ਮੰਤਵ ਬਿਪਤਾ ਵਿੱਚ ਫਸੇ ਮਰੀਜ਼ਾਂ ਤੋਂ ਪੈਸੇ ਭੋਟਣਾ ਹੀ ਹੁੰਦਾ ਹੈ। ਇਸ ਵਰਤਾਰੇ ਤੋਂ ਸੰਕੇਤ ਮਿਲਦੇ ਹਨ ਕਿ ਭ੍ਰਿਸ਼ਟਾਚਾਰ ਦੀ ਕਮਾਈ ਉਨ੍ਹਾਂ ਲੋਕਾਂ ਨਾਲ ਵੰਡੀ ਜਾਂਦੀ ਹੈ ਜਿਨ੍ਹਾਂ ਨੇ ਉਨ੍ਹਾਂ ਨੂੰ ਅਜਿਹੀ ਅਣਅਧਿਕਾਰਤ ਨਿਯੁਕਤੀ ਹਾਸਿਲ ਕਰਨ ਵਿੱਚ ਮਦਦ ਕੀਤੀ ਹੁੰਦੀ ਹੈ। ਇਹ ਵਰਤਾਰਾ ਬੰਗਾਲ ਜਾਂ ਕਿਸੇ ਇੱਕ ਪਾਰਟੀ ਤੱਕ ਸੀਮਤ ਨਹੀਂ ਹੈ। ਮੈਨੂੰ ਪਤਾ ਲੱਗਿਆ ਹੈ ਕਿ ਗੁਜਰਾਤ ਵਿੱਚ ਤਾਂ ਅਜਿਹੀ ਕੁੰਠਿਤ ਵਿਚਾਰਧਾਰਾ ਵਾਲੇ ਅਧਿਆਪਕ ਭਰਤੀ ਕੀਤੇ ਜਾਂਦੇ ਹਨ ਅਤੇ ਹੋਮ ਗਾਰਡਜ਼ ਵੀ ਇਸੇ ਰਾਹ ਤੋਂ ਆਉਂਦੇ ਹਨ। ਆਮ ਤੌਰ 'ਤੇ ਅਮਨ ਕਾਨੂੰਨ ਦੀ ਸਥਿਤੀ ਜਾਂ ਟਰੈਫਿਕ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਪੁਲੀਸ ਦੀ ਮਦਦ ਵਾਸਤੇ ਹੋਮ ਗਾਰਡਜ਼ ਭੇਜੇ ਜਾਂਦੇ ਹਨ। ਜੇ ਅਣਸਿੱਖਿਅਤ ਵਿਅਕਤੀਆਂ ਦੀ ਇਸ ਕਿਸਮ ਦੀ ਭਰਤੀ ਬੰਦ ਨਾ ਕੀਤੀ ਗਈ ਤਾਂ ਕੋਲਕਾਤਾ ਕਾਂਡ ਜਿਹੀਆਂ ਘਟਨਾਵਾਂ ਵਿਚ ਬਹੁਤ ਵਾਧਾ ਹੋ ਸਕਦਾ ਹੈ। ਜਿਨਸੀ ਦੁਰਾਚਾਰ ਦੇ ਕੇਸਾਂ ਵਿੱਚ ਕਮੀ ਲਿਆਉਣ ਲਈ ਇੱਕ ਫ਼ੌਰੀ ਕਦਮ ਇਹ ਹੋ ਸਕਦਾ ਹੈ ਕਿ ਸੰਭਾਵੀ ਅਵੱਗਿਆਕਾਰੀਆਂ ਨੂੰ ਇਹ ਸਾਫ਼ ਸੰਦੇਸ਼ ਦਿੱਤਾ ਜਾਵੇ ਕਿ ਉਹ ਸੱਤਾ ਵਿੱਚ ਬੈਠੀਆਂ ਪਾਰਟੀਆਂ ਤੋਂ ਕੋਈ ਰਹਿਮ ਦੀ ਉਮੀਦ ਨਾ ਰੱਖਣ। ਉਨ੍ਹਾਂ ਨੂੰ ਪੁਲੀਸ ਵਲੋਂ ਫੜ ਲਿਆ ਜਾਵੇਗਾ ਅਤੇ ਅਦਾਲਤਾਂ ਵੱਲੋਂ ਸਜ਼ਾ ਸੁਣਾਈ ਜਾਵੇਗੀ। ਇਸ ਵਕਤ ਸਿਆਸੀ ਪਾਰਟੀਆਂ ਵੱਲੋਂ ਇੱਕ ਬਹੁਤ ਹੀ ਗ਼ਲਤ ਸੰਦੇਸ਼ ਫੈਲਾਇਆ ਜਾ ਰਿਹਾ ਹੈ ਕਿ ਜੇ ਤੁਸੀਂ ਸੱਤਾਧਾਰੀ ਪਾਰਟੀ ਦੀ ਮਦਦ ਕਰੋਗੇ ਤਾਂ ਤੁਹਾਨੂੰ ਸੌਖੇ ਢੰਗ ਨਾਲ ਪੈਰੋਲ ਦਿਵਾ ਕੇ ਜਾਂ ਮਿਆਦ ਪੂਰੀ ਹੋਣ ਤੋਂ ਪਹਿਲਾਂ ਹੀ ਸਜ਼ਾ ਮੁਆਫ਼ ਕਰਵਾ ਕੇ ਤੁਹਾਡੀ ਜੇਲ੍ਹ ਦਾ ਅਰਸਾ ਘਟਾ ਦਿੱਤਾ ਜਾਵੇਗਾ।

ਇਸ ਤਰ੍ਹਾਂ ਦਾ ਇੱਕ ਮਾਮਲਾ ਅਖੌਤੀ ਸਾਧ ਗੁਰਮੀਤ ਰਾਮ ਰਹੀਮ ਦਾ ਹੈ ਜਿਸ ਨੂੰ ਆਪਣੀਆਂ ਦੋ ਸਾਧਵੀਆਂ ਨਾਲ ਬਲਾਤਕਾਰ ਅਤੇ ਆਪਣੇ ਮੈਨੇਜਰ ਅਤੇ ਇਕ ਪੱਤਰਕਾਰ ਦੀ ਹੱਤਿਆ ਦਾ ਮੁਜਰਮ ਕਰਾਰ ਦਿੱਤਾ ਗਿਆ ਸੀ। ਹਰਿਆਣੇ ਵਿੱਚ ਉਸ ਦੇ ਸ਼ਰਧਾਲੂਆਂ ਦੀ ਕਾਫ਼ੀ ਤਾਦਾਦ ਦੱਸੀ ਜਾਂਦੀ ਹੈ। ਉਸ ਨੂੰ ਹਰ ਵਾਰ ਲੋਕ ਸਭਾ ਅਤੇ ਵਿਧਾਨ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਲੰਮੇ ਅਰਸੇ ਲਈ ਪੈਰੋਲ ਦੇ ਦਿੱਤੀ ਜਾਂਦੀ ਹੈ। ਇਸ ਨਾਲ ਸੱਤਾਧਾਰੀ ਪਾਰਟੀ ਨੂੰ ਚੰਦ ਵੋਟਾਂ ਦਾ ਫ਼ਾਇਦਾ ਹੋ ਸਕਦਾ ਹੈ ਪਰ ਇਸ ਨਾਲ ਜਿਨਸੀ ਅਪਰਾਧ ਕਰਨ ਵਾਲਿਆਂ ਦੇ ਹੌਸਲੇ ਵੀ ਵਧਦੇ ਹਨ। ਇਸੇ ਤਰ੍ਹਾਂ ਗੁਜਰਾਤ ਵਿੱਚ 2002 ਦੇ ਦੰਗਿਆਂ ਦੌਰਾਨ ਵਾਪਰੀ ਜਬਰ-ਜਨਾਹ ਤੇ ਹੱਤਿਆ ਦੀ ਘਟਨਾ ਦੇ ਦੋਸ਼ੀ ਕਰੀਬ ਦਰਜਨ ਵਿਅਕਤੀਆਂ ਨੂੰ ਸਜ਼ਾ ਪੂਰੀ ਹੋਣ ਤੋਂ ਪਹਿਲਾਂ ਰਿਹਾਅ ਕਰ ਦਿੱਤਾ ਗਿਆ ਤੇ ਇਹ ਸਪੱਸ਼ਟ ਸੁਨੇਹਾ ਦਿੱਤਾ ਗਿਆ ਕਿ ਇੱਕ ਪੱਖਪਾਤੀ ਸਰਕਾਰ ਉਦੋਂ ਤੱਕ ਇਸ ਤਰ੍ਹਾਂ ਦੇ ਅਪਰਾਧੀਆਂ ਦੀ ਮਦਦ ਕਰਨ ਤੇ ਉਨ੍ਹਾਂ ਨੂੰ ਉਕਸਾਉਣ ਤੋਂ ਪਿੱਛੇ ਨਹੀਂ ਹਟੇਗੀ ਜਦੋਂ ਤੱਕ ਉਹ ਸੱਤਾਧਾਰੀ ਪਾਰਟੀ ਦੇ ਸਮਰਥਕ ਬਣੇ ਰਹਿਣਗੇ। ਜਦੋਂ ਮੈਡੀਕਲ ਕਾਲਜ ਦੇ ਪ੍ਰਿੰਸੀਪਲ ਪ੍ਰਤੀ ਤ੍ਰਿਣਮੂਲ ਕਾਂਗਰਸ ਨਰਮੀ ਦਿਖਾ ਰਹੀ ਸੀ, ਉਦੋਂ ਖੁਸ਼ਕਿਸਮਤੀ ਨਾਲ ਕਲਕੱਤਾ ਹਾਈ ਕੋਰਟ ਨੇ ਦਖ਼ਲ ਦਿੱਤਾ। ਇਹ ਉਹੀ ਪ੍ਰਿੰਸੀਪਲ ਹੈ ਜਿਸ ਨੇ ਕਥਿਤ ਤੌਰ 'ਤੇ 12 ਹਜ਼ਾਰ ਪ੍ਰਤੀ ਮਹੀਨਾ ਤਨਖਾਹ 'ਤੇ ਰੱਖੇ 'ਸਿਵਿਕ ਵਲੰਟੀਅਰਾਂ' ਦੀਆਂ ਗ਼ੈਰ-ਕਾਨੂੰਨੀ ਗਤੀਵਿਧੀਆਂ ਤੋਂ ਅੱਖਾਂ ਬੰਦ ਕਰੀਂ ਰੱਖੀਆਂ ਸਨ। ਪ੍ਰਿੰਸੀਪਲ ਦੀ ਅਗਲੀ ਨਿਯੁਕਤੀ ਸਜ਼ਾ ਦੇ ਰੂਪ ਵਿੱਚ ਹੋਣੀ ਚਾਹੀਦੀ ਸੀ ਪਰ ਉਸ ਨੂੰ ਇੱਕ ਵੱਡੇ ਤੇ ਬਿਹਤਰ ਹਸਪਤਾਲ ਤਬਦੀਲ ਕਰ ਦਿੱਤਾ ਗਿਆ। ਇਸ ਮਾੜੇ ਫ਼ੈਸਲੇ ਨੂੰ ਵਿਆਪਕ ਪੱਧਰ 'ਤੇ ਇਸ ਤਰ੍ਹਾਂ ਦੇਖਿਆ ਗਿਆ ਕਿ ਹਸਪਤਾਲ ਪ੍ਰਸ਼ਾਸਨ 'ਚ ਜੋ ਵੀ ਬਹੁਤ ਗ਼ਲਤ ਹੋ ਰਿਹਾ ਸੀ, ਉਸ ਨੂੰ ਟੀਐਮਸੀ ਦੀ ਹਮਾਇਤ ਸੀ।

ਆਪਣੇ ਸਿਆਸੀ ਖ਼ਜ਼ਾਨੇ ਭਰੀ ਰੱਖਣ ਲਈ ਸੱਤਾਧਾਰੀਆਂ ਪਾਰਟੀਆਂ ਵੱਲੋਂ ਮਹਿਲਾਵਾਂ ਵਿਰੋਧੀ ਰਵੱਈਆ ਰੱਖਣ ਦੀਆਂ ਇਸ ਤਰ੍ਹਾਂ ਦੀਆਂ ਉਦਾਹਰਨਾਂ ਨਾਰੀ ਜਾਤੀ ਤੇ ਉਸ ਤੋਂ ਵੀ ਵੱਧ, ਕਾਨੂੰਨ ਦਾ ਨਿਰਾਦਰ ਹਨ। ਜਦੋਂ ਤੱਕ ਸਾਰੀਆਂ ਪਾਰਟੀਆਂ 'ਤੇ ਇਹ ਜਨਤਕ ਦਬਾਅ ਨਹੀਂ ਬਣਦਾ ਕਿ ਉਹ ਜਿਨਸੀ ਅਪਰਾਧੀਆਂ ਲਈ ਤਰਸ ਨਹੀਂ ਦਿਖਾਉਣਗੀਆਂ, ਇਹ ਸਮੱਸਿਆ ਦੇਸ਼ ਦੀ ਜ਼ਮੀਰ ਨੂੰ ਹਲੂਣਦੀ ਰਹੇਗੀ।

# ਭਾਰਤ ਦੀ ਬੱਝਵੀਂ ਕਾਰਗੁਜ਼ਾਰੀ ਦੇ ਪੰਜਾਹ ਸਾਲ

ਟੀ ਐਨ ਨੈਨਾਨ

ਉਦੋਂ ਸ਼ਾਇਦ ਇਸ ਨੂੰ ਇੰਝ ਨਹੀਂ ਸੀ ਲਿਆ ਗਿਆ ਪਰ 50 ਸਾਲ ਪਹਿਲਾਂ ਭਾਰਤ ਇੱਕ ਫ਼ੈਸਲਾਕੁਨ ਮੋੜ 'ਤੇ ਅੱਪੜ ਗਿਆ ਸੀ। ਉਦੋਂ ਇੱਕ ਪਾਸੇ ਆਰਥਿਕ ਸੰਕਟ ਅਤੇ ਦੂਜੇ ਪਾਸੇ ਸਿਆਸੀ ਘਮਸਾਣ ਚੱਲ ਰਿਹਾ ਸੀ। ਇਸ ਤੋਂ ਇੱਕ ਸਾਲ ਬਾਅਦ ਫ਼ੈਸਲਾਕੁਨ ਕਾਰਵਾਈ ਆਈ ਜਦੋਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਐਮਰਜੈਂਸੀ ਲਾਗੂ ਕਰ ਦਿੱਤੀ ਗਈ। ਉਂਝ, ਦੋ ਸਾਲ ਤੋਂ ਘੱਟ ਸਮੇਂ ਵਿੱਚ ਇਹ ਹਟਾ ਲਈ ਗਈ। ਪਰ ਜੋ ਗੱਲ ਜ਼ਿਆਦਾ ਦੇਰ ਬਾਅਦ ਸਾਬਿਤ ਹੋਈ ਉਸ ਵੱਲ ਉਦੋਂ ਕਿਸੇ ਦਾ ਧਿਆਨ ਹੀ ਨਹੀਂ ਗਿਆ ਸੀ- ਉਹ ਸੀ ਆਰਥਿਕ ਨੀਤੀ ਵਿੱਚ ਇੱਕ ਨਵੀਂ ਦਿਸ਼ਾ ਜੋ ਸ੍ਰੀਮਤੀ ਗਾਂਧੀ ਦੇ ਕੁਝ ਵਧੇਰੇ ਖੱਬੇ-ਪੱਖੀ ਪੜਾਅ ਨਾਲੋਂ ਹਟਵੀਂ ਸੀ। ਇਸ ਤੋਂ ਬਾਅਦ ਆਰਥਿਕ ਤੌਰ 'ਤੇ ਭਾਰਤ ਦੀ ਲੰਮੇ ਚਿਰ ਤੋਂ ਚੱਲੀ ਆ ਰਹੀ ਨੀਵੀਂ ਕਾਰਕਰਦਗੀ ਦਾ ਅੰਤ ਹੋਇਆ ਅਤੇ ਸਮਾਂ ਪਾ ਕੇ ਭਾਰਤ ਦੀ ਇੱਕ ਨਵੀਂ ਕਹਾਣੀ ਦਾ ਜਨਮ ਹੋਇਆ। 1970ਵਿਆਂ ਦੇ ਅੱਧ ਤੱਕ ਭਾਰਤ ਆਲਮੀ ਅਰਥਚਾਰੇ ਨਾਲੋਂ ਮੱਠੀ ਰਫ਼ਤਾਰ ਨਾਲ ਵਿਕਾਸ ਕਰ ਰਿਹਾ ਸੀ। 1970ਵਿਆਂ ਦੇ ਦੂਜੇ ਅੱਧ ਵਿੱਚ ਇਹ ਬਦਲਾਅ 15 ਸਾਲ ਦੇ ਅਰਸੇ ਤੋਂ ਬਾਅਦ ਆਇਆ ਸੀ ਜਿਸ ਦੌਰਾਨ ਜੰਗਾਂ, ਫ਼ਸਲੀ ਖਰਾਬੇ ਅਤੇ ਇੱਥੋਂ ਤੱਕ ਕਿ ਕਾਲ, ਰੁਪਏ ਦੀ ਕੀਮਤ ਵਿੱਚ ਤਰਾਸਦਿਕ ਗਿਰਾਵਟ ਅਤੇ ਤੇਲ ਦੀਆਂ ਕੀਮਤਾਂ ਦੇ ਦੋ ਵੱਡੇ ਝਟਕੇ ਦੇਖਣ ਨੂੰ ਮਿਲੇ ਸਨ। ਇਨ੍ਹਾਂ 'ਚੋਂ ਕਈ ਘਟਨਾਵਾਂ ਨੇ ਪ੍ਰਧਾਨ ਮੰਤਰੀ ਜਵਾਹਰਲਾਲ ਨਹਿਰੂ ਦੀ ਅਗਵਾਈ ਹੇਠਲੇ ਸ਼ੁਰੂਆਤੀ ਆਸ਼ਾਵਾਦ ਤੋਂ ਬਾਅਦ ਕੌਮੀ ਆਤਮ ਬਲ ਨੂੰ ਤੋੜਨ ਦਾ ਕੰਮ ਕੀਤਾ ਸੀ।

ਉਂਝ, ਜਦੋਂ ਇਕੇਰਾਂ ਅਰਥਚਾਰਾ ਸਥਿਰ ਹੋ ਗਿਆ ਤਾਂ ਅੱਧੀ ਸਦੀ ਤੱਕ ਇਸ ਵਿੱਚ ਸਾਵੀਂ ਅਤਿ ਕਾਰਗੁਜ਼ਾਰੀ ਦਾ ਦੌਰ ਚਲਦਾ ਆ ਰਿਹਾ ਹੈ। ਵਿਕਾਸ ਦਰ ਘੱਟ ਆਮਦਨ ਅਤੇ ਦਰਮਿਆਨੀ ਆਮਦਨ ਵਾਲੇ ਮੁਲਕਾਂ ਤੇ ਨਾਲ ਹੀ ਆਲਮੀ ਅਰਥਚਾਰੇ ਦੀ ਦਰ ਨਾਲੋਂ ਉੱਪਰ ਰਹੀ। ਨਤੀਜਤਨ ਅੱਜ ਦੇਸ਼ ਨੂੰ ਇੱਕ ਅਜਿਹਾ ਕੌਮਾਂਤਰੀ ਰੁਤਬਾ ਹਾਸਿਲ ਹੋ ਗਿਆ ਜੋ ਪਹਿਲਾਂ ਕਦੇ ਵੀ ਹਾਸਿਲ ਨਹੀਂ ਹੋ ਸਕਿਆ ਸੀ। ਫਿਰ ਵੀ ਸਮਾਜਿਕ-ਆਰਥਿਕ ਪੈਮਾਨਿਆਂ ਅਤੇ ਵਧਦੀ ਨਾਬਰਾਬਰੀ ਕਰ ਕੇ ਇਹ ਕੋਈ ਚਮਕਦਾਰ ਰਿਕਾਰਡ ਨਹੀਂ ਹੋ ਸਕਿਆ।

ਇਸ ਬਦਲਾਅ ਤੋਂ ਪਹਿਲਾਂ ਆਲਮੀ ਅਰਥਚਾਰੇ ਵਿੱਚ ਭਾਰਤ ਦੀ ਹਿੱਸੇਦਾਰੀ 1960 ਵਿੱਚ 2.7 ਫ਼ੀਸਦੀ ਤੋਂ 1975 ਵਿੱਚ 1.9 ਫ਼ੀਸਦੀ ਤੱਕ ਸੀ ਜੋ ਪਹਿਲਾਂ ਡਿੱਗੀ, ਫਿਰ ਸਥਿਰ ਹੋਈ ਅਤੇ ਅੰਤ ਨੂੰ ਸੁਧਰ ਗਈ। ਹਾਲਾਂਕਿ 2013 ਵਿੱਚ ਆਲਮੀ ਕੁੱਲ ਘਰੇਲੂ ਪੈਦਾਵਾਰ ਵਿੱਚ ਭਾਰਤ ਦੀ ਹਿੱਸੇਦਾਰੀ 1960 ਨਾਲੋਂ ਥੋੜ੍ਹੀ ਘੱਟ ਹੀ ਸੀ। ਹੁਣ 2024 ਵਿੱਚ ਇਹ 3.5 ਫ਼ੀਸਦੀ ਹੋ ਗਈ ਹੈ ਅਤੇ ਜਦੋਂ ਤੋਂ ਭਾਰਤੀ ਅਰਥਚਾਰੇ ਦੀ ਵਿਕਾਸ ਦਰ ਆਲਮੀ ਔਸਤ ਨਾਲੋਂ ਦੁੱਗਣੀ ਹੋਈ ਹੈ, ਭਾਰਤ ਆਲਮੀ ਵਿਕਾਸ ਦਰ ਵਿੱਚ ਸਭ ਤੋਂ ਵੱਧ ਯੋਗਦਾਨ ਦੇਣ ਵਾਲਾ ਤੀਜਾ ਸਭ ਤੋਂ ਵੱਡਾ ਮੁਲਕ ਬਣ ਗਿਆ ਹੈ। ਇਸੇ ਤਰ੍ਹਾਂ ਪ੍ਰਤੀ ਜੀਅ ਆਮਦਨ ਵਿੱਚ ਵੀ ਸੁਧਾਰ ਹੋਇਆ ਹੈ। 1960 ਵਿੱਚ ਇਸ ਦੀ ਪ੍ਰਤੀ ਜੀਅ ਆਮਦਨ ਆਲਮੀ ਔਸਤ ਦਾ 8.4 ਫ਼ੀਸਦੀ ਸੀ ਜੋ 1974 ਵਿੱਚ ਡਿੱਗ ਕੇ 6.4 ਫ਼ੀਸਦੀ ਰਹਿ ਗਈ ਸੀ। 2011 ਵਿੱਚ ਪ੍ਰਤੀ ਜੀਅ ਆਮਦਨ ਸੁਧਰ ਕੇ 13.5 ਫ਼ੀਸਦੀ ਹੋ ਗਈ ਸੀ



ਅਤੇ 2023 ਵਿੱਚ ਇਹ 18.1 ਫ਼ੀਸਦੀ ਹੋ ਗਈ ਸੀ। ਪਿਛਲੇ ਪੰਜ ਦਹਾਕਿਆਂ ਵਿੱਚ ਇਸ ਕਰੀਬ ਤਿੰਨ ਗੁਣਾ ਵਾਧਾ ਹੋਇਆ ਹੈ। ਫਿਰ ਵੀ ਬਹੁਤ ਸਾਰੇ ਮੁਲਕਾਂ ਵਿੱਚ ਲੋਕ ਸਾਡੇ ਨਾਲੋਂ ਬਿਹਤਰ ਜ਼ਿੰਦਗੀ ਬਸਰ ਕਰ ਰਹੇ ਹਨ। ਦਰਅਸਲ, ਅਫ਼ਰੀਕਾ ਅਤੇ ਸਾਡੇ ਦੱਖਣੀ ਏਸ਼ਿਆਈ ਆਂਢ-ਗੁਆਂਢ ਤੋਂ ਬਾਹਰ ਸ਼ਾਇਦ ਹੀ ਕੋਈ ਅਜਿਹਾ ਦੇਸ਼ ਹੋਵੇ ਜਿਸ ਦੀ ਪ੍ਰਤੀ ਜੀਅ ਆਮਦਨ ਭਾਰਤ ਨਾਲੋਂ ਘੱਟ ਹੈ। ਇਸ ਮਾਮਲੇ ਵਿੱਚ ਅਜੇ ਬਹੁਤ ਲੰਮਾ ਪੈਂਡਾ ਤੈਅ ਕਰਨਾ ਹੈ।

ਭਾਰਤ ਦੀ ਆਬਾਦੀ ਦੇ ਆਕਾਰ ਨੇ ਇਸ ਦੀ ਕਹਾਣੀ ਵਿੱਚ ਬਦਲਾਅ ਲਿਆਂਦਾ ਹੈ। ਪ੍ਰਤੀ ਜੀਅ ਆਮਦਨ ਬਹੁਤੀ ਨਹੀਂ ਹੈ ਪਰ ਜਦੋਂ ਇਸ ਨੂੰ 140 ਕਰੋੜ ਨਾਲ ਜ਼ਰਬ ਕੀਤਾ ਜਾਂਦਾ ਹੈ ਤਾਂ ਇਸ ਨਾਲ ਭਾਰਤੀ ਅਰਥਚਾਰਾ ਦੁਨੀਆ ਦਾ ਪੰਜਵਾਂ ਸਭ ਤੋਂ ਵੱਡਾ ਅਰਥਚਾਰਾ ਬਣ ਜਾਂਦਾ ਹੈ। ਭਾਰਤ ਪਹਿਲਾਂ ਹੀ ਮੋਬਾਈਲ ਫੋਨਾਂ ਅਤੇ ਮੋਟਰ ਸਾਈਕਲਾਂ/ਸਕੂਟਰਾਂ ਦੀ ਦੂਜੀ ਸਭ ਤੋਂ ਵੱਡੀ ਮੰਡੀ ਅਤੇ ਜਹਾਜ਼ਰਾਨੀ ਅਤੇ ਕਾਰਾਂ ਦੀ ਤੀਜੀ ਜਾਂ ਚੌਥੀ ਸਭ ਤੋਂ ਮੰਡੀ ਬਣ ਗਿਆ ਹੈ। ਇਨ੍ਹਾਂ ਉਤਪਾਦਾਂ ਅਤੇ ਸੇਵਾਵਾਂ ਦੀਆਂ ਮੰਡੀਆਂ ਵਿੱਚ ਵਿਕਾਸ ਨਾਲ ਮੱਧ ਵਰਗ ਦਾ ਫੈਲਾਅ ਹੁੰਦਾ ਰਿਹਾ ਹੈ। ਇਨ੍ਹਾਂ ਲਈ ਪੂਰਤੀ ਕਰਨ ਵਾਲੇ ਕਾਰੋਬਾਰਾਂ ਨੇ ਨਿਵੇਸ਼ਕਾਂ ਲਈ ਚੋਖੀ ਦੌਲਤ ਪੈਦਾ ਕੀਤੀ ਹੈ ਜਿਸ ਨਾਲ ਡਾਲਰ ਅਰਬਪਤੀਆਂ ਦੀ ਸੰਖਿਆ ਵਿੱਚ ਵਾਧਾ ਹੋ ਰਿਹਾ ਹੈ (ਇਸ ਵੇਲੇ 200 ਹੈ ਜੋ ਕਿ ਦੁਨੀਆ ਦੀ ਤੀਜਾ ਸਭ ਤੋਂ ਵੱਡਾ ਅੰਕੜਾ ਹੈ) ਜਦਕਿ ਮੰਡੀ ਪੂੰਜੀਕਰਨ ਦੇ ਲਿਹਾਜ਼ ਤੋਂ ਭਾਰਤੀ ਸਟਾਕ ਮਾਰਕਿਟ ਚੌਥੇ ਮੁਕਾਮ 'ਤੇ ਹੈ।

1970ਵਿਆਂ ਦੇ ਅੱਧ ਤੱਕ ਕਰੀਬ ਅੱਧੀ ਆਬਾਦੀ ਭੁੱਖ-ਨੰਗ ਵਾਲੀ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੀ ਸੀ। ਅੱਜ 10 ਫ਼ੀਸਦੀ ਤੋਂ ਵੀ ਘੱਟ ਆਬਾਦੀ ਸਰਕਾਰੀ ਤੌਰ 'ਤੇ ਗ਼ਰੀਬ ਗਿਣੀ ਜਾਂਦੀ ਹੈ। ਕੌਮਾਂਤਰੀ ਪੱਧਰ 'ਤੇ ਹੁਣ ਭਾਰਤ ਦਾ ਜ਼ਿਕਰ ਇੱਕ ਗ਼ਰੀਬ ਦੇਸ਼ ਨਾਲੋਂ ਇੱਕ ਉਭਰਦੀ ਹੋਈ ਸ਼ਕਤੀ ਦੇ ਤੌਰ 'ਤੇ ਜ਼ਿਆਦਾ ਕੀਤਾ ਜਾਂਦਾ ਹੈ। ਫਿਰ ਵੀ ਅਜੇ ਭਾਰਤ ਇਸ ਦੇ ਮਾਨਵੀ ਵਿਕਾਸ ਪੱਖੋਂ ਦਰਮਿਆਨੇ ਵਿਕਾਸ ਦੀ ਸ਼੍ਰੇਣੀ ਵਿੱਚ ਹੀ ਆ ਸਕਿਆ ਹੈ ਜਦੋਂਕਿ ਵੀਅਤਨਾਮ ਜਿਹੇ ਮੁਲਕਾਂ ਨੇ ਉੱਚ ਵਿਕਾਸ ਦਾ ਦਰਜਾ ਪਾ ਲਿਆ ਹੈ। ਅਗਲੇ ਇੱਕ ਦਹਾਕੇ ਜਾਂ ਇਸ ਤੋਂ ਵੀ ਵੱਧ ਅਰਸੇ ਤੱਕ ਭਾਰਤ ਦੇ ਉੱਚ ਵਿਕਾਸ ਦੇ ਦਰਜੇ ਤੱਕ ਪਹੁੰਚਣ ਦੇ ਆਸਾਰ ਘੱਟ ਹਨ ਹਾਲਾਂਕਿ ਇਸ ਤੋਂ ਵੀ ਪਾਰ ਵਿਕਸਤ ਦੇਸ਼ਾਂ ਦੀ ਇੱਕ ਬਹੁਤ ਹੀ ਉੱਚ ਵਿਕਾਸ ਦੀ ਸ਼੍ਰੇਣੀ ਹੈ, ਭਾਰਤ ਜਿਸ ਤੱਕ ਅੱਪੜਨ ਦੇ ਸੁਫਨੇ ਦੇਖ ਰਿਹਾ ਹੈ।

ਇੱਥੋਂ ਵੀ ਭਾਵੇਂ ਅੰਕੜਿਆਂ ਵਿੱਚ ਸੁਧਾਰ ਹੋ ਰਿਹਾ ਹੈ। ਸਕੂਲੀ ਸਿੱਖਿਆ ਦੇ ਔਸਤ ਸਾਲਾਂ ਵਿੱਚ ਸੁਧਾਰ ਆਇਆ ਹੈ ਜੋ 2010 ਵਿੱਚ 4.4 ਸਾਲ ਤੋਂ ਵਧ ਕੇ 6.57 ਹੋ ਗਿਆ ਹੈ। ਵਿਸ਼ਵ ਸਿਹਤ ਅਦਾਰੇ (ਡਬਲਯੂਐੱਚਓ) ਵੱਲੋਂ 1000 ਲੋਕਾਂ ਪਿੱਛੇ ਜਿੰਨੇ ਡਾਕਟਰ ਰੱਖਣ ਦਾ ਸੁਝਾਅ ਦਿੱਤਾ ਗਿਆ ਹੈ, ਭਾਰਤ ਵਿੱਚ ਉਸ ਨਾਲੋਂ ਜ਼ਿਆਦਾ ਹਨ ਅਤੇ ਜੀਵਨ ਸੰਭਾਵਨਾ ਦਰ 70 ਸਾਲ ਦੀ ਰੇਖਾ ਪਾਰ ਕਰ ਗਈ ਹੈ।

ਵੱਧ ਵੰਨ-ਸੁਵੰਨੀ ਤੇ ਪੌਸ਼ਟਿਕ ਖ਼ੁਰਾਕ 'ਚੋਂ ਉੱਚ ਆਮਦਨੀ ਝਲਕਦੀ ਹੈ। ਦੁੱਧ ਦੀ ਖ਼ਪਤ 10 ਗੁਣਾ ਵਧ ਗਈ ਹੈ। ਇਸੇ ਤਰ੍ਹਾਂ ਮੱਛੀ ਦੀ ਖ਼ਪਤ ਵੀ ਵਧੀ ਹੈ, ਜਦੋਂਕਿ ਆਂਡਿਆਂ ਦੀ ਖ਼ਪਤ ਵਿੱਚ ਵੀ 20 ਗੁਣਾ ਤੋਂ ਵੱਧ ਦਾ ਵਾਧਾ ਦਰਜ ਕੀਤਾ ਗਿਆ ਹੈ। ਇਸ ਤੋਂ ਇਲਾਵਾ ਬਾਗ਼ਬਾਨੀ ਵਿੱਚ ਵੀ ਵਾਧਾ ਹੋਇਆ ਹੈ—ਫ਼ਲ ਤੇ ਸਬਜ਼ੀਆਂ 'ਚ ਵੀ। ਇਸੇ ਦੌਰਾਨ ਆਮਦਨੀ ਦੇ ਹਿੱਸੇ ਵਜੋਂ ਪਰਿਵਾਰਕ ਬੱਚਤ 70 ਪ੍ਰਤੀਸ਼ਤ ਵਧ ਗਈ ਹੈ। ਇੱਥੋਂ ਤੱਕ ਕਿ ਪੂਰਨ ਰੂਪ 'ਚ ਔਸਤਨ ਆਮਦਨੀ ਵੀ ਛੇ ਗੁਣਾ ਵਧ ਚੁੱਕੀ ਹੈ।

ਸ਼ਾਇਦ ਇਨ੍ਹਾਂ 'ਚ ਸਭ ਤੋਂ ਵੱਧ ਮਹੱਤਵਪੂਰਨ ਮਾਨਸਿਕਤਾ 'ਚ ਬਦਲਾਅ ਹੈ। ਭਾਰਤ ਸੱਤਰ ਦੇ ਦਹਾਕੇ ਦੇ ਅੱਧ ਤੱਕ ਸਮਾਜਵਾਦੀ ਬਿਆਨਬਾਜ਼ੀ 'ਚ ਹੀ ਖੁੱਭਿਆ ਹੋਇਆ ਸੀ। ਕਈ ਉਦਯੋਗਾਂ ਦੇ ਵਿਆਪਕ ਕੌਮੀਕਰਨ ਤੋਂ ਇਲਾਵਾ ਹਰੇਕ ਚੀਜ਼ ਉੱਤੇ ਕੀਮਤ ਤੇ ਉਤਪਾਦਨ ਦੇ ਪੱਖ ਤੋਂ ਸਰਕਾਰ ਦਾ ਕੰਟਰੋਲ ਸੀ, ਪੇਪਰ ਤੋਂ ਲੈ ਕੇ ਸਟੀਲ ਤੱਕ ਤੇ ਖੰਡ ਤੋਂ ਲੈ ਕੇ ਸੀਮਿੰਟ ਤੱਕ, ਇੱਥੋਂ ਤੱਕ ਕਿ ਨਹਾਉਣ ਵਾਲੇ ਸਾਬਣ ਤੋਂ ਲੈ ਕੇ ਕਾਰਾਂ ਤੱਕ ਵੀ! ਇਸ ਦਾ ਲਾਜ਼ਮੀ ਸਿੱਟਾ ਸੀ ਕਿੱਲਤ ਤੇ ਕਾਲਾ ਬਾਜ਼ਾਰੀਆਂ। ਉਦਯੋਗਿਕ ਵਿਵਾਦਾਂ 'ਚ ਰਾਜ ਸਰਕਾਰਾਂ ਹਮੇਸ਼ਾ ਟਰੇਡ ਜਥੇਬੰਦੀਆਂ ਨਾਲ ਖੜ੍ਹਦੀਆਂ ਸਨ। ਪਰ ਚੀਜ਼ਾਂ ਬਦਲ ਗਈਆਂ ਹਨ। ਭਾਰਤ ਦੀ ਸਿਆਸਤ ਹੁਣ ਸਮਾਜਵਾਦ ਨਾਲੋਂ ਵੱਧ ਲੁਭਾਊ ਹੋ ਚੁੱਕੀ ਹੈ, ਕਮਿਊਨਿਸਟ ਪਾਰਟੀਆਂ ਦੀ ਹਾਲਤ ਖਰਾਬ ਹੈ ਤੇ ਉਹ ਆਈਸੀਯੂ 'ਚ ਹਨ ਤੇ ਸਰਕਾਰਾਂ ਕਾਰੋਬਾਰੀ ਸੌਖ ਲਈ ਕਿਰਤ ਕਾਨੂੰਨਾਂ ਨੂੰ ਬਦਲਣਾ ਚਾਹੁੰਦੀਆਂ ਹਨ। ਟੈਕਸ ਦਰਾਂ ਤਰਕਸੰਗਤ ਹੋ ਗਈਆਂ ਹਨ।

ਭਾਰਤੀ ਲੋਕ ਸ਼ੇਅਰ-ਬਾਜ਼ਾਰ ਦੇ ਸਰਗਰਮ ਪੂੰਜੀਪਤੀ ਬਣ ਚੁੱਕੇ ਹਨ। ਸੰਨ 1974 ਵਿੱਚ ਸ਼ੇਅਰਾਂ ਦਾ ਸਭ ਤੋਂ ਵੱਡਾ ਜਨਤਕ ਨਿਕਾਸ (ਆਈਪੀਓ) ਕੁੱਲ 12 ਕਰੋੜ ਰੁਪਏ ਦਾ ਸੀ (ਅੱਜ ਦੇ ਸਮੇਂ 'ਚ ਇਹ 350 ਕਰੋੜ ਰੁਪਏ ਬਣਦੇ)। ਇਸ ਦੇ ਮੁਕਾਬਲੇ, ਪਿਛਲੇ ਕੁਝ ਸਾਲਾਂ ਵਿੱਚ ਕਈ ਕੰਪਨੀਆਂ ਨੇ ਆਈਪੀਓ ਕੱਢੇ ਹਨ ਜੋ 15,000-21,000 ਕਰੋੜ ਰੁਪਏ ਦੇ ਹਨ (ਐਲਆਈਸੀ, ਅਡਾਨੀ, ਵੋਡਾਫੋਨ, ਆਦਿ)।

ਪਿੱਛੇ ਝਾਤ ਮਾਰੀਏ ਤਾਂ ਕਰੀਬ ਦਹਾਕਾ ਪਹਿਲਾਂ ਤੱਕ, ਮਿਊਚੁਅਲ ਫੰਡ ਕੰਪਨੀਆਂ ਬੈਂਕ ਜਮ੍ਹਾਂ ਖਾਤਿਆਂ ਦੇ ਅੱਠਵੇਂ ਹਿੱਸੇ ਤੋਂ ਕੁਝ ਘੱਟ-ਵੱਧ ਫੰਡ ਸੰਭਾਲ ਰਹੀਆਂ ਸਨ, ਇਹੀ 'ਸ਼ੇਅਰ' ਹੁਣ ਦੁੱਗਣਾ ਹੋ ਕੇ ਚੌਥੇ ਹਿੱਸੇ ਤੋਂ ਵਧ ਚੁੱਕਾ ਹੈ। ਅਗਲੇ ਪੰਜ ਸਾਲਾਂ 'ਚ ਭਾਰਤ ਨਿਰਪੇਖ ਗਿਣਤੀ 'ਚ ਆਪਣੀ ਜੀਡੀਪੀ 'ਚ ਹੋਰ ਵਾਧਾ ਕਰ ਸਕਦਾ ਹੈ, ਜੋ ਕਿ ਪਿਛਲੇ 10 ਸਾਲਾਂ 'ਚ ਕੀਤੀ ਤਰੱਕੀ ਨਾਲੋਂ ਵੀ ਵੱਧ ਹੋਵੇਗਾ।

ਫੇਰ ਵੀ ਭਾਰਤ 'ਚ ਹਰ ਕਹਾਣੀ ਸਾਹਮਣੇ ਇੱਕ ਹੋਰ ਕਹਾਣੀ ਹੈ। ਸੱਤ ਸਾਲ ਪਹਿਲਾਂ ਦੇ ਮੁਕਾਬਲੇ ਦੇਖਿਆ ਜਾਵੇ ਤਾਂ ਟਿਕਾਊ ਵਸਤਾਂ ਦੇ ਉਤਪਾਦਨ 'ਚ ਬਿਲਕੁਲ ਵੀ ਵਾਧਾ ਨਹੀਂ ਹੋਇਆ ਹੈ ਤੇ ਗ਼ੈਰ-ਟਿਕਾਊ ਵਸਤਾਂ ਲਈ ਵੀ ਇਹ ਸਾਲਾਨਾ ਔਸਤ ਦੇ ਮਹਿਜ਼ 2.8 ਪ੍ਰਤੀਸ਼ਤ ਨਾਲ ਹੀ ਵਧਿਆ ਹੈ। ਸਪੱਸ਼ਟ ਹੈ ਕਿ ਉਪਭੋਗਤਾ ਵਿੱਤੀ ਤੌਰ 'ਤੇ ਦਬਾਅ ਹੇਠ ਹਨ, ਖ਼ਾਸ ਤੌਰ 'ਤੇ ਉਹ ਜੋ ਆਮਦਨ ਦੀ ਪੌੜੀ ਦੇ ਹੇਠਲੇ ਡੰਡੇ ਉੱਤੇ ਹਨ—ਸ਼ਾਇਦ ਇਸ ਦਾ ਕਾਰਨ ਚੰਗੀ ਤਨਖ਼ਾਹ 'ਤੇ ਢੁੱਕਵੇਂ ਕੰਮਕਾਜ ਦੀ ਘਾਟ ਹੈ। ਜਦ ਇਹ ਬਦਲੇਗਾ ਉਦੋਂ ਹੀ ਅਰਥਚਾਰਾ ਸੱਤ ਪ੍ਰਤੀਸ਼ਤ ਤੋਂ ਵੱਧ ਦੀ ਦਰ ਉੱਤੇ ਦੌੜੇਗਾ, ਜਿਸ ਨੂੰ ਕਿਸੇ ਸਮੇਂ ਤੇਜ਼ ਰਫ਼ਤਾਰ ਅਰਥਚਾਰੇ ਦੀ ਅਸਲ ਨਿਸ਼ਾਨੀ ਸਮਝਿਆ ਜਾਂਦਾ ਸੀ।

# ਬੇਬੇ ਕੋਲ ਬਿਤਾਈਆਂ ਛੁੱਟੀਆਂ

ਹਰਜੋਤ ਸਿੰਘ ਸਿੱਧੂ

ਸਾਡੇ ਬਚਪਨ ਦੇ ਸਮੇਂ ਦੌਰਾਨ ਗਰਮੀਆਂ ਦੀਆਂ ਛੁੱਟੀਆਂ ਸਭ ਤੋਂ ਵੱਧ ਉਡੀਕੇ ਜਾਣ ਅਤੇ ਖ਼ੁਸ਼ੀਆਂ ਵਾਲੇ ਦਿਨ ਹੁੰਦੇ ਸਨ। ਸਕੂਲ ਦੇ ਦਿਨਾਂ ਦੌਰਾਨ ਜਦੋਂ ਇਹ ਛੁੱਟੀਆਂ ਹੁੰਦੀਆਂ ਸਨ ਤਾਂ ਸਭ ਤੋਂ ਪਹਿਲਾਂ ਜਿਸ ਥਾਂ 'ਤੇ ਮੈਂ ਲੰਬਾ ਸਮਾਂ ਰਹਿਣ ਲਈ ਜਾਂਦਾ, ਉਹ ਮੇਰਾ ਨਾਨਕਾ ਪਿੰਡ ਸੀ। ਉਦੋਂ ਬੱਸ ਦੇ ਸਫ਼ਰ ਦਾ ਨਜ਼ਾਰਾ ਹੀ ਵੱਖਰਾ ਹੁੰਦਾ ਸੀ। ਸੰਗਤ 'ਕੈਂਚੀਆਂ' (ਉਹ ਜਗ੍ਹਾ ਜਿੱਥੇ ਚਾਰੇ ਸੜਕਾਂ ਇੱਕ ਦੂਜੇ ਨੂੰ ਕੱਟਦੀਆਂ ਹੋਣ) ਤੋਂ ਮੈਂ ਲੋਕਲ ਬੱਸ ਵਿੱਚ ਚੜ੍ਹਦਾ ਸੀ ਜੋ ਅੱਗੇ ਮੈਨੂੰ ਮੁੱਖ ਸੜਕ 'ਤੇ ਉੱਥੇ ਉਤਾਰ ਦਿੰਦੀ ਜਿੱਥੇ ਮੇਰਾ ਨਾਨਕਾ ਪਿੰਡ ਸੀ। ਸੰਗਤ ਤੋਂ ਜੋਧਪੁਰ ਰੋਮਾਣਾ ਤੱਕ ਬੱਸ ਦੀ ਟਿਕਟ ਉਸ ਸਮੇਂ ਚਾਰ ਰੁਪਏ ਸੀ। ਮੈਨੂੰ ਲੈਣ ਵਾਸਤੇ ਮੇਰੀ ਨਾਨੀ ਜੀ ਜਿਨ੍ਹਾਂ ਨੂੰ ਸਾਰਾ ਪਿੰਡ ਅਤੇ ਸਾਰੇ ਰਿਸ਼ਤੇਦਾਰ ਪਿਆਰ ਨਾਲ 'ਬੀਬੀ' ਕਹਿ ਕੇ ਬੁਲਾਉਂਦੇ ਸਨ, ਬੱਸ ਦੇ ਆਉਣ ਤੋਂ ਪਹਿਲਾਂ ਹੀ ਮੁੱਖ ਸੜਕ 'ਤੇ ਪਹੁੰਚ ਜਾਂਦੇ ਸਨ ਜਿੱਥੇ ਬੱਸ ਰੁਕਦੀ ਸੀ। ਬੀਬੀ ਦੇ ਮਿੱਠੇ ਅਤੇ ਪਿਆਰ ਭਰੇ ਬੋਲ ਹੁਣ ਵੀ ਮੇਰੇ ਕੰਨਾਂ ਵਿੱਚ ਗੂੰਜਦੇ ਹਨ, ''ਮਾਂ ਸਦਕੇ ਮੇਰਾ ਦੋਹਤਾ ਆਇਆ, ਮੇਰਾ ਜਿਓਣ ਜੋਗਾ, ਲੈ ਮਿੱਠਿਆ ਤੁਸੀ ਤਾਂ ਮਸਾਂ ਆਉਣੇ ਓਂ, ਮੇਰਾ ਸੋਹਣਾ ਪੁੱਤ'' ਅਤੇ ਹੋਰ ਬਹੁਤ ਕੁਝ।

ਗਰਮੀਆਂ ਦੀਆਂ ਛੁੱਟੀਆਂ ਦੀਆਂ ਦੁਪਹਿਰਾਂ ਵਿੱਚ ਭੋਂਪੂ ਦੀ ਇੱਕ ਅਜਿਹੀ ਆਵਾਜ਼ ਗੂੰਜਣੀ ਜੋ ਸਾਨੂੰ ਗੇਟ ਤੱਕ ਪਹੁੰਚਣ ਲਈ ਮਜਬੂਰ ਕਰ ਦਿੰਦੀ ਸੀ। ਇਹ ਆਵਾਜ਼ ਦੱਸਦੀ ਸੀ ਕਿ ਪਿੰਡ ਵਿੱਚ ਕੁਲਫ਼ੀ ਵਾਲੀ ਰੇਹੜੀ ਆ ਗਈ ਹੈ। ਉਸ ਵਕਤ ਸਭ ਤੋਂ ਵੱਧ ਮਹਿੰਗੀ ਪੰਜ ਰੁਪਏ ਵਾਲੀ ਚੋਕੋ ਬਾਰ ਕੁਲਫ਼ੀ ਸੀ। ਸਭ ਤੋਂ ਸਸਤੀ ਸੰਤਰੇ ਵਾਲੀ ਕੁਲਫ਼ੀ ਇੱਕ ਰੁਪਏ ਦੀ ਅਤੇ ਦੁੱਧ ਵਾਲੀ ਦੋ ਰੁਪਏ ਦੀ ਹੁੰਦੀ ਸੀ ਜੋ ਕਿ ਕਾਗਜ਼ ਵਿੱਚ ਲਪੇਟੀ ਹੁੰਦੀ ਸੀ। ਉਸ ਸਮੇਂ ਇੱਕ ਚੋਕੋ ਬਾਰ ਖਰੀਦਣਾ ਜਾਂ ਖਾਣਾ ਬਹੁਤ ਦੂਰ ਦੀ ਗੱਲ ਸੀ, ਇਸ ਲਈ ਅਸੀਂ 'ਸੰਤਰੇ ਵਾਲੀ ਕੁਲਫ਼ੀ' ਨਾਲ ਖ਼ੁਸ਼ ਹੋ ਜਾਂਦੇ ਸੀ। ਮੈਂ ਆਪਣੇ ਭੈਣ ਭਰਾਵਾਂ ਨਾਲ ਕਣਕ ਦੀ ਬਾਲਟੀ ਭਰ ਲੈਣੀ ਕਦੇ ਬੀਬੀ ਦੀ ਇਜਾਜ਼ਤ ਨਾਲ ਅਤੇ ਕਦੇ-ਕਦਾਈਂ ਉਸ ਨੂੰ ਬਿਨਾਂ ਦੱਸੇ, ਦੁੱਧ ਵਾਲੀ ਜਾਂ ਸੰਤਰੇ



ਵਾਲੀ ਕੁਲਫ਼ੀ ਖਰੀਦਣ ਲਈ। ਕਦੇ ਕਦੇ ਅਸੀਂ ਬੀਬੀ ਤੋਂ ਪੈਸੇ ਮੰਗਦੇ ਜੋ ਉਹ ਆਪਣੇ ਦੁਪੱਟੇ ਦੇ ਕੋਨੇ 'ਚ ਮਾਰੀਆਂ ਗੰਢਾਂ ਹੌਲੀ ਹੌਲੀ ਖੋਲ੍ਹਦਿਆਂ ਕੱਢਦੀ। ਫੇਰ ਅਸੀਂ ਪਿੰਡ ਦੀ ਦੁਕਾਨ 'ਤੇ ਗੋਲੀ ਵਾਲਾ ਬੱਤਾ, ਇਮਲੀ ਦੇ ਪੈਕੇਟ ਜਾਂ ਗੁਰੂ-ਚੇਲਾ ਨਾਮ ਦੇ ਚਟਪਟੀਆਂ ਗੋਲੀਆਂ ਦੇ ਛੋਟੇ ਪੈਕੇਟ ਖਰੀਦਣ ਲਈ ਜਾਂਦੇ ਸਾਂ।

ਸ਼ਾਮ ਨੂੰ ਬੀਬੀ ਸਾਨੂੰ ਮੱਝਾਂ ਛੱਪੜ ਵਿੱਚ ਲਿਜਾਣ ਦਾ ਹੁਕਮ ਦਿੰਦੀ। ਉਹ ਮਨਮੋਹਕ ਪਲ ਮੈਨੂੰ ਅੱਜ ਵੀ ਯਾਦ ਹਨ ਤੇ ਦਿਲ ਨੂੰ ਸੰਤੁਸ਼ਟੀ ਦਿੰਦੇ ਹਨ। ਨਹਾਉਣ ਤੋਂ ਬਾਅਦ ਇੱਕ ਮੱਝ ਹਮੇਸ਼ਾ ਛੱਪੜ 'ਚੋਂ ਬਾਹਰ ਨਹੀਂ ਆਉਂਦੀ ਸੀ। ਉਹ ਸਾਨੂੰ ਬਹੁਤ ਕਲਪਾਉਂਦੀ। ਛੱਪੜ ਵਿੱਚੋਂ ਬਾਹਰ ਕੱਢਣ ਲਈ ਉਸ ਉੱਤੇ ਢੀਮਾਂ ਮਾਰਦੇ ਪਰ ਉਹ ਛੇਤੀ ਕੀਤੇ ਨਾ ਮੰਨਦੀ। ਫੇਰ ਆਖ਼ਰ ਉਹ ਬਾਹਰ ਨਿਕਲਦੀ ਤੇ ਭੱਜ ਕੇ ਘਰ ਵੱਲ ਚਲੀ ਜਾਂਦੀ। ਸਾਨੂੰ ਇਓਂ ਲੱਗਦਾ ਜਿਵੇਂ ਅਸੀਂ ਕੋਈ ਜੰਗ ਜਿੱਤ ਲਈ ਹੋਵੇ।

ਮੈਂ ਬਚਪਨ ਦੀਆਂ ਇਨ੍ਹਾਂ ਗੱਲਾਂ ਨੂੰ ਬਹੁਤ ਯਾਦ ਕਰਦਾ ਹਾਂ। ਸਵੇਰੇ ਵੇਲੇ ਬੀਬੀ ਨੇ ਕੂੰਡੇ 'ਚ ਘੋਟਣੇ ਨਾਲ ਲਾਲ ਮਿਰਚਾਂ ਵਾਲੀ ਚਟਣੀ ਰਗੜਨੀ, ਜੋ ਕਿ ਦਾਲ ਸਬਜ਼ੀ ਨਾਲ ਖੇਤ ਵਾਲੀ ਰੋਟੀ ਨਾਲ ਭੇਜਣੀ ਹੁੰਦੀ ਸੀ। ਫੇਰ ਅਸੀਂ ਚੁੱਲ੍ਹੇ ਦੇ ਆਲੇ-ਦੁਆਲੇ ਬੈਠ ਕੇ ਆਪਣੀ ਪਸੰਦ ਅਨੁਸਾਰ ਤਿੰਨ ਕੋਨਿਆਂ ਵਾਲੇ ਪਰੌਂਠੇ (ਜਿਨ੍ਹਾਂ ਨੂੰ ਅਸੀਂ ਲੜਾਕੂ ਜਹਾਜ਼ ਕਹਿੰਦੇ ਸਾਂ, ਫ਼ੌਜੀ ਜਹਾਜ਼ ਵਰਗਾ) ਚਟਣੀ, ਲੱਸੀ ਅੱਤੇ ਮੱਖਣ ਨਾਲ ਛਕਦੇ ਜੋ ਮੇਰੀ ਪਿਆਰੀ ਬੀਬੀ ਆਪਣੇ ਥਪਣੇ 'ਤੇ ਥੱਪ ਕੇ ਬਣਾਉਂਦੀ ਸੀ। ਉਨ੍ਹਾਂ ਪਰੌਂਠਿਆਂ ਦਾ ਆਨੰਦ ਵੱਖਰਾ ਹੀ ਸੀ।

ਸਾਡਾ ਪਿੰਡ ਲਗਪਗ ਟਿੱਬਿਆਂ ਵਾਲੇ ਖੇਤਰ ਵਿੱਚ ਸੀ। ਬਚਪਨ ਦੇ ਦਿਨਾਂ ਵਿੱਚ ਮੀਂਹ ਦੀ ਬਹੁਤ ਉਡੀਕ ਹੁੰਦੀ ਸੀ। ਜਿਸ ਦਿਨ ਮੀਂਹ ਪੈਂਦਾ, ਮੈਂ ਭੈਣ ਭਰਾਵਾਂ ਨਾਲ ਮੀਂਹ ਵਿੱਚ ਨਹਾਉਣ ਲੱਗ ਜਾਣਾ। ਉਸੇ ਦਿਨ ਬੀਬੀ ਨੇ ਖੀਰ ਦੇ ਨਾਲ ਪੂੜੇ ਤਿਆਰ ਕਰਨੇ ਜੋ ਅਸੀਂ ਸਾਰੇ ਮੰਜਿਆਂ 'ਤੇ ਬੈਠ ਕੇ ਸੁਆਦ ਨਾਲ ਖਾਂਦੇ।

ਉਦੋਂ ਜੇ ਕੋਈ ਸਵੇਰ ਵੇਲੇ ਘਰ ਆਉਂਦਾ ਤਾਂ ਬੀਬੀ ਨੇ ਲੱਸੀ ਪਿਆਉਣੀ। ਜੇ ਕੋਈ ਆਥਣੇ ਆਉਂਦਾ ਤਾਂ ਉਹ 'ਕਾੜ੍ਹਨੀ' ਤੋਂ ਦੁੱਧ ਦਾ ਗਿਲਾਸ ਪਿਆਉਂਦੀ, ਜਾਂ ਘਰ ਦੀਆਂ ਬਣੀਆਂ ਪਿੰਨੀਆਂ ਤੇ ਪੰਜੀਰੀ ਤੋਂ ਬਿਨਾਂ ਕਿਸੇ ਨੂੰ ਵਾਪਸ ਨਹੀਂ ਜਾਣ ਦਿੰਦੀ ਸੀ। ਸਾਡੀ ਬੀਬੀ ਬਹੁਤ ਮਿਲਣਸਾਰ ਸੀ। ਮਹਿਮਾਨ ਦੀ ਆਓ ਭਗਤ ਕਰਨਾ ਅਤੇ ਘਰ ਦਾ ਕੰਮ ਹੀ ਉਸ ਲਈ ਨਿੱਤਨੇਮ ਸੀ। ਉਹ ਹਰੇਕ ਦੇ ਦੁੱਖ-ਸੁੱਖ ਵਿੱਚ ਸ਼ਰੀਕ ਹੁੰਦੀ।

ਬਚਪਨ ਤੇ ਚਾਅ ਭਾਵੇਂ ਕਹਿਣ ਨੂੰ ਦੋ ਸ਼ਬਦ ਨੇ ਪਰ ਬਚਪਨ ਵਿੱਚ ਹਰ ਗੱਲ ਦਾ ਚਾਅ ਹੁੰਦਾ ਸੀ ਅਤੇ ਚਾਅ ਨਾਲ ਹੀ ਬਚਪਨ ਸੀ। ਹੁਣ ਦਾ ਇਹ ਮੋਬਾਈਲ ਯੁੱਗ ਬੱਚਿਆਂ ਤੋਂ ਬਚਪਨ ਖੋਹ ਰਿਹਾ ਹੈ ਅਤੇ ਉਨ੍ਹਾਂ ਦੇ ਹਿੱਸੇ ਸਾਡੇ ਵਾਲੇ ਚਾਅ ਨਹੀਂ ਆਏ। ਗੱਲ ਵੇਲੇ ਵੇਲੇ ਦੀ ਹੁੰਦੀ ਹੈ ਪਰ ਉਸ ਵੇਲੇ ਬੀਬੀ ਕੋਲ ਬਿਤਾਈਆਂ ਗਰਮੀਆਂ ਦੀਆਂ ਛੁੱਟੀਆਂ ਦੀ ਯਾਦ ਹੁਣ ਵੀ ਦਿਲ ਨੂੰ ਠੰਢ ਪਾਉਂਦੀ ਹੈ।

# ਅਮਰੀਕਾ, ਕੈਨੇਡਾ ਸਮੇਤ ਕਈ ਮੁਲਕਾਂ ਨੇ ਬਦਲੇ ਸਟੱਡੀ ਵੀਜ਼ੇ ਦੇ ਨਿਯਮ

ਜਿੱਥੇ ਇੱਕ ਪਾਸੇ ਪੜ੍ਹਾਈ ਲਈ ਵਿਦੇਸ਼ ਜਾਣ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਲਗਾਤਾਰ ਇਜ਼ਾਫਾ ਹੋ ਰਿਹਾ ਹੈ, ਉੱਥੇ ਹੀ ਦੂਜੇ ਪਾਸੇ ਕਈ ਦੇਸ਼ਾਂ ਦੀਆਂ ਸਰਕਾਰਾਂ ਵਿਦਿਆਰਥੀਆਂ ਲਈ ਵੀਜ਼ਾ ਨਿਯਮਾਂ ਨੂੰ ਸਖ਼ਤ ਕਰ ਰਹੀਆਂ ਹਨ। ਉਹ ਕਿਹੜੇ ਦੇਸ਼ ਹਨ ਜਿੱਥੇ ਜਾਣ ਲਈ ਭਾਰਤੀ ਵਿਦਿਆਰਥੀ ਜ਼ਿਆਦਾ ਇੱਛੁਕ ਹਨ, ਵਿਦੇਸ਼ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਲਗਾਤਾਰ ਕਿਵੇਂ ਵੱਧਦੀ ਜਾ ਰਹੀ ਹੈ ਅਤੇ ਵੱਖ-ਵੱਖ ਦੇਸ਼ ਵਿਦਿਆਰਥੀਆਂ ਨੂੰ ਲੈ ਕੇ ਆਪਣੇ ਨਿਯਮ ਸਖ਼ਤ ਕਿਉਂ ਕਰ ਰਹੇ ਹਨ। ਇਸ ਦਾ ਅਸਰ ਤੁਹਾਡੇ ’ਤੇ ਕੀ ਹੋਵੇਗਾ, ਇਨ੍ਹਾਂ ਸਭ ਸਵਾਲਾਂ ਦੇ ਜਵਾਬ ਇਸ ਰਿਪੋਰਟ ਵਿੱਚ ਜਾਣਾਂਗੇ।

**ਸਭ ਤੋਂ ਵੱਧ ਕਿੱਥੇ ਜਾਂਦੇ ਹਨ ਭਾਰਤੀ ਵਿਦਿਆਰਥੀ**

ਸਭ ਤੋਂ ਪਹਿਲਾਂ ਇਹ ਜਾਣਦੇ ਹਾਂ ਕਿ ਭਾਰਤੀ ਵਿਦਿਆਰਥੀ ਸਭ ਤੋਂ ਜ਼ਿਆਦਾ ਕਿਹੜੇ ਮੁਲਕਾਂ ਵਿੱਚ ਜਾਣ ਨੂੰ ਤਰਜ਼ੀਹ ਦਿੰਦੇ ਹਨ। ਵਿਦੇਸ਼ ਮੰਤਰਾਲੇ ਵੱਲੋਂ ਰਾਜ ਸਭਾ ਵਿੱਚ ਜਾਰੀ ਕੀਤੇ ਗਏ ਅੰਕੜਿਆਂ ਮੁਤਾਬਕ, ਸਾਲ 2024 ਵਿੱਚ 13,35,878 ਭਾਰਤੀ ਵਿਦਿਆਰਥੀ ਵੱਖ-ਵੱਖ ਦੇਸ਼ਾਂ ਵਿੱਚ ਪੜ੍ਹਣ ਲਈ ਗਏ ਹਨ। ਸਭ ਤੋਂ ਜ਼ਿਆਦਾ ਭਾਰਤੀ ਕੈਨੇਡਾ ਵਿੱਚ ਪੜ੍ਹਣ ਗਏ ਹਨ ਜਿਸ ਦੀ ਗਿਣਤੀ 4,27,000 ਹੈ। ਦੂਜੇ ਨੰਬਰ ’ਤੇ ਆਉਂਦਾ ਹੈ ਅਮਰੀਕਾ ਜਿੱਥੇ ਇਸ ਸਾਲ 3,37,630 ਵਿਦਿਆਰਥੀ ਉਚੇਰੀ ਸਿੱਖਿਆ ਲਈ ਗਏ ਹਨ। ਤੀਜੇ ਨੰਬਰ ’ਤੇ ਆਉਂਦਾ ਹੈ ਯੂਕੇ, ਜਿੱਥੇ 1,85,000 ਵਿਦਿਆਰਥੀ ਪੜ੍ਹਣ ਲਈ ਗਏ ਹਨ। ਚੌਥੇ ਨੰਬਰ ’ਤੇ 1,22,202 ਵਿਦਿਆਰਥੀਆਂ ਨਾਲ ਆਸਟ੍ਰੇਲੀਆ ਹੈ ਅਤੇ ਪੰਜਵੇ ਨੰਬਰ ’ਤੇ ਜਰਮਨੀ ਹੈ ਜਿੱਥੇ 42,997 ਵਿਦਿਆਰਥੀ ਗਏ ਸਨ। ਰਾਜ ਸਭਾ ਵਿੱਚ ਜਾਰੀ ਕੀਤੇ ਗਏ ਇਨ੍ਹਾਂ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਸਾਲ 2019 ਵਿੱਚ 6,75,541 ਵਿਦਿਆਰਥੀ ਵਿਦੇਸ਼ਾਂ ਵਿੱਚ ਪੜ੍ਹਣ ਲਈ ਗਏ ਸਨ ਜਦੋਂ ਕਿ 2024 ਵਿੱਚ 13,35,878 ਵਿਦਿਆਰਥੀ ਹੋਰ ਦੇਸ਼ਾਂ ਪੜ੍ਹਾਈ ਲਈ ਗਏ ਹੈ। ਯਾਨੀ ਤਕਰੀਬਨ ਦੁੱਗਣਾ ਵਾਧਾ ਹੋਇਆ ਹੈ। ਹਾਲਾਂਕਿ ਮੰਤਰਾਲੇ ਕੋਲ ਸੂਬੇ ਦੇ ਆਧਾਰ 'ਤੇ ਕੋਈ ਡਾਟਾ ਨਹੀਂ ਹੈ ਕਿ ਕਿਸ ਸੂਬੇ ਤੋਂ ਕਿੰਨੇ ਨੌਜਵਾਨ ਪੜ੍ਹਾਈ ਲਈ ਬਾਹਰੇ ਮੁਲਕਾਂ ਵਿੱਚ ਗਏ ਹਨ।

**ਕਿਹੜੇ ਮੁਲਕਾਂ ਨੇ ਬਦਲੀ ਆਪਣੀ ਸਟੂਡੈਂਟ ਵੀਜ਼ਾ ਸੰਬੰਧੀ ਨੀਤੀ**

**ਕੈਨੇਡਾ –** ਭਾਰਤ ਵਿੱਚੋਂ ਸਭ ਤੋਂ ਜ਼ਿਆਦਾ ਵਿਦਿਆਰਥੀ ਪੜ੍ਹਣ ਲਈ ਕੈਨੇਡਾ ਜਾਂਦੇ ਹਨ। ਪਰ ਹੁਣ ਕੈਨੇਡਾ ਸਰਕਾਰ ਵਿਦਿਆਰਥੀਆਂ ਨੂੰ ਲੈ ਕੇ ਵੀ ਸਖ਼ਤ ਨਜ਼ਰ ਆ ਰਹੀ ਹੈ। ਕੈਨੇਡਾ ਵਿੱਚ ਪੜ੍ਹਾਈ ਤੋਂ ਬਾਅਦ ਕੌਮਾਂਤਰੀ ਵਿਦਿਆਰਥੀਆਂ ਨੂੰ ਤਿੰਨ ਸਾਲ ਦਾ ਵਰਕ ਪਰਮਿਟ ਮਿਲਦਾ ਹੈ, ਇਸ ਦੌਰਾਨ ਵਿਦਿਆਰਥੀ ਪੀਐੱਨਪੀ ਜਾਂ ਫ਼ਿਰ ਫੈਡਰਲ ਸਕੀਮ ਤਹਿਤ ਪੀਆਰ (ਸਥਾਈ ਨਾਗਰਿਕਤਾ) ਲਈ ਅਪਲਾਈ ਕਰ ਦਿੰਦੇ ਸਨ। ਪਰ ਹੁਣ ਕੈਨੇਡਾ ਨੇ ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ ਦੀ ਮਿਆਦ ਵਿੱਚ ਇਜ਼ਾਫਾ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਇਸੇ ਕਾਰਨ ਉੱਥੇ ਬਹੁਤ ਸਾਰੇ ਕੌਮਾਂਤਰੀ ਵਿਦਿਆਰਥੀਆਂ ਉੱਤੇ ਨੂੰ ਉਨ੍ਹਾਂ ਦੇ ਮੁਲਕਾਂ ਵਿੱਚ ਵਾਪਸ ਭੇਜੇ ਜਾਣ ਦੀ ਤਲਵਾਰ ਲਟਕ ਰਹੀ ਹੈ। ਇਸੇ ਤਰ੍ਹਾਂ, ਕੋਰੋਨਾ ਦੌਰਾਨ ਲੇਬਰ ਮਾਰਕੀਟ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਕੈਨੇਡਾ ਨੇ ਆਰਜ਼ੀ ਤੌਰ ਉੱਤੇ ਵਰਕ ਪਰਮਿਟ ਵਿੱਚ 18 ਮਹੀਨੇ ਦਾ ਵਾਧਾ ਕਰਨ ਦੀ ਨੀਤੀ ਲਾਗੂ ਕੀਤੀ ਸੀ। ਪਰ ਹੁਣ ਪਿਛਲੇ ਸਮੇਂ ਦੌਰਾਨ ਕੈਨੇਡਾ ਸਰਕਾਰ ਨੇ ਇਸ ਨਿਯਮ ਵਿੱਚ ਬਦਲਾਅ ਕਰ ਦਿੱਤੇ ਹਨ। ਇਸੇ ਦੇ ਨਾਲ ਹੀ, ਜੀਆਈਸੀ 10,000 ਡਾਲਰ ਤੋਂ ਵਧਾ ਕੇ 20,635 ਡਾਲਰ ਕਰ ਦਿੱਤੀ ਗਈ ਹੈ। ਸਟੱਡੀ ਵੀਜ਼ੇ ਉੱਤੇ ਕੈਨੇਡਾ ਜਾਣ ਵਾਲੇ ਵਿਦਿਆਰਥੀਆਂ ਤੋਂ ਉੱਥੇ ਰਹਿਣ ਲਈ ਜੋ ਲਾਗਤ ਲਈ ਜਾਂਦੀ ਹੈ, ਉਸ ਨੂੰ ਜੀਆਈਸੀ ਕਿਹਾ ਜਾਂਦਾ ਹੈ। ਜੀਆਈਸੀ ਸਬੰਧੀ ਨਵੇਂ ਨਿਯਮ 1 ਜਨਵਰੀ 2024 ਤੋਂ ਲਾਗੂ ਹੋ ਗਏ ਹਨ।

ਇਸੇ ਤਰ੍ਹਾਂ, ਹੁਣ ਕੈਨੇਡਾ ਸਿਰਫ਼ ਉਨ੍ਹਾਂ ਕੌਮਾਂਤਰੀ ਵਿਦਿਆਰਥੀਆਂ ਦੇ ਪਤੀ ਜਾਂ ਪਤਨੀ ਨੂੰ ਹੀ ਵੀਜ਼ਾ ਦੇਵੇਗਾ ਜਿਹੜੇ ਉੱਥੇ ਮਾਸਟਰਜ਼ ਜਾਂ ਡਾਕਟਰੇਟ ਪੱਧਰ ਦੀ ਪੜ੍ਹਾਈ ਕਰਨ ਜਾ ਰਹੇ ਹਨ। ਹੇਠਲੇ ਪੱਧਰ ਦੇ ਕੋਰਸ ਕਰ ਰਹੇ ਵਿਦਿਆਰਥੀ ਸਪਾਊਸ ਵੀਜ਼ੇ ਉੱਪਰ ਆਪਣੇ ਪਤੀ ਜਾਂ ਪਤਨੀ ਨੂੰ ਕੈਨੇਡਾ ਨਹੀਂ ਬੁਲਾ ਸਕਣਗੇ। ਜਦਕਿ ਪਹਿਲਾਂ ਡਿਪਲੋਮਾ ਕੋਰਸ ਕਰਨ ਵਾਲੇ ਕੌਮਾਂਤਰੀ ਵਿਦਿਆਰਥੀ ਵੀ ਆਪਣੇ ਪਤੀ- ਪਤਨੀ ਨੂੰ ਆਪਣੇ ਕੋਲ ਬੁਲਾ ਸਕਦੇ ਸਨ।



**ਅਮਰੀਕਾ-** ਯੂਐੱਸ ਜਾਣ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ। ਓਪਨ ਡੋਰਜ਼ ਰਿਪੋਰਟ (ਓਡੀਆਰ) ਦੇ ਮੁਤਾਬਕ, ਯੂਐੱਸ ਜਾਣ ਲਈ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਕਰੀਬ 35 ਫ਼ੀਸਦ ਦਾ ਵਾਧਾ ਹੋਇਆ ਹੈ। ਅਮਰੀਕਾ ਵਿੱਚ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਚੀਨ ਦੇ ਵਿਦਿਆਰਥੀਆਂ ਤੋਂ ਵੀ ਵੱਧ ਗਈ ਹੈ। ਮਾਹਰਾਂ ਦਾ ਮਨਣਾ ਹੈ ਕਿ ਅਮਰੀਕਾ ਦੀ ਸਰਕਾਰ ਬਾਕੀ ਮੁਲਕਾਂ ਦੀ ਤੁਲਨਾ ਵਿੱਚ ਵਿਦਿਆਰਥੀਆਂ ਨਾਲ ਘੱਟ ਸਖ਼ਤ ਹੈ। ਯੂਐੱਸ ਵੀਜ਼ਾ ਦਾ ਸਕਸੈਸ ਰੇਟ ਵਿੱਚ ਵੀ 15-20 ਫ਼ੀਸਦ ਦਾ ਵਾਧਾ ਹੋਇਆ ਹੈ।

**ਯੂਕੇ-** ਯੂਕੇ ਦੀ ਸਟਾਰਮਰ ਸਰਕਾਰ ਵੀ ਆਪਣੀ ਵੀਜ਼ਾ ਨੀਤੀਆਂ ਨੂੰ ਲੈ ਕੇ ਕਾਫੀ ਸਖ਼ਤ ਹੋ ਰਹੀ ਹੈ ਅਤੇ ਆਪਣੀ ਨੈੱਟ ਮਾਈਗ੍ਰੇਸ਼ਨ ਨੂੰ ਹੇਠਾਂ ਲਿਆਉਣ ਦੀ ਕੋਸ਼ਿਸ਼ ਕਰ ਰਹੀ ਹੈ। ਨਵੀਂ ਸਰਕਾਰ ਵੱਲੋਂ ਜਾਰੀ ਬਿਆਨ ਮੁਤਾਬਕ, ਮਾਰਚ 2024 ਤੱਕ, ਸਭ ਤੋਂ ਜ਼ਿਆਦਾ ਸਟੂਡੈਂਟ ਵੀਜ਼ਾ ਭਾਰਤੀ ਵਿਦਿਆਰਥੀਆਂ ਨੂੰ ਜਾਰੀ ਕੀਤੇ ਗਏ ਹਨ ਜਿਸ ਦੀ ਗਿਣਤੀ 1,16,000 ਹੈ ਅਤੇ ਦੂਜੇ ਨੰਬਰ ਤੇ ਚੀਨੀ ਵਿਦਿਆਰਥੀਆਂ ਨੂੰ, 1,09,000 ਵੀਜ਼ਾ ਜਾਰੀ ਕੀਤੇ ਗਏ ਹਨ। ਜਨਵਰੀ 2024 ਤੋਂ, ਉਹ ਪੋਸਟ ਗ੍ਰੈਜੂਏਟ ਕੌਮਾਂਤਰੀ ਵਿਦਿਆਰਥੀ ਡਿਪੈਂਡੇਂਟ੍ਸ ਨੂੰ ਯੂਕੇ ਨਹੀਂ ਲਿਆ ਸਕਦੇ ਜਿਨ੍ਹਾਂ ਨੇ ਰਿਸਰਚ ਪ੍ਰੋਗਰਾਮ ਵਿੱਚ ਦਾਖ਼ਲਾ ਨਹੀਂ ਲਿਆ ਹੈ। ਹੋਮ ਆਫ਼ਿਸ ਵੱਲੋਂ ਜਾਰੀ ਕੀਤੇ ਗਏ ਡੇਟਾ ਦੇ ਮੁਤਾਬਕ, ਜਨਵਰੀ, 2024 ਤੋਂ ਐਪ੍ਰਲ 2024 ਦਰਮਿਆਨ ਸਿਰਫ਼ 83,00 ਸਟੂਡੈਂਟ ਡਿਪੈਂਡੇਟ ਵੀਜ਼ਾ ਜਾਰੀ ਕੀਤੇ ਗਏ ਜੋ ਕਿ ਕਰੀਬ 79 ਫੀਸਦ ਘੱਟ ਸੀ। ਜਿਨ੍ਹਾਂ ਨੇ ਆਪਣੀ ਡਿਗਰੀ ਪੂਰੀ ਕਰ ਲਈ ਹੈ, ਉਹ ਯੂਕੇ ਵਿੱਚ ਦੋ ਸਾਲ ਹੀ ਹੋਰ ਰਹਿ ਪਾਉਣਗੇ, ਜਦਕਿ ਡਾਕਟਰੇਟ ਡਿਗਰੀ ਵਾਲੇ ਵਿਦਿਆਰਥੀ ਤਿੰਨ ਸਾਲ ਰਹਿ ਸਕਦੇ ਹਨ।

**ਆਸਟਰੇਲੀਆ-** ਆਸਟ੍ਰੇਲੀਆ ਨਵੇਂ ਆਉਣ ਵਾਲੇ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ’ਤੇ ਪਾਬੰਦੀਆਂ ਲਗਾਉਣ ਜਾ ਰਿਹਾ ਹੈ। ਆਸਟ੍ਰੇਲੀਆ ਸਰਕਾਰ ਸਾਲ 2025 ਲਈ, ਨਵੇਂ ਦਾਖਲਿਆਂ ਦੀ ਗਿਣਤੀ 270,000 ਤੱਕ ਸੀਮਿਤ ਕਰਨ ਜਾ ਰਹੀ ਹੈ ਜਦਕਿ 2024 ਦੇ ਸ਼ੁਰੂਆਤੀ ਸਰਕਾਰੀ ਅੰਕੜਿਆਂ ਮੁਤਾਬਕ, ਆਸਟ੍ਰੇਲੀਆ ਵਿੱਚ ਤਕਰੀਬਨ 7,17,500 ਕੌਮਾਂਤਰੀ ਵਿਦਿਆਰਥੀ ਹਨ। ਵੋਕੇਸ਼ਨਲ ਸਿੱਖਿਆ ਅਤੇ ਸਿਖਲਾਈ ਦੇਣ ਵਾਲਿਆਂ ਉੱਤੇ ਇਸ ਕਟੌਤੀ ਦਾ ਅਸਰ ਸਭ ਤੋਂ ਵੱਧ ਹੋਵੇਗਾ। ਸਰਕਾਰ ਨੇ ਪਹਿਲਾਂ ਹੀ ਕੌਮਾਂਤਰੀ ਵਿਦਿਆਰਥੀਆਂ ਲਈ ਸਖ਼ਤ ਅੰਗਰੇਜ਼ੀ-ਭਾਸ਼ਾ ਮੁਹਾਰਤ ਮਾਪਦੰਡ ਨਿਰਧਾਰਿਤ ਕੀਤੇ ਸਨ। ਇਸ ਤੋਂ ਇਲਾਵਾ ਵਿਦਿਆਰਥੀ ਵੀਜ਼ਾ ਲਈ ਆਉਣ ਵਾਲੀਆਂ ਅਰਜ਼ੀਆਂ ਦੀ ਵੀ ਵਧੇਰੇ ਜਾਂਚ ਦਾ ਐਲਾਨ ਕੀਤਾ ਹੈ। 2025 ਵਿੱਚ ਪਬਲਿਕ ਯੂਨੀਵਰਸਿਟੀਆਂ ਵਿੱਚ ਦਾਖਲਿਆਂ ਦੀ ਗਿਣਤੀ 1,45,000 ਤੱਕ ਕੀਤੀ ਜਾਵੇਗੀ, ਪ੍ਰਾਈਵੇਟ ਯੂਨੀਵਰਸਿਟੀਆਂ ਅਤੇ ਗੈਰ-ਯੂਨੀਵਰਸਿਟੀ ਉੱਚ ਸਿੱਖਿਆ ਸੰਸਥਾਵਾਂ ਲਈ ਇਹ ਗਿਣਤੀ 30,000 ਤੱਕ ਕੀਤੀ ਜਾਵੇਗੀ। ਜਦੋਂ ਕਿ ਵੋਕੇਸ਼ਨਲ ਸਿੱਖਿਆ ਅਤੇ ਸਿਖਲਾਈ ਸੰਸਥਾਵਾਂ 95,000 ਤੱਕ ਸੀਮਤ ਰਹਿਣਗੀਆਂ।

**ਜਰਮਨੀ-** ਜਰਮਨੀ ਦੀ ਸਰਕਾਰ ਨੇ ਵੀ ਆਪਣੀ ਵਿਦੇਸ਼ੀ ਨੀਤੀਆ ਵਿੱਚ ਸਖ਼ਤ ਬਦਲਾਅ ਕੀਤੇ ਹਨ। 1 ਸਤੰਬਰ 2024 ਤੋਂ, ਕੌਮਾਂਤਰੀ ਵਿਦਿਆਰਥੀਆਂ ਨੂੰ ਆਪਣੇ ਬਲੌਕਡ ਅਕਾਉਂਟਸ ਵਿੱਚ ਘੱਟੋ-ਘੱਟ ਯੂਰੋ11,904 ਰੱਖਣੇ ਹੋਣਗੇ ਜੋ ਕਿ ਪਹਿਲਾਂ ਨਾਲੋਂ ਯੂਰੋ 696 ਵੱਧ ਹਨ। ਬਲੌਕਡ ਅਕਾਊਂਟ ਜਰਮਨੀ ਵਿੱਚ ਦਾਖ਼ਲ ਹੋਣ ਵਾਲਿਆਂ ਲਈ ਖਾਸ ਬੈਂਕ ਅਕਾਊਂਟ ਨੂੰ ਕਹਿੰਦੇ ਹਨ। ਇਸ ਅਕਾਊਂਟ ਵਿੱਚ ਘੱਟੋ-ਘੱਟੋ ਇੰਨੇਂ ਫੰਡ ਹੋਣੇ ਚਾਹੀਦੇ ਹਨ ਜਿਹੜੇ ਕਿ ਉੱਥੇ ਰਹਿਣ ਲਈ ਜ਼ਰੂਰੀ ਹਨ। ਇਸ ਤੋਂ ਇਲਾਵਾ ਨੌਨ-ਈਯੂ ਕੌਮਾਂਤਰੀ ਵਿਦਿਆਰਥੀਆਂ ਲਈ ਟਿਊਸ਼ਨ ਫੀਸ ਵਿੱਚ ਵਾਧਾ ਕੀਤਾ ਗਿਆ ਹੈ। ਹਾਲਾਂਕਿ ਵਿਦਿਆਰਥੀਆਂ ਲਈ ਕੰਮ ਕਰਨ ਦੇ ਘੰਟਿਆਂ ਨੂੰ ਵਧਾਉਣ ਤੇ ਵਿਚਾਰ ਕੀਤਾ ਜਾ ਰਿਹਾ ਹੈ।

**ਵਿਦਿਆਰਥੀਆਂ ਦਾ ਬਦਲ ਰਿਹਾ ਰੁਝਾਨ**

ਸੀਅ ਵੇਅ ਵੀਜ਼ਾ ਦੇ ਮੈਨੇਜਿੰਗ ਡਾਇਰੈਕਟਰ ਗੁਰਪ੍ਰੀਤ ਸਿੰਘ ਦੱਸਦੇ ਹਨ ਕਿ ਪਿਛਲੇ 6-8 ਮਹੀਨਿਆਂ ਤੋਂ ਵੱਖ-ਵੱਖ ਮੁਲਕਾਂ ਨੇ ਆਪਣੀਆਂ ਵੀਜ਼ਾ ਨੀਤੀਆਂ ਵਿੱਚ ਕਾਫੀ ਬਦਲਾਅ ਲਿਆਂਦੇ ਹਨ। ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਪਹਿਲਾਂ ਨੌਜਵਾਨਾਂ ਵਿੱਚ ਜ਼ਿਆਦਾ ਰੁਝਾਨ ਕੈਨੇਡਾ ਜਾਣ ਦਾ ਵੇਖਣ ਨੂੰ ਮਿਲਦਾ ਸੀ। ਪਰ ਹੁਣ ਕੈਨੇਡਾ ਸਰਕਾਰ ਵੱਲੋਂ ਲਿਆਂਦੀਆਂ ਸਖ਼ਤ ਵੀਜ਼ਾ ਨੀਤੀਆਂ, ਘਰਾਂ ਦੀ ਦਿੱਕਤ, ਕੰਮ ਨਾ ਮਿਲਣ ਵਰਗੇ ਮੁੱਦਿਆਂ ਕਾਰਨ ਵਿਦਿਆਰਥੀ ਕੈਨੇਡਾ ਜਾਣ ਤੋਂ ਝਿਜਕ ਰਹੇ ਹਨ। ਉਹ ਦੱਸਦੇ ਹਨ ਕਿ ਹੁਣ ਵਿਦਿਆਰਥੀਆਂ ਦਾ ਰੁਝਾਨ ਅਮਰੀਕਾ ਵੱਲ ਜ਼ਿਆਦਾ ਵੱਧਦਾ ਨਜ਼ਰ ਆ ਰਿਹਾ ਹੈ।

ਯੂਐੱਸ ਵਿੱਚ ਕੌਮਾਂਤਰੀ ਵਿਦਿਆਰਥੀਆਂ ਲਈ ਨੀਤੀਆਂ ਵੀ ਥੋੜੀਆਂ ਨਰਮ ਹਨ ਅਤੇ ਹਾਲਾਤ ਵੀ ਕੈਨੇਡਾ ਤੋਂ ਬਿਹਤਰ ਹਨ। ਇਸੇ ਤਰ੍ਹਾਂ ਆਸਟਰੇਲੀਆ ਵੀ ਪਿਛਲੇ 2 ਸਾਲਾਂ ਤੋਂ ਹੀ ਵੀਜ਼ਾ ਦੇਣ ਨੂੰ ਲੈ ਕੇ ਕਾਫੀ ਸਿਲੈਕਟਿਵ ਹੋਇਆ ਹੈ। ਇਸ ਨੂੰ ਹੋਰ ਘਟਾਇਆ ਜਾ ਰਿਹਾ ਹੈ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸੈਂਟਰ ਫਾਰ ਡਾਇਸਪੋਰਾ ਸਟਡੀਜ਼ ਦੇ ਪ੍ਰੋਫੈਸਰ ਗਿਆਨ ਸਿੰਘ ਦੱਸਦੇ ਹਨ ਕਿ ਇੱਕ ਸਮਾਂ ਸੀ ਜਦੋਂ ਬਹੁਤੇ ਮੁਲਕ ਸਟੂਡੈਂਟ ਵੀਜ਼ਾ ਨੂੰ ਲੈ ਕੇ ਕਾਫੀ ਨਰਮ ਸਨ, ਇਸ ਨਾਲ ਵੱਡੀ ਗਿਣਤੀ ਵਿੱਚ ਪਰਵਾਸ ਹੋਇਆ। ਭਾਰਤ ਵਿੱਚ ਖ਼ਾਸਕਰ ਪੰਜਾਬ ਦਾ ਹਰ ਨੌਜਵਾਨ ਉਚੇਰੀ ਸਿੱਖਿਆ ਲਈ ਬਾਹਰ ਜਾਣਾ ਚਾਹੁੰਦਾ ਸੀ। ਪਰ ਹੁਣ ਹਾਲਾਤ ਬਦਲ ਰਹੇ ਹਨ। ਖ਼ਾਸਕਰ ਕੈਨੇਡਾ ਅਤੇ ਆਸਟਰੇਲੀਆ ਨੇ ਆਪਣੇ ਨਿਯਮਾਂ ਨੂੰ ਕਾਫੀ ਸਖ਼ਤ ਕੀਤਾ ਹੈ। ਉਹ ਮੰਨਦੇ ਹਨ ਕਿ ਵਰਕ ਪਰਮਿਟ, ਰਹਿਣ ਦੀਆਂ ਸਹੂਲਤਾਂ ਅਤੇ ਭਵਿੱਖ ਦੀਆਂ ਸੰਭਾਵਨਾਵਾਂ ਕਿਸੇ ਵੀ ਸ਼ਖ਼ਸ ਲਈ ਕਾਫੀ ਅਹਿਮ ਹੋ ਸਕਦੀਆਂ ਹਨ। ਪਰ ਹੁਣ ਇਨ੍ਹਾਂ ਸਹੂਲਤਾਂ ਦਾ ਨਾ ਮਿਲਣਾ ਨੌਜਵਾਨਾਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਨਿਰਾਸ਼ ਕਰ ਰਿਹਾ ਹੈ। ਹੁਣ ਨੌਜਵਾਨ ਆਪਣੇ ਦੇਸ਼ ਨੂੰ ਵੀ ਤਵੱਜੋ ਦੇ ਰਹੇ ਹਨ। ਹਾਲ ਹੀ ਵਿੱਚ ਪੰਜਾਬ ਦੇ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਦਾਖ਼ਲੇ ਵੱਧ ਰਹੇ ਹਨ। ਹਾਲਾਂਕਿ ਉਨ੍ਹਾਂ ਦਾ ਮੰਨਣਾ ਹੈ ਕਿ ਜਾਣ ਵਾਲੇ ਵਿਦਿਆਰਥੀਆਂ ਹਾਲੇ ਵੀ ਜਾ ਹੀ ਰਹੇ ਹਨ, ਪਰ ਹਾਂ, ਤਾਦਾਦ ਵਿੱਚ ਜ਼ਰੂਰ ਫਰਕ ਪਿਆ ਹੈ। ਹਾਲਾਂਕਿ ਉਹ ਇਸ ਨੂੰ ਟੈਂਪਰੇਰੀ ਫੇਸ ਮੰਨਦੇ ਹਨ।

**ਜਾਣ ਦਾ ਅਸਲ ਕਾਰਨ ਸਮਝੋ**

ਪੰਜਾਬ ਯੂਨਿਵਰਸਿਟੀ, ਚੰਡੀਗੜ੍ਹ ਵਿੱਚ ਰਾਜਨੀਤਿਕ ਵਿਭਾਗ ਦੇ ਪ੍ਰੋਫੈਸਰ ਭੁਪਿੰਦਰ ਸਿੰਘ ਦਾ ਤਰਕ ਹੈ ਕਿ ਪਹਿਲਾਂ ਜ਼ਿਆਦਾਤਰ ਨੌਜਵਾਨ ਇਸ ਲਈ ਨਹੀਂ ਵਿਦੇਸ਼ ਵਿੱਚ ਜਾ ਰਹੇ ਸੀ ਕਿ ਉਨ੍ਹਾਂ ਨੇ ਉੱਥੇ ਪੜ੍ਹਣਾ ਹੈ। ਉਹ ਇਸ ਲਈ ਜਾ ਰਹੇ ਸੀ ਕਿ ਉਨ੍ਹਾਂ ਨੇ ਪੈਸਾ ਕਮਾਉਣਾ ਹੈ। ਪਾਰਟ ਟਾਈਮ ਕੰਮ, ਤੈਅਸ਼ੁਦਾ ਘੰਟਿਆਂ ਤੋਂ ਜ਼ਿਆਦਾ ਕੰਮ, ਕੋਈ ਵੀ ਕੰਮ ਕਰ ਲੈਣਾ.. ਇਹ ਸਭ ਉਹ ਕਾਰਕ ਸਨ ਜਿਸ ਨਾਲ ਉਹ ਜ਼ਿਆਦਾ ਪੈਸੇ ਕਮਾ ਪਾ ਰਹੇ ਸੀ ਅਤੇ ਆਪਣੇ ਪਰਿਵਾਰਾਂ ਨੂੰ ਵੀ ਪੈਸਾ ਭੇਜ ਰਹੇ ਸੀ। ਇਹ ਇੱਕ ਧੰਦਾ ਬਣ ਗਿਆ ਸੀ। ਪ੍ਰੋਫੈਸਰ ਭੁਪਿੰਦਰ ਸਿੰਘ ਦਾ ਮੰਨਣਾ ਹੈ ਕਿ, “ਜੋ ਹੁਣ ਵਿਦੇਸ਼ੀ ਸਰਕਾਰਾਂ ਵੱਲੋਂ ਨਿਯਮ ਸਖ਼ਤ ਕੀਤੇ ਜਾ ਰਹੇ ਹਨ। ਇਸ ਨੂੰ ਕਹਿ ਸਕਦੇ ਹਾਂ ਕਿ ਉਹ ਆਪਣੀ ਗ਼ਲਤੀ ਸੁਧਾਰਨ ਦੀ ਕੋਸ਼ਿਸ਼ ਕਰ ਰਹੇ ਹਨ।” “ਜਦੋਂ ਪਰਵਾਸੀਆਂ ਦਾ ਬੋਝ ਉਨ੍ਹਾਂ ਦੇ ਮੁਲਕਾਂ ਉੱਤੇ ਪੈਣ ਲੱਗਿਆ ਅਤੇ ਉਨ੍ਹਾਂ ਦੇ ਆਪਣੇ ਨਾਗਰਿਕਾਂ ਦਾ ਹੱਕ ਖੋਹੇ ਜਾਣ ਲੱਗੇ ਤਾਂ ਉਨ੍ਹਾਂ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ।”

ਉਹ ਕਹਿੰਦੇ ਹਨ ਕਿ ਜਿਹੜੇ ਨੌਜਵਾਨ ਸੱਚਮੁੱਚ ਕਿਸੇ ਖਾਸ ਕਿੱਤੇ ਜਾਂ ਸਪੈਸ਼ਲਾਈਜ਼ੇਸ਼ਨ ਲਈ ਪੜ੍ਹਾਈ ਕਰਨਾ ਚਾਹੁੰਦੇ ਹਨ, ਉਨ੍ਹਾਂ ਲਈ ਦਰਵਾਜ਼ੇ ਹਾਲੇ ਵੀ ਖੁੱਲ੍ਹੇ ਹਨ। ਇਹ ਦਿੱਕਤਾਂ ਉਨ੍ਹਾਂ ਲਈ ਹਨ ਜਿਨ੍ਹਾਂ ਦਾ ਟੀਚਾ ਪੜ੍ਹਾਈ ਨਹੀਂ ਬਲਕਿ ਮਹਿਜ਼ ਕਮਾਈ ਲਈ ਪਰਵਾਸ ਕਰਨਾ ਸੀ। ਉਹ ਮੰਨਦੇ ਹਨ ਕਿ ਇਹ ਸਖ਼ਤੀ ਹੁਣ ਕਾਫੀ ਦੇਰ ਰਹੇਗੀ ਅਤੇ ਇਹ ਨਿਯਮਾਂ ਵਿੱਚ ਹੋਰ ਸਖ਼ਤੀ ਵੀ ਕੀਤੀ ਜਾ ਸਕਦੀ ਹੈ।

# ਜ਼ਿੰਦਗੀ ’ਚ ਸੁੱਖ ਤੇ ਦੁੱਖ ਪਰਛਾਵੇਂ ਦੀ ਤਰ੍ਹਾਂ ਹੁੰਦੇ ਨੇ

ਮਨੁੱਖ ਦੀ ਆਮ ਤੌਰ ’ਤੇ ਇਹੀ ਸ਼ਿਕਾਇਤ ਹੁੰਦੀ ਹੈ ਕਿ ਸੁੱਖ ਦਾ ਸਮਾਂ ਬਹੁਤ ਜਲਦੀ ਬੀਤ ਜਾਂਦਾ ਹੈ ਅਤੇ ਦੁੱਖ ਦਾ ਦੌਰ ਹੌਲੀ-ਹੌਲੀ ਸਰਕਦਾ ਹੈ। ਇਹ ਸਾਨੂੰ ਦੱਸਦਾ ਹੈ ਕਿ ਸਮੇਂ ਦਾ ਮਾਪ ਵੀ ਆਸ਼ਰਿਤ ਹੈ ਅਤੇ ਮਨ ’ਤੇ ਨਿਰਭਰ ਕਰਦਾ ਹੈ। ਇਸੇ ਤਰ੍ਹਾਂ ਸੁੱਖ ਅਤੇ ਦੁੱਖ ਵੀ ਆਸ਼ਰਿਤ ਹਨ। ਸਵਾਦੀ ਭੋਜਨ ਕਰਨਾ ਸੁਖਦ ਹੈ ਪਰ ਉਸ ਨੂੰ ਬਹੁਤ ਜ਼ਿਆਦਾ ਮਾਤਰਾ ਵਿਚ ਖਾਣਾ ਦੁਖਦਾਈ ਹੋ ਜਾਂਦਾ

ਡਾ. ਨਿਰਮਲ ਜੈਨ

ਹੈ। ਇਸ ਲਈ ਭੋਜਨ ਕਿੰਨਾ ਵੀ ਮਨਪਸੰਦ ਕਿਉਂ ਨਾ ਹੋਵੇ, ਉਸ ਦੇ ਸੇਵਨ ਦਾ ਢੁੱਕਵਾਂ ਅਨੁਪਾਤ ਹੀ ਸਭ ਤੋਂ ਵਧੀਆ ਹੁੰਦਾ ਹੈ। ਦਰਅਸਲ, ਪੂਰਾ ਜੀਵਨ ਹੀ ਸੁੱਖ-ਦੁੱਖ ਦਾ ਇਕ ਮਿਸ਼ਰਨ ਹੈ। ਜੇ ਕੋਈ ਸਾਡੀ ਸ਼ਲਾਘਾ ਕਰੇ ਤਾਂ ਸੁੱਖ ਮਿਲਦਾ ਹੈ। ਉਸ ਸੁੱਖ ਦੇ ਨਾਲ ਸਾਡੇ ਅੰਦਰ ਹੰਕਾਰ ਦੀ ਮਾਤਰਾ ਵੀ ਵਧ ਜਾਂਦੀ ਹੈ। ਇਹ ਹੰਕਾਰ ਦੁੱਖ ਦਾ ਕਾਰਨ ਬਣਦਾ ਹੈ। ਚੇਤੇ ਰਹੇ ਕਿ ਸੁੱਖ ਦੀ ਇੱਛਾ ਕਾਰਨ ਹੀ ਦੁੱਖ ਦਾ ਜਨਮ ਹੁੰਦਾ ਹੈ। ਜੇ ਅਸੀਂ ਕਦੇ ਜਿੱਤਣਾ ਹੀ ਨਹੀਂ ਚਾਹਿਆ ਤਾਂ ਸਾਨੂੰ ਹਰਾਇਆ ਵੀ ਨਹੀਂ ਜਾ ਸਕਦਾ।

ਜੀਵਨ ਇਕ ਸਾਜ਼ ਦੀ ਤਰ੍ਹਾਂ ਹੈ ਜਿਸ ਵਿਚ ਸਾਰੇ ਰਾਗ ਵਜਾਏ ਜਾ ਸਕਦੇ ਹਨ। ਇਹ ਸਾਡੇ ’ਤੇ ਨਿਰਭਰ ਕਰਦਾ ਹੈ ਕਿ ਅਸੀਂ ਕਿਸ ਧੁਨ ਅਤੇ ਕਿਹੜੇ ਰਾਗ ਦੇ ਨਾਲ ਜੀਵਨ ਦਾ ਆਨੰਦ ਲੈਣਾ ਚਾਹੁੰਦੇ ਹਾਂ। ਕੁਦਰਤ ਸਾਨੂੰ ਦੋ



ਵਰਦਾਨ ਦਿੰਦੀ ਹੈ-ਸਰੀਰ ਤੇ ਬੁੱਧੀ। ਇਹ ਦੋਵੇਂ ਸਮੇਂ ਦੇ ਨਾਲ ਵਧਦੇ ਰਹਿੰਦੇ ਹਨ। ਆਪਣੀ ਬੁੱਧੀ ਦੇ ਵਿਕਾਸ ਅਤੇ ਸਰੀਰਕ ਬਲ ਦੀ ਬਦੌਲਤ ਅਸੀਂ ਆਪਣੀ ਸਹੂਲਤ ਦੇ ਸਾਧਨ ਜੁਟਾ ਲਏ ਹਨ। ਜੇ ਇੱਥੋਂ ਜੁਟਾਏ ਗਏ ਇਨ੍ਹਾਂ ਸੁੱਖ-ਸਾਧਨਾਂ ਵਿਚ ਕਿਤੇ ਕੋਈ ਕਮੀ ਹੁੰਦੀ ਹੈ ਜਾਂ ਕੁਝ-ਕੁਝ ਖੋ ਜਾਂਦਾ ਹੈ ਤਾਂ ਫਿਰ ਦੁੱਖ ਕਾਹਦਾ। ਉਸ ’ਤੇ ਰੋਣਾ ਕਿਸ ਗੱਲ ਦਾ।

ਜੋ ਸਾਡਾ ਸੀ ਹੀ ਨਹੀਂ, ਇੱਥੋਂ ਮਿਲਿਆ, ਉਸ ਦੇ ਇੱਥੇ ਗੁਆਚਣ ਦਾ ਅਹਿਸਾਸ ਹੀ ਸਾਡੇ ਦੁੱਖਾਂ ਦੀ ਜੜ੍ਹ ਹੈ। ਜਦ ਤੱਕ ਅਸੀਂ ਭੌਤਿਕ ਚੀਜ਼ਾਂ ਨੂੰ ਹੀ ਜੀਵਨ ਵਿਚ ਸਭ ਕੁਝ ਮੰਨਦੇ ਰਹਾਂਗੇ, ਉਦੋਂ ਤੱਕ ਅਸੀਂ ਹਕੀਕੀ ਆਨੰਦ ਨੂੰ ਮਹਿਸੂਸ ਨਹੀਂ ਕਰ ਸਕਾਂਗੇ। ਸਾਨੂੰ ਇਨ੍ਹਾਂ ਸਾਰੀਆਂ ਚੀਜ਼ਾਂ ਤੋਂ ਉੱਪਰ ਉੱਠਣ ਦੀ ਜ਼ਰੂਰਤ ਹੈ। ਅਸੀਂ ਇੱਥੇ ਜੋ ਵੀ ਹਾਸਲ ਕੀਤਾ ਹੈ, ਉਨ੍ਹਾਂ ਵਿਚ ਨਾ ਤਾਂ ਹਕੀਕੀ ਸੁੱਖ ਹੈ ਅਤੇ ਨਾ ਹੀ ਪਰਮ ਆਨੰਦ। ਉਹ ਤਾਂ ਬਸ ਸੁਗਮਤਾ ਨਾਲ ਰਹਿਣ ਦੀਆਂ ਸਾਧਨ ਮਾਤਰ ਹੀ ਹਨ। ਉਨ੍ਹਾਂ ਨੂੰ ਸਿਰਫ਼ ਸਾਧਨਾਂ ਦੇ ਰੂਪ ਵਿਚ ਦੇਖਿਆ ਜਾਵੇ ਨਾ ਕਿ ਸੰਪਤੀ ਦੇ ਰੂਪ ਵਿਚ। ਜੇ ਉਨ੍ਹਾਂ ਨੂੰ ਸੰਪਤੀ ਸਮਝਦੇ ਰਹਾਂਗੇ ਤਾਂ ਉਨ੍ਹਾਂ ਦੇ ਗੁਆਉਣ ਵਿਚ ਬਿਪਤਾ ਦਾ ਹੀ ਅਹਿਸਾਸ ਹੁੰਦਾ ਰਹੇਗਾ।

# ਵਿਦਿਆਰਥੀਆਂ ਨੇ ਕੈਨੇਡਾ 'ਚ ਲਾਇਆ ਪੱਕਾ ਧਰਨਾ

ਕੈਨੇਡਾ ਦੇ ਬਰੈਂਪਟਨ ਸ਼ਹਿਰ ਵਿੱਚ ਪੰਜਾਬ ਤੋਂ ਕੈਨੇਡਾ ਪੜ੍ਹਨ ਲਈ ਗਏ ਕੌਮਾਂਤਰੀ ਵਿਦਿਆਰਥੀਆਂ ਤੇ ਅਸਥਾਈ ਕਾਮਿਆਂ ਵੱਲੋਂ ਪੱਕਾ ਧਰਨਾ ਲਾਇਆ ਗਿਆ ਹੈ। ਅਜਿਹੇ ਧਰਨੇ ਪ੍ਰਿੰਸ ਐਡਵਰਡ ਆਈਲੈਂਡ ਸਣੇ ਕੈਨੇਡਾ ਦੇ ਹੋਰ ਵੱਖ-ਵੱਖ ਸੂਬਿਆਂ ਵਿੱਚ ਵੀ ਦੇਖਣ ਨੂੰ ਮਿਲ ਰਹੇ ਹਨ। ਮੁਜ਼ਾਹਰਾਕਾਰੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਵਰਕ ਪਰਮਿਟ ਦੀ ਮਿਆਦ ਖ਼ਤਮ ਹੋਣ ਕੰਢੇ ਹੈ ਤੇ ਉਨ੍ਹਾਂ ਨੂੰ ਉਮੀਦ ਸੀ ਕਿ ਉਹ ਪੀਆਰ ਹੋ ਜਾਣਗੇ ਪਰ ਅਜਿਹਾ ਨਹੀਂ ਹੋਇਆ। ਕੈਨੇਡਾ ਵਿੱਚ ਵੀਜ਼ਾਂ ਨਿਯਮਾਂ ਵਿੱਚ ਹੋਏ ਬਦਲਾਅ ਕਾਰਨ ਉਨ੍ਹਾਂ ਦੀ ਪੀਆਰ ਦੀਆਂ ਉਮੀਦਾਂ 'ਤੇ ਖ਼ਤਰਾ ਮੰਡਰਾ ਰਿਹਾ ਹੈ ਜਿਸ ਕਰਕੇ ਉਹ ਆਪਣੇ ਭਵਿੱਖ ਨੂੰ ਲੈ ਕੇ ਚਿੰਤਤ ਹਨ।

ਧਰਨੇ 'ਤੇ ਬੈਠੇ ਬਿਕਰਮਜੀਤ ਸਿੰਘ ਦਾ ਕਹਿਣਾ ਹੈ ਕਿ ਇਹ ਵਿਦਿਆਰਥੀ ਉਹ ਹਨ, ਜਿਨ੍ਹਾਂ ਦਾ 'ਵਰਕ ਐਕਸਪੀਰੀਐਂਸ' ਪੂਰਾ ਹੋ ਗਿਆ ਹੈ। ਉਹ ਕਹਿੰਦੇ ਹਨ, "ਮਸਲਾ ਇਹ ਹੈ ਕਿ ਕੋਵਿਡ ਤੋਂ ਬਾਅਦ ਐਕਸਪ੍ਰੈੱਸ ਐਂਟਰੀ ਦੇ ਡਰਾਅ ਨਹੀਂ ਆਏ, ਜਿਸ ਕਰ ਕੇ ਬਹੁਤ ਜ਼ਿਆਦਾ ਨੁਕਸਾਨ ਹੋਇਆ ਹੈ।" ਉਹ ਅੱਗੇ ਕਹਿੰਦੇ ਹਨ, "ਦੂਜਾ ਜਿਹੜਾ ਪੀਐੱਨਪੀ ਨੂੰ ਟੀਚਾ ਬਣਾ ਕੇ ਜਿਹੜੇ ਲੋਕ ਵੱਖ-ਵੱਖ ਪ੍ਰਾਂਤਾਂ ਵਿੱਚ ਗਏ ਸਨ ਅਤੇ ਜਦੋਂ ਉਨ੍ਹਾਂ ਦਾ ਵਰਕ ਐਕਸਪੀਰੀਐਂਸ ਪੂਰਾ ਹੋ ਗਿਆ ਤਾਂ ਉਦੋਂ ਉਨ੍ਹਾਂ ਨੇ ਕਹਿ ਦਿੱਤਾ ਕਿ ਸਾਨੂੰ ਇਹ ਬੰਦੇ ਨਹੀਂ ਚਾਹੀਦੇ।" "ਜਿਵੇਂ ਜਦੋਂ ਇੱਕ ਵੈਲਡਰ ਦਾ ਪ੍ਰੋਗਰਾਮ ਸ਼ੁਰੂ ਕੀਤਾ ਤਾਂ ਉਦੋਂ ਉਨ੍ਹਾਂ ਨੂੰ ਬੰਦਾ ਚਾਹੀਦਾ ਸੀ ਤੇ ਜਦੋਂ ਪ੍ਰੋਗਰਾਮ ਪੂਰਾ ਹੋ ਗਿਆ ਤਾਂ ਉਦੋਂ ਉਨ੍ਹਾਂ ਨੂੰ ਬੰਦਾ ਨਹੀਂ ਚਾਹੀਦਾ ਸੀ। ਇਸ ਤਰ੍ਹਾਂ ਉਨ੍ਹਾਂ ਨੂੰ ਸਾਲ ਪਹਿਲਾਂ ਦੱਸਣਾ ਚਾਹੀਦਾ ਸੀ।" "ਐਕਸਪੀਰੀਐਂਸ ਤਾਂ ਇਨ੍ਹਾਂ ਕੋਲ ਪੂਰੇ ਹਨ ਪਰ ਸਰਕਾਰ ਨੇ ਗੇਮ ਦੇ ਰੂਲ ਗੇਮ ਦੇ ਅਖ਼ੀਰ ਵਿੱਚ ਆ ਕੇ ਬਦਲ ਦਿੱਤੇ




ਹਨ।" ਕੈਨੇਡਾ ਵਿੱਚ ਗਏ ਕੌਮਾਂਤਰੀ ਵਿਦਿਆਰਥੀ ਤੇ ਅਸਥਾਈ ਕਾਮੇ ਮੁੱਖ ਤੌਰ ਉੱਤੇ ਪੀਐੱਨਪੀ ਪ੍ਰੋਗਰਾਮ ਜਾਂ ਐਕਸਪ੍ਰੈੱਸ ਐਂਟਰੀ ਰਾਹੀਂ ਪੀਆਰ ਹਾਸਲ ਕਰਦੇ ਹਨ ਪਰ ਵਿਦਿਆਰਥੀਆਂ ਦਾ ਕਹਿਣਾ ਹੈ ਕਿ ਨਿਯਮਾਂ ਵਿੱਚ ਬਦਲਾਅ ਕਾਰਨ ਅਜਿਹਾ ਮੁਸ਼ਕਲ ਹੋ ਗਿਆ ਹੈ। ਵਿਦਿਆਰਥੀਆਂ ਦੀ ਮੰਗ ਹੈ ਕਿ ਉਨ੍ਹਾਂ ਦੇ ਵਰਕ ਪਰਮਿਟ ਦੀ ਮਿਆਦ ਵਧਾਈ ਜਾਵੇ। ਨੌਜਵਾਨ ਸਪੋਰਟ ਨੈੱਟਵਰਕ ਦੇ ਇੱਕ ਹੋਰ ਨੌਜਵਾਨ ਦੀਪ ਹਜ਼ਰਾ ਨੇ ਦਾਅਵਾ ਕੀਤਾ ਕਿ ਕਰੀਬ 70 ਹਜ਼ਾਰ ਬੱਚਿਆਂ ਦੇ ਵਰਕ ਪਰਮਿਟ ਐਕਸਪਾਈਰ ਹੋ ਰਹੇ ਹਨ। ਉਹ ਦੱਸਦੇ ਹਨ, "ਪਹਿਲਾਂ ਨਿਯਮ ਇਸ ਤਰ੍ਹਾਂ ਦੇ ਹੁੰਦੇ ਸਨ ਕਿ ਆਮ ਤੌਰ 'ਤੇ ਤਿੰਨ ਸਾਲਾਂ ਦੇ ਵਰਕ ਪਰਮਿਟ ਵਿੱਚ ਬੱਚੇ ਪੀਆਰ ਲੈ ਲੈਂਦੇ ਹਨ ਪਰ ਹੁਣ ਸਰਕਾਰ ਨੇ ਜਾਣਬੁੱਝ ਕੇ ਨਿਯਮ ਇੰਨੇ ਔਖੇ ਕਰ ਦਿੱਤੇ ਹਨ ਕਿ ਹੁਣ ਤਿੰਨ ਸਾਲ ਵਿੱਚ ਕੋਈ ਪੀਆਰ ਲੈ ਹੀ ਨਹੀਂ ਸਕਦਾ।" "ਅਜਿਹੇ ਉਸ ਕੋਲ ਕੋਈ ਬਦਲ ਨਹੀਂ ਹੈ, ਜਿਸ ਨਾਲ ਉਹ ਆਪਣਾ ਵਰਕ ਪਰਮਿਟ ਰੀਨਿਊ ਕਰ ਸਕੇ। ਉਸ ਕੋਲ ਇੱਕੋ ਬਦਲ ਬਚਦਾ ਕਿ ਉਹ ਰਿਫਿਊਜੀ ਦਾਅਵਾ ਕਰੇ।" "ਜਿਹੜੇ ਬੱਚੇ 12ਵੀਂ ਕਰ ਕੇ ਇੱਥੇ ਆਉਂਦੇ ਹਨ, ਮੈਂ ਉਨ੍ਹਾਂ ਨੂੰ ਹੁਣ ਨਾ ਆਉਣ ਦੀ ਸਲਾਹ ਦਿਆਂਗਾ ਕਿਉਂਕਿ ਤਿੰਨ ਸਾਲ ਵਿੱਚ ਹੁਣ ਬੱਚਾ ਪੀਆਰ ਹੋ ਨਹੀਂ ਸਕਦਾ। ਪੀਆਰ ਲਈ ਜਿੰਨੇ ਪੁਆਇੰਟ ਉਨ੍ਹਾਂ ਨੂੰ ਚਾਹੀਦੇ ਹਨ, ਓਨੇ ਬਣ ਹੀ ਨਹੀਂ ਸਕਦੇ।"

ਕੌਮਾਂਤਰੀ ਵਿਦਿਆਰਥੀ ਵਜੋਂ ਕੈਨੇਡਾ ਗਏ ਮਹਿਕਦੀਪ ਸਿੰਘ ਦੱਸਦੇ ਹਨ ਉਨ੍ਹਾਂ ਨੇ ਕਈ ਸਰਕਾਰੀ ਨੁਮਾਇੰਦਿਆਂ ਕੋਲ ਆਪਣੀ ਗੱਲ ਰੱਖਣ ਦੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਨੂੰ ਕੋਈ ਸਕਾਰਾਤਮਕ ਜਵਾਬ ਨਹੀਂ ਮਿਲਿਆ। ਮਹਿਕਦੀਪ ਕਹਿੰਦੇ ਹਨ ਕਿ ਇਹ ਧਰਨਾ ਹੁਣ ਦਿਨ-ਰਾਤ ਚੱਲਣਾ ਹੈ ਕਿਉਂਕਿ "ਸਾਡੀ ਕਿਸੇ ਐੱਪੀ, ਕਿਸੇ ਵੀ ਸਰਕਾਰ ਨੇ ਸਾਡੀ ਨਹੀਂ ਗੱਲ ਨਹੀਂ ਸੁਣੀ। ਇਸ ਲਈ ਪੱਕਾ ਧਰਨਾ ਲਗਾ ਖੜ੍ਹੇ ਹਾਂ।" "ਜੇ ਕਿਤੇ ਪਹਿਲਾਂ ਡਰਾਅ ਦਿੱਤੇ ਹੁੰਦੇ ਤਾਂ ਇਹ ਨੌਬਤ ਨਹੀਂ ਆਉਣੀ ਸੀ ਕਿਉਂਕਿ ਇਹ ਉਹੀ ਡਰਾਅ ਵਾਲੇ ਹੀ ਬੱਚੇ ਹਨ।" ਕੈਨੇਡਾ ਵਿੱਚ ਪਰਵਾਸੀਆਂ ਦੇ ਵਧਣ, ਘਰਾਂ ਦੀ ਘਾਟ ਮਹਿੰਗਾਈ ਤੇ ਬੇਰੁਜ਼ਗਾਰੀ ਦਾ ਮੁੱਦਾ ਪਿਛਲੇ ਸਮੇਂ ਤੋਂ ਚਰਚਾ ਵਿੱਚ ਹੈ। ਮਾਰਚ 2024 ਵਿੱਚ ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਕਿਹਾ ਸੀ ਕਿ ਕੈਨੇਡਾ ਦੀ ਯੋਜਨਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਅਸਥਾਈ ਵਸਨੀਕਾਂ ਦੀ ਗਿਣਤੀ ਮੌਜੂਦਾ 6।2 ਫ਼ੀਸਦੀ ਤੋਂ ਘਟਾ ਕੇ 5 ਫ਼ੀਸਦ ਤੱਕ ਲਿਆਂਦੀ ਜਾਵੇ। ਕੈਨੇਡਾ ਸਰਕਾਰ ਨੇ ਜਨਵਰੀ 2024 ਵਿੱਚ ਕੈਨੇਡਾ ਆਉਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਦੀ ਇੱਕ ਸੀਮਾ ਤੈਅ ਕਰਨ ਦਾ ਫ਼ੈਸਲਾ ਲਿਆ ਸੀ। ਇਸ ਫ਼ੈਸਲੇ ਮੁਤਾਬਕ ਸਾਲ 2024 ਵਿੱਚ 3 ਲੱਖ 60 ਵਿਦਿਆਰਥੀਆਂ ਨੂੰ ਹੀ ਸਟੱਡੀ ਪਰਮਿਟ ਦਿੱਤੇ ਜਾਣੇ ਸਨ ਜੋ ਕਿ ਪਿਛਲੇ ਸਾਲ ਨਾਲੋਂ 35 ਫ਼ੀਸਦ ਘੱਟ ਸਨ।

### ਕੈਨੇਡਾ ਸਰਕਾਰ ਦੀ ਨੀਤੀ 'ਚ ਬਦਲਾਅ

ਭਾਰਤ ਵਿੱਚੋਂ ਸਭ ਤੋਂ ਜ਼ਿਆਦਾ ਵਿਦਿਆਰਥੀ ਪੜ੍ਹਣ ਲਈ ਕੈਨੇਡਾ ਜਾਂਦੇ ਹਨ। ਪਰ ਹੁਣ ਕੈਨੇਡਾ ਸਰਕਾਰ ਵਿਦਿਆਰਥੀਆਂ ਨੂੰ ਲੈ ਕੇ ਵੀ ਸਖ਼ਤ ਨਜ਼ਰ ਆ ਰਹੀ ਹੈ। ਕੈਨੇਡਾ ਵਿੱਚ ਪੜ੍ਹਾਈ ਤੋਂ ਬਾਅਦ ਕੌਮਾਂਤਰੀ ਵਿਦਿਆਰਥੀਆਂ ਨੂੰ ਤਿੰਨ ਸਾਲ ਦਾ ਵਰਕ ਪਰਮਿਟ ਮਿਲਦਾ ਹੈ, ਇਸ ਦੌਰਾਨ ਵਿਦਿਆਰਥੀ ਪੀਐੱਨਪੀ ਜਾਂ ਫ਼ਿਰ ਫੈਡਰਲ ਸਕੀਮ ਤਹਿਤ ਪੀਆਰ (ਸਥਾਈ ਨਾਗਰਿਕਤਾ) ਲਈ ਅਪਲਾਈ ਕਰ ਦਿੰਦੇ ਸਨ। ਪਰ ਹੁਣ ਕੈਨੇਡਾ ਨੇ ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ ਦੀ ਮਿਆਦ ਵਿੱਚ ਇਜ਼ਾਫਾ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਇਸੇ ਕਾਰਨ ਉੱਥੇ ਬਹੁਤ ਸਾਰੇ ਕੌਮਾਂਤਰੀ ਵਿਦਿਆਰਥੀਆਂ ਉੱਤੇ ਨੂੰ ਉਨ੍ਹਾਂ ਦੇ ਮੁਲਕਾਂ ਵਿੱਚ ਵਾਪਸ ਭੇਜੇ ਜਾਣ ਦੀ ਤਲਵਾਰ ਲਟਕ ਰਹੀ ਹੈ।

ਇਸੇ ਤਰ੍ਹਾਂ, ਕੋਰੋਨਾ ਦੌਰਾਨ ਲੇਬਰ ਮਾਰਕੀਟ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਕੈਨੇਡਾ ਨੇ ਆਰਜ਼ੀ ਤੌਰ ਉੱਤੇ ਵਰਕ ਪਰਮਿਟ ਵਿੱਚ 18 ਮਹੀਨੇ ਦਾ ਵਾਧਾ ਕਰਨ ਦੀ ਨੀਤੀ ਲਾਗੂ ਕੀਤੀ ਸੀ। ਪਰ ਹੁਣ ਪਿਛਲੇ ਸਮੇਂ ਦੌਰਾਨ ਕੈਨੇਡਾ ਸਰਕਾਰ ਨੇ ਇਸ ਨਿਯਮ ਵਿੱਚ ਬਦਲਾਅ ਕਰ ਦਿੱਤੇ ਹਨ। ਇਸੇ ਦੇ ਨਾਲ ਹੀ, ਜੀਆਈਸੀ 10,000 ਡਾਲਰ ਤੋਂ ਵਧਾ ਕੇ 20,635 ਡਾਲਰ ਕਰ ਦਿੱਤੀ ਗਈ ਹੈ।

ਸਟੱਡੀ ਵੀਜ਼ੇ ਉੱਤੇ ਕੈਨੇਡਾ ਜਾਣ ਵਾਲੇ ਵਿਦਿਆਰਥੀਆਂ ਤੋਂ ਉੱਥੇ ਰਹਿਣ ਲਈ ਜੋ ਲਾਗਤ ਲਈ ਜਾਂਦੀ ਹੈ, ਉਸ ਨੂੰ ਜੀਆਈਸੀ ਕਿਹਾ ਜਾਂਦਾ ਹੈ। ਜੀਆਈਸੀ ਸਬੰਧੀ ਨਵੇਂ ਨਿਯਮ 1 ਜਨਵਰੀ 2024 ਤੋਂ ਲਾਗੂ ਹੋ ਗਏ ਹਨ। ਇਸੇ ਤਰ੍ਹਾਂ, ਹੁਣ ਕੈਨੇਡਾ ਸਿਰਫ਼ ਉਨ੍ਹਾਂ ਕੌਮਾਂਤਰੀ ਵਿਦਿਆਰਥੀਆਂ ਦੇ ਪਤੀ ਜਾਂ ਪਤਨੀ ਨੂੰ ਹੀ ਵੀਜ਼ਾ ਦੇਵੇਗਾ ਜਿਹੜੇ ਉੱਥੇ ਮਾਸਟਰਜ਼ ਜਾਂ ਡਾਕਟਰੇਟ ਪੱਧਰ ਦੀ ਪੜ੍ਹਾਈ ਕਰਨ ਜਾ ਰਹੇ ਹਨ। ਹੇਠਲੇ ਪੱਧਰ ਦੇ ਕੋਰਸ ਕਰ ਰਹੇ ਵਿਦਿਆਰਥੀ ਸਪਾਊਸ ਵੀਜ਼ੇ ਉੱਪਰ ਆਪਣੇ ਪਤੀ ਜਾਂ ਪਤਨੀ ਨੂੰ ਕੈਨੇਡਾ ਨਹੀਂ ਬੁਲਾ ਸਕਣਗੇ। ਜਦਕਿ ਪਹਿਲਾਂ ਡਿਪਲੋਮਾ ਕੋਰਸ ਕਰਨ ਵਾਲੇ ਕੌਮਾਂਤਰੀ ਵਿਦਿਆਰਥੀ ਵੀ ਆਪਣੇ ਪਤੀ- ਪਤਨੀ ਨੂੰ ਆਪਣੇ ਕੋਲ ਬੁਲਾ ਸਕਦੇ ਸਨ।

# ਬਹੁਪੱਖੀ ਪ੍ਰਤਿਭਾ ਦੇ ਮਾਲਕ ਸਨ ਗਿਆਨੀ ਦਿੱਤ ਸਿੰਘ

ਜਗਜੀਵਨ ਸਿੰਘ (ਡਾ.)

ਬਹੁਪੱਖੀ ਪ੍ਰਤਿਭਾ ਦੇ ਮਾਲਕ ਗਿਆਨੀ ਦਿੱਤ ਸਿੰਘ ਚੁੰਬਕੀ ਪ੍ਰਭਾਵ ਵਾਲੇ ਸਿੱਖ ਚਿੰਤਕ, ਵਕਤਾ, ਪ੍ਰਵਚਨਕਾਰ, ਵਾਰਤਕਕਾਰ ਤੇ ਪ੍ਰਚਾਰਕ ਸਨ। ਉਨ੍ਹਾਂ ਦੀ ਸ਼ਖ਼ਸੀਅਤ ਦਾ ਮੂਲ ਪਾਸਾਰ ਤੇ ਪ੍ਰਭਾਵ ਮਿਸ਼ਨਰੀ ਉਦਾਸੀਨ ਗੁਰਮਤਿ ਪ੍ਰਚਾਰਕ, ਪਰਿਪੱਕ ਦਾਰਸ਼ਨਿਕ, ਉਪਦੇਸ਼ਕ, ਪ੍ਰਵਚਨਕਾਰ ਤੇ ਸਮਾਜ ਸੁਧਾਰਕ ਦਾ ਹੈ। ਜ਼ਹੀਨ ਸਿੱਖਿਆ ਸ਼ਾਸਤਰੀ ਹੋਣ ਦੇ ਨਾਲ-ਨਾਲ ਜਿੱਥੇ ਉਹ ਸਿੰਘ ਸਭਾ ਲਹਿਰ ਦੇ ਰੂਪ ਵਿੱਚ ਚੱਲੀ ਸਿੱਖੀ ਦੀ ਪੁਨਰ-ਜਾਗ੍ਰਿਤੀ ਲਹਿਰ ਦੇ ਮੋਢੀਆਂ ਵਿੱਚੋਂ ਸਨ ਉੱਥੇ ਉਹ ਪੰਜਾਬੀ ਤੇ ਧਰਮ ਅਧਿਐਨ ਦੇ ਪਹਿਲੇ ਵਧੀਆ ਅਧਿਆਪਕ ਵੀ ਸਨ। ਭਾਸ਼ਣ ਕਲਾ ਵਿੱਚ ਵਿਸ਼ੇਸ਼ ਮੁਹਾਰਤ ਹਾਸਲ ਸੀ। ਹਾਜ਼ਰ-ਜਵਾਬੀ, ਸੰਵਾਦ ਤੇ ਸੰਜੀਦਾ ਵਿਚਾਰ ਵਿੱਚ ਉਨ੍ਹਾਂ ਦਾ ਕੋਈ ਸਾਨੀ ਨਹੀਂ ਸੀ। ਸਿੱਖੀ ਸਿਧਾਂਤਾਂ ਦੇ ਨਿਰਭੈ ਤੇ ਸਪੱਸ਼ਟ ਵਿਆਖਿਆਕਾਰ ਹੋਣ ਤੋਂ ਇਲਾਵਾ ਸੱਚ ਦੇ ਪਹਿਰੇਦਾਰ, ਪ੍ਰਤੀਬੱਧ ਦੋਸਤ ਤੇ ਸਮਾਜ ਸੁਧਾਰਕ ਵੀ ਸਨ। ਮੂਲ ਰੂਪ ਵਿਚ ਕਵੀ ਤੇ ਸਫ਼ਲ ਪੱਤਰਕਾਰ ਹੋਣ ਤੋਂ ਇਲਾਵਾ ਉਹ ਸਰਬਾਂਗੀ ਵਾਰਤਕ ਲਿਖਾਰੀ ਵੀ ਸਨ।



ਗਿਆਨੀ ਜੀ ਦਾ ਜਨਮ ਪਿੰਡ ਨੰਦਪੁਰ ਕਲੌੜ, ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਵਿਖੇ 21 ਅਪਰੈਲ, 1850 ਈਸਵੀ ਨੂੰ ਹੋਇਆ। ਆਪ ਜੀ ਦੇ ਪਿਤਾ ਦਾ ਨਾਂ ਸ੍ਰੀ ਦੀਵਾਨ ਸਿੰਘ ਤੇ ਮਾਤਾ ਜੀ ਦਾ ਨਾਂ ਰਾਮ ਕੌਰ ਸੀ। ਭਾਈ ਸਾਹਿਬ ਦਾ ਪਰਿਵਾਰਕ ਪਿਛੋਕੜ ਧਾਰਮਿਕ ਤੇ ਫ਼ਕੀਰਾਨਾ ਸੀ। ਸਿੱਖੀ ਦੀ ਦਾਤ ਤੇ ਸਾਧ ਬਿਰਤੀ ਵਿਰਸੇ ’ਚੋਂ ਪ੍ਰਾਪਤ ਹੋਈ। ਆਪ ਰਵਿਦਾਸੀਆ ਭਾਈਚਾਰੇ ਨਾਲ ਸੰਬੰਧਿਤ ਸਨ ਤੇ ਆਪ ਦਾ ਪਿਤਾ-ਪੁਰਖੀ ਕਿੱਤਾ ਕੱਪੜਾ ਬੁਣਨਾ ਸੀ। ਭਾਈ ਦਿੱਤ ਸਿੰਘ ਦਾ ਬਚਪਨ ਦਾ ਨਾਂ ਰਾਮ ਦਿੱਤਾ ਸੀ। ਫਿਰ ਇਹ ਦਿੱਤਾ ਰਾਮ ਵਿੱਚ ਤਬਦੀਲ ਹੋ ਗਿਆ। ਸਿੰਘ ਸਭਾ ਲਹਿਰ ਵਿੱਚ ਸ਼ਾਮਿਲ ਹੋਣ ਅਰਥਾਤ ਸਿੰਘ ਸਜਣ ਤੋਂ ਪਹਿਲਾਂ ਤੱਕ ਆਪ ਦਾ ਇਹੋ ਨਾਂ (ਦਿੱਤ ਰਾਮ ਦਿੱਤਾ) ਪ੍ਰਚਲਿੱਤ ਰਿਹਾ। ਪਿਤਾ ਸੰਤ ਦੀਵਾਨ ਸਿੰਘ ਉਪਰ ਉਦਾਸੀ ਮਹਾਤਮਾ ਗੁਲਾਬ ਦਾਸ ਦਾ ਵੱਡਾ ਪ੍ਰਭਾਵ ਸੀ।

17 ਸਾਲ ਦੀ ਭਰ ਜਵਾਨ ਉਮਰ ਤੱਕ ਖਰੜ ਨੇੜਲੇ ਤਿਊੜ ਦੇ ਉਦਾਸੀਨ ਡੇਰੇ ਵਿੱਚ ਸਿੱਖਿਆ ਗ੍ਰਹਿਣ ਕਰਦਿਆਂ ਜਦੋਂ ਸੰਤ ਦਿੱਤਾ ਰਾਮ ਇਲਾਕੇ ਦੇ ਚੰਗੇ ਵਿਦਵਾਨ ਤੇ ਉੱਘੇ ਗੁਰਮਤਿ ਪ੍ਰਚਾਰਕ ਵਜੋਂ ਜਾਣੇ ਜਾਣ ਲੱਗ ਪਏ ਤਾਂ ਸੰਤ ਭਾਗ ਸਿੰਘ ਦੀ ਸਰਪ੍ਰਸਤੀ ਤੇ ਪ੍ਰੇਰਨਾ ਸਦਕਾ ਉਹ ਹੋਰ ਉਚੇਰੀ ਸਿੱਖਿਆ ਹਾਸਲ ਕਰਨ ਲਈ, ਮਹਾਰਾਜਾ ਰਣਜੀਤ ਸਿੰਘ ਦੀ ਰਾਜਧਾਨੀ ਰਹੇ ਪੰਜਾਬ ਦੇ ਨਾਮਵਰ ਕੇਂਦਰੀ ਸ਼ਹਿਰ ਲਾਹੌਰ ਦੇ ਬਿਲਕੁਲ ਨਜ਼ਦੀਕ ਸਥਿਤ ਗੁਲਾਬਦਾਸੀਆਂ ਦੇ ਪ੍ਰਮੁੱਖ ਟਿਕਾਣੇ ਚੱਠਿਆਂ ਵਾਲਾ ਪਹੁੰਚ ਗਏ। ਸੰਨ 1867-68 ਵਿੱਚ ਸਾਧੂ ਦਿੱਤਾ ਰਾਮ ਦਾ ਲਾਹੌਰ ਸ਼ਹਿਰ ਦੀਆਂ ਬਰੂਹਾਂ ’ਤੇ ਚੱਠਿਆਂ ਵਾਲਾ ਆਉਣਾ ਉਨ੍ਹਾਂ ਦੇ ਜੀਵਨ ਵਿੱਚ ਇੱਕ ਵੱਡੀ ਕਰਵਟ ਸੀ। ਗੁਲਾਬ ਦਾਸੀ ਡੇਰੇ ਦੇ ਖੁੱਲ੍ਹੇ-ਸਾਹਿਤਕ ਮਾਹੌਲ ਤੇ ਲਾਹੌਰ ਸ਼ਹਿਰ ਦੀ ਬਹੁ-ਭਾਂਤੀ ਸਮਾਜਿਕ, ਧਾਰਮਿਕ, ਰਾਜਨੀਤਕ ਤੇ ਦਾਰਸ਼ਨਿਕ ਸਰਗਰਮੀਆਂ ਨਾਲ ਖੌਲਦੀ ਆਜ਼ਾਦ ਫ਼ਿਜ਼ਾ ਨੇ ਬੇਹੱਦ ਸਿਰਜਣਾਤਮਕ, ਊਰਜਾਮਈ ਤੇ ਚਮਕਦਾਰ ਪ੍ਰਤਿਭਾ ਨੂੰ ਹੋਰ ਮੌਲਣ, ਨਿਖਰਣ ਲਈ ਸੁਖਾਵਾਂ ਧਰਾਤਲ ਪ੍ਰਦਾਨ ਕੀਤਾ।

ਸਾਧੂ ਦਿੱਤਾ ਰਾਮ ਜੀ ਦੇ ਕਵੀ ਤੇ ਸਾਹਿਤਕਾਰ ਵਜੋਂ ਸਫ਼ਰ ਦਾ ਆਗਾਜ਼ ਨਿਰਸੰਦੇਹ ਚੱਠਿਆਂ ਵਾਲਾ ਡੇਰੇ ਤੋਂ ਹੋਇਆ, ਜੋ ਅੱਗੇ ਜਾ ਕੇ ਨਿਰੰਤਰ ਨਵੀਆਂ ਪੁਲਾਂਘਾਂ ਪੁੱਟਦਾ ਗਿਆ। ਕਵੀ ਹੋਣ ਤੋਂ ਪਹਿਲਾਂ ਮੂਲ ਰੂਪ ਵਿਚ ਉਹ ਵਿਵੇਕਸ਼ੀਲ ਦਾਰਸ਼ਨਿਕ, ਗੁਰਮਤਿ ਟੀਕਾਕਾਰ, ਵਕਤਾ ਸਨ। ਇਨ੍ਹਾਂ ਸ਼ੌਕਾਂ ਕਾਰਣ ਆਪਣੀ ਚੱਠਿਆਂ ਵਾਲਾ ਠਾਹਰ ਦੌਰਾਨ ਹੀ ਉਹ ਸਾਲ 1876-77 ਈਸਵੀ ਵਿੱਚ ਹੌਲੀ-ਹੌਲੀ ਪਹਿਲਾਂ ਲਾਹੌਰ ਵਿਖੇ ਚੱਲ ਰਹੀ ਆਰੀਆ ਸਮਾਜ ਤੇ ਫਿਰ ਸ੍ਰੀ ਗੁਰੂ ਸਿੰਘ ਸਭਾ ਲਹਿਰ ਨਾਲ ਜਾ ਜੁੜੇ।

ਸਾਧੂ ਦਿੱਤਾ ਰਾਮ ਜੀ ਦੇ ਪਰਮ ਮਿੱਤਰ ਭਾਈ ਜਵਾਹਰ ਸਿੰਘ ਮੂਲ ਰੂਪ ਵਿੱਚ ਭਾਵੇਂ ਗੁਲਾਬ ਦਾਸੀ ਸੰਤ ਸਨ ਪਰ 1876 ਈਸਵੀ ਵਿੱਚ ਲਾਹੌਰ ਵਿਖੇ ਰੇਲਵੇ ਵਿੱਚ ਬਾਬੂ ਦੀ ਨੌਕਰੀ ਮਿਲ ਜਾਣ ਤੋਂ ਬਾਅਦ ਉਹ ਆਰੀਆ ਸਮਾਜ ਲਾਹੌਰ ਦੀਆਂ ਗਤੀਵਿਧੀਆਂ ਨਾਲ ਵੀ ਜੁੜ ਗਏ। ਅੱਗੋਂ ਨਜ਼ਦੀਕੀ ਸੰਗੀ-ਸਾਥੀ ਹੋਣ ਦੇ ਨਾਤੇ ਸੰਤ ਦਿੱਤਾ ਰਾਮ ਵੀ ਉਨ੍ਹਾਂ ਦੀ ਮਾਰਫ਼ਤ ਲਾਹੌਰ ਦੇ ਨਾਮਵਰ ਆਰੀਆ ਸਮਾਜੀ ਵਿਦਵਾਨਾਂ ਦੇ ਸੰਪਰਕ ਵਿੱਚ ਰਹੇ। ਦੋਵਾਂ ਵਿਦਵਾਨ ਤੇ ਊਰ-ਜਵਾਨ ਮਿੱਤਰਾਂ ਦੇ ਆਰੀਆ ਸਮਾਜ ਨਾਲ ਜੁੜਨ ਦੇ ਮੋਟੇ ਰੂਪ ਵਿੱਚ ਦੋ ਕਾਰਨ ਸਨ। ਇੱਕ ਤਾਂ ਇਹ ਦੋਵੇਂ ਖੁੱਲ੍ਹੇ ਵਿਚਾਰਾਂ ਵਾਲੇ ਵਿਵੇਕਮਈ ਤੇ ਗਤੀਸ਼ੀਲ ਗੁਲਾਬ ਦਾਸੀ ਵਿਚਾਰਵਾਨ ਸਨ। ਦੂਸਰਾ ਵਿਚਾਰਾਂ ਤੇ ਉਦੇਸ਼ਾਂ ਦੀ ਪੱਧਰ ’ਤੇ ਆਰੀਆ ਸਮਾਜੀਆਂ ਨਾਲ ਅਨੇਕ ਵੱਖਰਤਾਵਾਂ ਦੇ ਬਾਵਜੂਦ ਕੁਝ ਸਮਾਨਤਾਵਾਂ ਵੀ ਰੱਖਦੇ ਸਨ। ਮੋਟੇ ਰੂਪ ਵਿੱਚ ਧਾਰਮਿਕ ਪਾਖੰਡਾਂ, ਵਹਿਮਾਂ-ਭਰਮਾਂ ਆਦਿ ਦੇ ਵਿਰੋਧੀ ਸਨ। ਇਹ ਉਪਰੋਕਤ ਦਰਜ ਦੋ ਕਾਰਨਾਂ ਦਾ ਹੀ ਸਹਿਜ ਸਿੱਟਾ ਸੀ ਕਿ ਆਰੀਆ ਸਮਾਜ ਦੇ ਮੋਢੀ ਸਵਾਮੀ ਦਯਾ ਨੰਦ ਸਰਸਵਤੀ, ਜੋ ਗੁਜਰਾਤ (ਕਾਠੀਆਵਾੜ) ਦੇ ਜੰਮਪਲ ਸਨ, ਅਪਰੈਲ 1877 ਵਿੱਚ ਵੇਦਕ ਧਰਮ ਦਾ ਪ੍ਰਚਾਰ ਕਰਦੇ ਜਦੋਂ ਪਹਿਲੀ ਵਾਰ ਲਾਹੌਰ ਆਏ ਤਾਂ ਉਨ੍ਹਾਂ ਨਾਲ ਸੰਤ ਦਿੱਤਾ ਰਾਮ ਦੇ ਤਿੰਨ ਸੰਵਾਦ ਹੋਏ।

ਇਨ੍ਹਾਂ ਸੰਵਾਦਾਂ ਵਿੱਚ ਸਾਧੂ ਦਿੱਤਾ ਰਾਮ ਜੇਤੂ ਰਹੇ। ਇਸ ਪੱਖੋਂ “ਸਾਧੂ ਦਯਾ ਨੰਦ ਨਾਲ ਮੇਰਾ ਸੰਵਾਦ” ਪੁਸਤਕ ਤੋਂ ਇਲਾਵਾ ਸਾਧੂ ਦਯਾਨੰਦ ਦੀ ਉਸ ਸਮੇਂ ਦੀ ਕਿਤਾਬ “ਸੱਤਿਯਾਰਥ ਪ੍ਰਕਾਸ਼” ਵਿਚਲੇ ਝੂਠ, ਆਡੰਬਰ ਤੇ ਦੰਭ ਨੂੰ ਬੇਪਰਦ ਕਰਨ ਹਿੱਤ, ਉਨ੍ਹਾਂ ਵੱਲੋਂ ਲਿਖੀ ਤਰਕ-ਭਰਪੂਰ ਪੁਸਤਕ “ਦੰਭ ਵਿਦਾਰਣ” ਵੀ ਵਿਚਾਰਨਯੋਗ ਹੈ। ਵੱਖ-ਵੱਖ ਵਿਸ਼ਿਆਂ ਉਪਰ ਖ਼ਾਲਸਾ ਅਖ਼ਬਾਰ ਵਿੱਚ ਲਿਖੇ ਕਈ ਸਾਰੇ ਸੰਪਾਦਕੀ ਲੇਖਾਂ ਤੋਂ ਇਲਾਵਾ ਉਨ੍ਹਾਂ ਦੀ ਸਾਹਿਤਕ ਜਾਂ ਪੁਸਤਕ ਰੂਪ ਵਿੱਚ ਉਪਲਬਧ ਵਾਰਤਕ ਦੀਆਂ ਕੁਝ ਹੋਰ ਪ੍ਰਮੁੱਖ ਰਚਨਾਵਾਂ ਹੇਠ ਲਿਖੇ ਅਨੁਸਾਰ ਹਨ:। ਨਕਲੀ ਸਿੱਖ ਪ੍ਰਬੋਧ (1893), ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ (1896),ਡਰਪੋਕ ਸਿੰਘ ਤੇ ਦਲੇਰ ਸਿੰਘ, ਦੁਰਗਾ ਪ੍ਰਬੋਧ (1899), ਗੁਰਮਤਿ ਆਰਤੀ ਪ੍ਰਬੋਧ (1900), ਜੀਵਨ ਕਥਾ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀਵਨ ਚਰਿਤ, ਜੀਵਨ-ਕਥਾ ਗੁਰੂ ਅਰਜਨ ਦੇਵ ਜੀ, ਗੁਰੂ ਅਰਜਨ ਪ੍ਰਬੋਧ, ਜੀਵਨ-ਕਥਾ ਗੁਰੂ ਹਰਿ ਰਾਏ ਸਾਹਿਬ ਜੀ,ਜੀਵਨ-ਕਥਾ ਗੁਰੂ ਤੇਗ ਬਹਾਦਰ ਜੀ।

ਉਹ ਸਪਤਾਹਿਕ ‘ਖ਼ਾਲਸਾ ਅਖ਼ਬਾਰ’ ਦੇ ਸੰਪਾਦਕ ਵੀ ਸਨ। ਉਨ੍ਹਾਂ ਦੀ ਕਿਤਾਬ ਰੂਪ ਵਿੱਚ ਉਪਲਬੱਧ ਵਾਰਤਕ ਅਤੇ ਅਖ਼ਬਾਰ ਵਿੱਚ ਪ੍ਰਕਾਸ਼ਿਤ ਵਿਆਖਿਆਤਮਕ ਤੇ ਬਿਰਤਾਂਤਕ ਵਾਰਤਕ ਦਰਮਿਆਨ ਕੋਈ ਸਪੱਸ਼ਟ ਲਕੀਰੀ ਵੱਖਰਤਾ ਸਥਾਪਿਤ ਕਰਨੀ ਸੰਭਵ ਨਹੀਂ। ਉਨ੍ਹਾਂ ਦੀ ਪੁਸਤਕ ਰੂਪ ਵਿੱਚ ਛਪੀ ਵਾਰਤਕ ਦੇ ਅਨੇਕ ਵਿਸ਼ੇ ਲੋੜ ਅਨੁਸਾਰ ਖ਼ਾਲਸਾ ਅਖ਼ਬਾਰ ਦਾ ਸ਼ਿੰਗਾਰ ਬਣਦੇ ਰਹੇਂ। ਗਿਆਨੀ ਦਿੱਤ ਸਿੰਘ ਨਿਧੜਕ ਸਿੱਖ ਚਿੰਤਕ ਤੇ ਪ੍ਰਬੁੱਧ ਵਾਰਤਕਕਾਰ ਪੱਤਰਕਾਰ ਵਜੋਂ ਵਿਚਰਦਿਆਂ, ਸਾਲ 1879 ਤੋਂ ਲੈ ਕੇ ਆਪਣੇ ਅੰਤਿਮ ਸਮੇਂ (1901) ਤੱਕ ਸਿੰਘ ਸਭਾ ਲਹਿਰ ਤੇ ਗੁਰਮਤਿ ਪ੍ਰਚਾਰ ਦੀਆਂ ਸਰਗਰਮੀਆਂ ਵਿੱਚ ਰੁੱਝੇ ਰਹੇ। ਆਪਣੇ ਸਮੇਂ ਦਾ ਇਹ ਯੋਧਾ ਸਿੱਖ ਚਿੰਤਕ ਅਤੇ ਵਾਰਤਕਕਾਰ 6 ਸਤੰਬਰ, 1901 ਨੂੰ ਸੰਸਾਰ ਨੂੰ ਅਲਵਿਦਾ ਕਹਿ ਗਿਆ।

# ਏਅਰ ਮਾਰਸ਼ਲ ਤਜਿੰਦਰ ਸਿੰਘ ਨੇ ਹਵਾਈ ਫ਼ੌਜ ਦੇ ਉਪ ਮੁਖੀ ਵਜੋਂ ਅਹੁਦਾ ਸੰਭਾਲਿਆ



ਏਅਰ ਮਾਰਸ਼ਲ ਤਜਿੰਦਰ ਸਿੰਘ ਨੇ ਐਤਵਾਰ ਨੂੰ ਭਾਰਤੀ ਹਵਾਈ ਫ਼ੌਜ ਦੇ ਉਪ ਮੁਖੀ ਵਜੋਂ ਅਹੁਦਾ ਸੰਭਾਲ ਲਿਆ ਹੈ। ਏਅਰ ਫੋਰਸ ਹੈੱਡਕੁਆਰਟਰ (ਵਾਯੂ ਭਵਨ) ’ਚ ਅਹੁਦਾ ਸੰਭਾਲਣ ਤੋਂ ਬਾਅਦ ਏਅਰ ਮਾਰਸ਼ਲ ਨੇ ਰਾਸ਼ਟਰੀ ਯੁੱਧ ਸਮਾਰਕ 'ਤੇ ਫੁੱਲਮਾਲਾ ਚੜ੍ਹਾ ਕੇ ਸਰਵਉੱਚ ਬਲੀਦਾਨ ਦੇਣ ਵਾਲੇ ਬਹਾਦਰ ਸੈਨਿਕਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਨੈਸ਼ਨਲ ਡਿਫੈਂਸ ਅਕੈਡਮੀ ਦੇ ਸਾਬਕਾ ਵਿਦਿਆਰਥੀ ਏਅਰ ਮਾਰਸ਼ਲ ਤਜਿੰਦਰ ਨੂੰ 13 ਜੂਨ 1987 ਨੂੰ ਭਾਰਤੀ ਹਵਾਈ ਸੈਨਾ ਦੀ ਲੜਾਕੂ ਸ਼ਾਖਾ ’ਚ ਕਮਿਸ਼ਨ ਦਿੱਤਾ ਗਿਆ ਸੀ।

ਰੱਖਿਆ ਮੰਤਰਾਲੇ ਨੇ ਇਕ ਬਿਆਨ ’ਚ ਕਿਹਾ ਕਿ ਤਜਿੰਦਰ ਸਿੰਘ 4500 ਘੰਟਿਆਂ ਤੋਂ ਵੱਧ ਉਡਾਣ ਦਾ ਤਜਰਬਾ ਰੱਖਣ ਵਾਲੇ ਸ਼੍ਰੇਣੀ 'ਏ' ਦੇ ਫਲਾਇੰਗ ਇੰਸਟ੍ਰਕਟਰ ਹਨ। ਉਨ੍ਹਾਂ ਨੇ ਲੜਾਕੂ ਸਕੁਐਡਰਨ, ਰਾਡਾਰ ਸਟੇਸ਼ਨ, ਪ੍ਰਮੁੱਖ ਲੜਾਕੂ ਬੇਸ ਦੀ ਕਮਾਂਡ ਕੀਤੀ ਹੈ ਅਤੇ ਜੰਮੂ-ਕਸ਼ਮੀਰ ’ਚ ਏਅਰ ਅਫਸਰ ਕਮਾਂਡਿੰਗ ਸਨ। ਆਪਣੀ ਮੌਜੂਦਾ ਨਿਯੁਕਤੀ ਤੋਂ ਪਹਿਲਾਂ ਉਹ ਭਾਰਤੀ ਹਵਾਈ ਫ਼ੌਜ, ਸ਼ਿਲਾਂਗ, ਮੇਘਾਲਿਆ ਦੇ ਹੈੱਡਕੁਆਰਟਰ ਈਸਟਰਨ ਏਅਰ ਕਮਾਂਡ ’ਚ ਸੀਨੀਅਰ ਏਅਰ ਸਟਾਫ ਅਫਸਰ ਸਨ।

# ਕੁਝ ਨੌਕਰੀਆਂ ਜਿਨ੍ਹਾਂ ਦੀ ਭਵਿੱਖ 'ਚ ਸਭ ਤੋਂ ਵੱਧ ਮੰਗ ਹੋਵੇਗੀ

ਲੇਬਰ ਮਾਰਕੀਟ ਬਹੁਤ ਤੇਜ਼ੀ ਨਾਲ ਬਦਲ ਰਹੀ ਹੈ ਅਤੇ ਅੱਜ ਦੀਆਂ ਬਹੁਤ ਸਾਰੀਆਂ ਨੌਕਰੀਆਂ ਜਲਦ ਹੀ ਅਲੋਪ ਹੋਣ ਕਿਨਾਰੇ ਆ ਜਾਣਗੀਆਂ। ਵਿਸ਼ਵ ਇਕਨੌਮਿਕ ਫਾਰਮ ਦੇ ਤਾਜ਼ਾ ਅਧਿਐਨ ਮੁਤਾਬਕ ਚੀਜ਼ਾਂ 'ਚ ਤਬਦੀਲੀਆਂ ਲਿਆਉਣ ਵਾਲੇ ਦੋ ਮੁੱਖ ਕਾਰਕ ਹਨ, ਨਵੀਂ ਤਕਨਾਲੋਜੀ ਅਤੇ ਆਟੋਮੇਸ਼ਨ ਦਾ ਉਭਰਨਾ ਅਤੇ ਹਰੀ ਆਰਥਿਕਤਾ ਤੇ ਸਥਿਰਤਾ ਵੱਲ ਰੁਖ ਕਰਨਾ। ਨਵੀਆਂ ਤਕਨੀਕਾਂ ਜਿਵੇਂ ਕਿ ਵੱਡਾ ਡੇਟਾ, ਕਲਾਉਡ ਕੰਪਿਊਟਿੰਗ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਵਿੱਚ ਤੇਜ਼ੀ ਨਾਲ ਹੋ ਰਹੀ ਤਰੱਕੀ ਲੇਬਰ ਮਾਰਕੀਟ ਵਿੱਚ ਗੰਭੀਰ ਬਦਲਾਅ ਲਿਆ ਸਕਦੀ ਹੈ। ਹਾਲਾਂਕਿ ਚੰਗੀ ਖ਼ਬਰ ਇਹ ਹੈ ਕਿ ਨਵੀਆਂ ਤਕਨੀਕਾਂ ਦੇ ਆਉਣ ਨਾਲ ਜਿੱਥੇ ਸਮੁੱਚੀ ਆਰਥਿਕਤਾ ਨੂੰ ਹੁਲਾਰਾ ਮਿਲਦਾ ਹੈ, ਉੱਥੇ ਹੀ ਇਹ ਕੁਝ ਨੌਕਰੀਆਂ ਨੂੰ ਤਬਾਹ ਕਰਦੇ ਹੋਏ, ਕਈ ਹੋਰ ਪੈਦਾ ਵੀ ਕਰਦਾ ਹੈ। ਆਖ਼ਰਕਾਰ, ਜਦੋਂ ਕਿਸੇ ਕਾਰੋਬਾਰ ਵਿੱਚ ਘੱਟ ਸਰੋਤਾਂ ਨਾਲ ਵਧੇਰੇ ਪ੍ਰਾਪਤੀਆਂ ਹੋ ਰਹੀਆਂ ਹੋਣ, ਤਾਂ ਉਹ ਕੁਦਰਤੀ ਤੌਰ 'ਤੇ ਵੱਧਦਾ ਹੀ ਹੈ। ਵਿਸ਼ਵ ਆਰਥਿਕ ਫੋਰਮ ਦੇ ਖੋਜਕਰਤਾਵਾਂ ਦੇ ਮੁਤਾਬਕ ਅਗਲੇ ਪੰਜ ਸਾਲਾਂ ਵਿੱਚ ਸਾਰੇ ਮੌਜੂਦਾ ਪੇਸ਼ਿਆਂ ਦਾ ਲਗਭਗ ਇੱਕ ਚੌਥਾਈ ਹਿੱਸਾ ਬਦਲ ਜਾਵੇਗਾ। ਇਸ ਲਈ, ਲੇਬਰ ਮਾਰਕੀਟ ਵਿੱਚ ਵੱਧ ਰਹੀ ਪ੍ਰਤੀਯੋਗਿਤਾ ਵਿਚਾਲੇ ਕਾਮਯਾਬ ਹੋਣ ਲਈ, ਇੱਕ ਵਿਅਕਤੀ ਨੂੰ ਲਗਾਤਾਰ ਨਵੇਂ ਹੁਨਰ ਅਤੇ ਯੋਗਤਾਵਾਂ ਸਿੱਖਣ ਦੀ ਲੋੜ ਹੋਵੇਗੀ।

### ਚੋਟੀ ਦੇ ਹੁਨਰ

ਨਵੀਂ ਲੇਬਰ ਮਾਰਕੀਟ ਵਿੱਚ ਮੁਕਾਬਲਾ ਕਰਨ ਯੋਗ ਹੋਣ ਲਈ 'ਤਕਨੀਕੀ ਸਾਖਰਤਾ' ਹੋਣਾ ਮੁੱਖ ਹੁਨਰਾਂ ਵਿੱਚੋਂ ਇੱਕ ਹੈ। ਇਸ ਦਾ ਮਤਲਬ ਇਹ ਨਹੀਂ ਹੈ ਕਿ ਹਰ ਕਿਸੇ ਨੂੰ ਪ੍ਰੋਗਰਾਮਿੰਗ ਭਾਸ਼ਾਵਾਂ ਆਉਣੀਆਂ ਚਾਹੀਦੀਆਂ ਹਨ ਜਾਂ ਮਸ਼ੀਨੀ ਸਿਖਲਾਈ ਦੀਆਂ ਪੇਚੀਦਗੀਆਂ ਦੀ ਸਮਝ ਹੋਣੀ ਚਾਹੀਦੀ ਹੈ। ਪਰ ਇਹ ਮੰਨਿਆ ਜਾਂਦਾ ਹੈ ਕਿ ਭਵਿੱਖ ਵਿੱਚ 'ਐੱਸਟੀਈਐੱਮ ਨੌਕਰੀਆਂ' ਦੀ ਮੰਗ ਹੋਰ ਵੀ ਵੱਧ ਜਾਵੇਗੀ। ਐੱਸਟੀਈਐੱਮ ਯਾਨੀ ਵਿਗਿਆਨ, ਤਕਨਾਲੋਜੀ, ਇੰਜੀਨੀਅਰਿੰਗ, ਅਤੇ ਗਣਿਤ। ਇਹ ਸ਼ਬਦ ਵੱਖਰੇ ਪਰ ਸੰਬੰਧਿਤ ਤਕਨੀਕੀ ਵਿਸ਼ਿਆਂ ਨੂੰ ਇਕੱਠੇ ਕਰਨ ਲਈ ਵਰਤਿਆ ਜਾਂਦਾ ਹੈ। ਤਾਂ ਜੇਕਰ ਤੁਸੀਂ ਸੋਚ ਰਹੇ ਹੋ ਕਿ ਤੁਹਾਡੇ ਬੱਚਿਆਂ ਨੂੰ ਸਕੂਲ ਵਿੱਚ ਕਿਹੜੇ ਵਿਸ਼ਿਆਂ 'ਤੇ ਧਿਆਨ ਦੇਣਾ ਚਾਹੀਦਾ ਹੈ, ਤਾਂ ਇਸ ਦਾ ਜਵਾਬ ਹੈ: ਗਣਿਤ, ਕੰਪਿਊਟਰ ਵਿਗਿਆਨ ਅਤੇ ਕੁਦਰਤੀ ਵਿਗਿਆਨ। ਅਗਲਾ ਧਿਆਨ ਦੇਣ ਯੋਗ ਹੁਨਰ ਹੈ ਵਿਸ਼ਲੇਸ਼ਣਾਤਮਕ ਸੋਚ। ਇਸ ਵਿੱਚ ਬਿਹਤਰ ਹੋਣ ਲਈ ਬੋਧਾਤਮਕ ਯੋਗਤਾਵਾਂ ਯਾਨੀ ਮਨ ਅਤੇ ਪੈਟਰਨਾਂ ਨੂੰ ਧਿਆਨ ਵਿੱਚ ਰੱਖਣ, ਤੱਥਾਂ ਨੂੰ ਜੋੜਨ ਅਤੇ ਭਾਵਨਾਵਾਂ ਜਾਂ ਨਿੱਜੀ ਤਰਜੀਹਾਂ ਨੂੰ ਪਿੱਛੇ ਰੱਖ ਕੇ ਸਿੱਟੇ ਕੱਢਣ ਦੀ ਯੋਗਤਾ ਨੂੰ ਨਿਖਾਰਨ ਦੀ ਲੋੜ ਹੁੰਦੀ ਹੈ।

ਇਨ੍ਹਾਂ ਹੁਨਰਾਂ ਦੇ ਯੋਗ ਹੋਣ ਲਈ ਤੁਹਾਡਾ ਧਿਆਨ ਦੇਣਾ ਅਤੇ ਇਕਾਗਰ ਹੋਣਾ ਬਹੁਤ ਜ਼ਰੂਰੀ ਹੈ ਕਿਉਂਕਿ ਯੰਤਰ, ਸੋਸ਼ਲ ਨੈਟਵਰਕ, ਔਨਲਾਈਨ ਗੇਮਾਂ ਅਤੇ ਇਸ਼ਤਿਹਾਰ ਲਗਾਤਾਰ ਸਾਡਾ ਧਿਆਨ ਆਪਣੇ ਵੱਲ ਖਿੱਚਦੇ ਹਨ। ਵਿਸ਼ਲੇਸ਼ਣਾਤਮਕ ਹੁਨਰ ਵਿੱਚ ਉਤਸੁਕਤਾ ਹੋਣਾ ਅਤੇ ਨਿਰੰਤਰ ਸਵੈ-ਸਿੱਖਿਆ ਵੀ ਸ਼ਾਮਲ ਹੁੰਦੀ ਹੈ ਅਤੇ ਲਗਾਤਾਰ ਬਿਹਤਰ ਕਰਨ ਤੇ ਸਿੱਖਣ ਲਈ ਤੁਹਾਡਾ ਆਪਣੇ ਟੀਚੇ ਵੱਲ ਧਿਆਨ ਕੇਂਦਰਿਤ ਕਰਨਾ ਬੇਹੱਦ ਜ਼ਰੂਰੀ ਹੈ। ਉੱਚ ਪੱਧਰੀ ਅੰਗਰੇਜ਼ੀ ਸਿੱਖਣਾ ਅਤੇ ਰਚਨਾਤਮਕ ਹੋਣਾ ਵੀ ਬਹੁਤ ਜ਼ਰੂਰੀ ਹੁਨਰ ਹਨ।

ਵਿਗਿਆਨ, ਇੰਜੀਨੀਅਰਿੰਗ ਅਤੇ ਡਿਜ਼ਾਈਨ ਜਾਂ ਕਲਾ ਵਿੱਚ ਉਹ ਵਿਅਕਤੀ ਸੁਨਹਿਰੀ ਕਾਮਯਾਬੀ ਹਾਸਲ ਕਰ ਸਕਦਾ ਹੈ ਜੋ ਤਕਨੀਕੀ ਸਾਖਰਤਾ ਨੂੰ ਰਚਨਾਤਮਕਤਾ ਨਾਲ ਜੋੜਨ ਦੇ ਯੋਗ ਹੈ। ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ) ਦੇ ਯੁੱਗ ਵਿੱਚ ਵਿਸ਼ੇਸ਼ ਤੌਰ 'ਤੇ ਸੰਚਾਰ ਅਤੇ ਹਮਦਰਦੀ ਦੋ ਬਹੁਤ ਹੀ ਉੱਚ ਕੀਮਤੀ ਹੁਨਰ ਹੋਣਗੇ। ਮਸ਼ੀਨਾਂ ਭਾਵੇਂ ਜਿੰਨੀ ਵੀ ਤੇਜ਼ੀ ਨਾਲ ਵਿਕਸਿਤ ਕਿਉਂ ਨਾ ਹੋਣ, ਇਨਸਾਨਾਂ ਨੂੰ ਹਮੇਸ਼ਾ ਇਨਸਾਨ ਦੀ ਹੀ ਲੋੜ ਪਵੇਗੀ ਅਤੇ ਇਸ ਦੌਰਾਨ ਮਨੁੱਖੀ ਧਿਆਨ, ਟੀਮ ਵਰਕ, ਸੁਣਨ ਦੀ ਯੋਗਤਾ, ਕਹਾਣੀ ਸੁਣਾਉਣ, ਸਮਰਥਨ ਅਤੇ ਹਮਦਰਦੀ ਦੀ



ਹੋਰ ਵੀ ਜ਼ਿਆਦਾ ਕਦਰ ਕੀਤੀ ਜਾਵੇਗੀ। ਪੇਸ਼ੇਵਰਾਂ ਲਈ ਇੱਕ ਸੋਸ਼ਲ ਮੀਡੀਆ ਪਲੇਟਫਾਰਮ ਲਿੰਕਡਇਨ 'ਤੇ 2020 ਵਿੱਚ ਪ੍ਰਕਾਸ਼ਿਤ ਕੀਤੀ ਗਈ ਇੱਕ ਰਿਪੋਰਟ ਅਨੁਸਾਰ, ਅੱਜ ਦੇ ਨੌਕਰੀ ਦੇ ਖੇਤਰ ਵਿੱਚ ਸੰਚਾਰ ਅਜਿਹਾ ਹੁਨਰ ਹੈ ਜਿਸ ਦੀ ਸਭ ਤੋਂ ਵੱਧ ਮੰਗ ਹੈ। ਇੱਕ ਵਰਕਪਲੇਸ ਟੈਲੇਂਟ ਅਤੇ ਐਨਗੇਜਮੈਂਟ ਮਾਹਰ ਡੈਨ ਨੇਗਰੋਨੀ ਦਾ ਕਹਿਣਾ ਹੈ ਕਿ, "ਕੰਮ ਵਾਲੀ ਥਾਂ 'ਤੇ ਏਆਈ ਅਤੇ ਰੋਬੋਟਿਕਸ ਦੀ ਵੱਧ ਰਹੀ ਵਰਤੋਂ, ਵੱਧਦੀ ਰਿਮੋਟ ਵਰਕਫੋਰਸ (ਵੱਖ-ਵੱਖ ਥਾਵਾਂ ਤੋਂ ਕੰਮ ਕਰਨ ਵਾਲੇ) ਅਤੇ ਤਕਨਾਲੋਜੀ ਸਾਨੂੰ ਦੁਨੀਆ ਭਰ ਦੇ ਲੋਕਾਂ ਨਾਲ ਜੁੜਨ ਦੀ ਇਜਾਜ਼ਤ ਦਿੰਦੀ ਹੈ।"

ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ ਕਿ ਸੂਚਨਾ ਤਕਨਾਲੋਜੀਆਂ ਅਤੇ ਨਵੀਆਂ ਤਕਨਾਲੋਜੀਆਂ ਨੇੜਲੇ ਭਵਿੱਖ ਵਿੱਚ ਵੀ ਸਭ ਤੋਂ ਵੱਧ ਹੋਣਹਾਰ ਉਦਯੋਗਾਂ ਵਿੱਚੋਂ ਇੱਕ ਹੋਣਗੀਆਂ। ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਮਸ਼ੀਨ ਲਰਨਿੰਗ ਦਾ ਵਿਕਾਸ ਵੀ ਆਕਰਸ਼ਕ ਵਿਕਲਪ ਲਿਆਵੇਗਾ। ਇਸ ਖੇਤਰ ਵਿੱਚ ਭਵਿੱਖ ਦੇ ਸਭ ਤੋਂ ਵੱਧ ਆਸਵੰਦ ਪੇਸ਼ਿਆਂ 'ਚੋਂ ਇੱਕ ਪੇਸ਼ਾ ਪ੍ਰੋਂਪਟ ਇੰਜੀਨੀਅਰ ਦਾ ਹੈ, ਜੋ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਮਾਡਲਾਂ ਨਾਲ ਸੰਚਾਰ ਕਰਨ 'ਚ ਮਾਹਰ ਹੈ। ਇਹ ਬੇਨਤੀਆਂ ਨੂੰ ਸਹੀ ਢੰਗ ਨਾਲ ਤਿਆਰ ਕਰਨ ਵਿੱਚ ਮਦਦ ਕਰੇਗਾ ਅਤੇ ਮਸਨੂਈ ਬੁੱਧੀ (ਏਆਈ) ਅਤੇ ਲੋਕਾਂ ਵਿਚਾਲੇ ਇੱਕ ਵਿਚੋਲੇ ਵਜੋਂ ਕੰਮ ਕਰੇਗਾ। ਓੁਈ ਨਾਲ ਸਬੰਧਤ ਹੋਰ ਸੰਭਾਵਿਤ ਨੌਕਰੀਆਂ ਵਿੱਚ ਨੈਤਿਕ ਵਿਗਿਆਨੀ ਵੀ ਸ਼ਾਮਲ ਹਨ। ਇਹ ਉਹ ਵਿਅਕਤੀ ਹਨ ਜੋ ਨੈਤਿਕਤਾ, ਸੁਰੱਖਿਆ ਇੰਜੀਨੀਅਰ ਅਤੇ ਮਨੁੱਖੀ-ਮਸ਼ੀਨ ਦੇ ਆਪਸੀ ਤਾਲਮੇਲ ਲਈ ਉਪਭੋਗਤਾ-ਅਨੁਕੂਲ ਇੰਟਰਫੇਸ ਦੇ ਡਿਵੈਲਪਰਾਂ ਵਿੱਚ ਮੁਹਾਰਤ ਰੱਖਦੇ ਹਨ।

ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਮਾਮਲੇ ਵਿੱਚ, ਆਮ ਔਰ 'ਤੇ ਵੱਖ-ਵੱਖ ਪੇਸ਼ਿਆਂ ਦੇ ਲੋਕਾਂ ਨੂੰ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਇਸ ਨੂੰ ਇੱਕ ਪ੍ਰਤੀਯੋਗੀ ਦੇ ਰੂਪ ਵਿੱਚ ਨਹੀਂ, ਸਗੋਂ ਇੱਕ ਸਾਥੀ ਦੇ ਰੂਪ ਵਿੱਚ ਦੇਖਣ ਅਤੇ ਇਹ ਸਮਝਣ ਕਿ ਇਸ ਨਾਲ ਕਿਵੇਂ ਸਹਿਯੋਗ ਕਰਨਾ ਹੈ। ਇੱਕ ਹੋਰ ਖੇਤਰ ਜਿਸ ਵਿੱਚ ਸੰਭਾਵਨਾਵਾਂ ਹਨ ਉਹ ਹੈ ਵੱਡੇ ਡੇਟਾ ਦਾ ਵਿਸ਼ਲੇਸ਼ਣ, ਜੋ ਕਿ ਨੈੱਟਫਲਿਕਸ ਵਰਗੇ ਔਨਲਾਈਨ ਪਲੇਟਫਾਰਮਾਂ ਤੋਂ ਲੈ ਕੇ ਹੈਡਰੋਨ ਕੋਲਾਈਡਰ ਜਾਂ ਕੰਟਰੋਲ ਪ੍ਰਣਾਲੀਆਂ ਤੱਕ ਜਾਣਕਾਰੀ ਦੀ ਇੱਕ ਵਿਸ਼ਾਲ ਸ਼੍ਰੇਣੀ ਹੈ। ਇਸ ਦੇ ਨਾਲ ਹੀ ਸਾਈਬਰ ਸੁਰੱਖਿਆ ਮਾਹਰਾਂ ਲਈ ਵੀ ਕੰਮ ਦੀ ਕੋਈ ਕਮੀ ਨਹੀਂ ਹੋਵੇਗੀ, ਉਸ ਇਸ ਕਰਕੇ ਕਿਉਂਕਿ ਸਾਡੇ ਆਲੇ-ਦੁਆਲੇ ਕਾਫ਼ੀ ਸੰਵੇਦਨਸ਼ੀਲ ਜਾਣਕਾਰੀ ਹੋਵੇਗੀ।

ਵਿੱਤੀ ਤਕਨਾਲੋਜੀਆਂ ਦੇ ਮਾਹਰ, ਵਪਾਰਕ ਵਿਸ਼ਲੇਸ਼ਕ ਅਤੇ ਬਲਾਕਚੈਨ ਪ੍ਰਣਾਲੀਆਂ ਦੇ ਡਿਵੈਲਪਰਾਂ ਦੀ ਵੀ ਲੋੜ ਹੋਵੇਗੀ। "ਇਹ ਕਦੇ ਵੀ ਮਹੱਤਵਪੂਰਨ ਨਹੀਂ ਸੀ ਕਿ ਸਾਨੂੰ ਪਤਾ ਹੋਵੇ ਕਿ ਅਸਲ ਵਿੱਚ ਗੱਲ ਕਿਵੇਂ ਕਰਨੀ ਹੈ, ਇੱਕ ਦੂਜੇ ਨੂੰ ਸੁਣਨਾ ਕਿਵੇਂ ਹੈ ਅਤੇ ਸੰਪਰਕ ਕਿਵੇਂ ਸਥਾਪਿਤ ਕਰਨਾ ਹੈ।"

### ਨਵੀਆਂ ਤਕਨੀਕਾਂ ਵਾਤਾਵਰਣ ਨੂੰ ਸੁਰੱਖਿਅਤ ਰੱਖਣ ਸਬੰਧੀ ਨੌਕਰੀਆਂ

ਗਰੀਨ ਜੌਬਸ ਉਹ ਹੁੰਦੀਆਂ ਹਨ ਜੋ ਵਾਤਾਵਰਣ ਨੂੰ ਸੁਰੱਖਿਅਤ ਰੱਖਣ ਜਾਂ ਬਹਾਲ ਕਰਨ ਵਿੱਚ ਯੋਗਦਾਨ ਪਾਉਂਦੀਆਂ ਹਨ। ਵਰਲਡ ਇਕਨਾਮਿਕ ਫੋਰਮ ਦੀ 2023 ਫਿਊਚਰ ਆਫ਼ ਜੌਬਜ਼ ਰਿਪੋਰਟ ਦੇ ਅਨੁਸਾਰ, ਗਰੀਨ ਜੌਬਸ ਦੀ ਮੰਗ ਸਾਰੇ ਸੈਕਟਰਾਂ ਅਤੇ ਉਦਯੋਗਾਂ ਵਿੱਚ ਤੇਜ਼ੀ ਨਾਲ ਵਧ ਰਹੀ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ, "ਗਰੀਨ ਪਰਿਵਰਤਨ ਵਿਸ਼ਵ ਪੱਧਰ 'ਤੇ 2030 ਤੱਕ ਸਾਫ਼ ਊਰਜਾ, ਕੁਸ਼ਲਤਾ ਅਤੇ ਘੱਟ-ਨਿਕਾਸ ਵਾਲੀਆਂ ਤਕਨਾਲੋਜੀਆਂ ਵਿੱਚ 30 ਮਿਲੀਅਨ ਨੌਕਰੀਆਂ ਪੈਦਾ ਕਰ ਸਕਦਾ ਹੈ।" ਮੌਜੂਦਾ ਸਮੇਂ ਦੌਰਾਨ ਹਰੀ ਊਰਜਾ ਅਤੇ ਟਿਕਾਊ ਵਿਕਾਸ ਵਿੱਚ ਰੁਜ਼ਗਾਰ ਦੇ ਨਵੇਂ ਮੌਕਿਆਂ 'ਚ ਪ੍ਰਮੁੱਖ ਦੇਸ਼ਾਂ ਵਜੋਂ ਪੱਛਮੀ ਦੇਸ਼, ਜਪਾਨ ਅਤੇ ਚੀਨ ਹੌਲੀ-ਹੌਲੀ ਉਭਰ ਰਹੇ ਹਨ।

ਇਹ ਨੌਕਰੀਆਂ ਉਨ੍ਹਾਂ ਖੇਤਰਾਂ ਦੇ ਅੰਦਰ ਵਪਾਰ, ਵਿਗਿਆਨ, ਰਾਜਨੀਤੀ ਜਾਂ ਸਿੱਧੇ ਵਾਤਾਵਰਣ ਨਾਲ ਸਬੰਧਤ ਹੋ ਸਕਦੀਆਂ ਹਨ ਜੋ ਨਵਿਆਉਣਯੋਗ ਊਰਜਾ ਜਾਂ ਨਵੇਂ ਊਰਜਾ ਸਰੋਤਾਂ ਅਤੇ ਬੈਟਰੀਆਂ ਦੇ ਵਿਕਾਸ ਲਈ ਕੰਮ ਕਰਦੇ ਹਨ, ਖ਼ਤਰੇ ਵਿਚ ਪਈਆਂ ਨਸਲਾਂ ਦੀ ਸੰਭਾਲ, ਵਪਾਰਕ ਸਲਾਹ ਜਾਂ ਉਦਾਹਰਨ ਵਜੋਂ ਕਾਨੂੰਨੀ ਅਭਿਆਸ ਅਤੇ ਵਾਤਾਵਰਣ ਸੁਰੱਖਿਆ ਕਾਨੂੰਨਾਂ ਵਿੱਚ ਬਦਲਾਅ ਸਬੰਧੀ ਕੰਮ ਕਰਦੇ ਹਨ। ਇਸ ਦੇ ਨਾਲ ਹੀ ਸਮਾਰਟ ਹਾਊਸਾਂ ਦੇ ਸ਼ਹਿਰੀ ਯੋਜਨਾਕਾਰਾਂ, ਆਰਕੀਟੈਕਟਾਂ, ਡਿਜ਼ਾਈਨਰਾਂ ਅਤੇ ਡਿਵੈਲਪਰਾਂ ਦੀ ਵੀ ਬਹੁਤ ਜ਼ਿਆਦਾ ਲੋੜ ਹੋਵੇਗੀ।

### ਸਿਹਤ ਸਬੰਧੀ ਨੌਕਰੀਆਂ

ਸੰਸਾਰ ਦੀ ਆਬਾਦੀ ਬਜ਼ੁਰਗ ਹੋ ਰਹੀ ਹੈ ਅਤੇ ਜੀਵਨ ਦੀ ਸੰਭਾਵਨਾ ਵੀ ਵੱਧ ਰਹੀ ਹੈ। ਦੇਖਭਾਲ ਅਤੇ ਇਲਾਜ ਦੀ ਤਾਂ ਹੋਰ ਵੀ ਲੋੜ ਪਵੇਗੀ। ਇਸ ਲਈ ਨੇੜਲੇ ਭਵਿੱਖ ਵਿੱਚ ਸਿਹਤ ਪੇਸ਼ੇਵਰਾਂ ਦੀ ਵੀ ਬਹੁਤ ਜ਼ਿਆਦਾ ਮੰਗ ਰਹੇਗੀ। ਖਾਸ ਤੌਰ 'ਤੇ ਮਹੱਤਵਪੂਰਨ ਹੋਣਗੇ ਮੈਡੀਕਲ ਕਰਮਚਾਰੀ, ਜੋ ਮਰੀਜ਼ਾਂ ਨੂੰ ਨਾ ਸਿਰਫ਼ ਦਵਾਈ ਦੇਣ ਸਗੋਂ ਉਨ੍ਹਾਂ ਨੂੰ ਨੈਤਿਕ ਸਹਾਇਤਾ ਵੀ ਪ੍ਰਦਾਨ ਕਰਨ। ਡਾਕਟਰਾਂ ਅਤੇ ਸਿਹਤ ਮਾਹਰਾਂ ਨੂੰ ਨਿਦਾਨ ਅਤੇ ਇਲਾਜ ਦੇ ਨਵੇਂ ਤਰੀਕਿਆਂ ਨੂੰ ਲਗਾਤਾਰ ਅਪਣਾਉਣ ਅਤੇ ਸਿੱਖਣ ਦੀ ਲੋੜ ਹੈ। ਇਸ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਵੀ ਮਦਦਗਾਰ ਸਾਬਿਤ ਹੋਵੇਗੀ। ਮਨੋ-ਚਿਕਿਤਸਕ ਅਤੇ ਵਿਅਕਤੀਗਤ ਵਿਕਾਸ ਦੇ ਵੱਖ-ਵੱਖ ਸਲਾਹਕਾਰਾਂ ਜਾਂ ਅਧਿਆਤਮਿਕ ਅਭਿਆਸਾਂ ਦੇ ਇੰਸਟ੍ਰਕਟਰਾਂ ਲਈ ਵੀ ਬਹੁਤ ਕੰਮ ਹੋਵੇਗਾ।

### ਹੱਥੀਂ ਕਿਰਤ ਕਰਨ ਵਾਲੇ

ਹੱਥੀਂ ਕਿਰਤ ਕਰਨ ਵਾਲੇ ਪੇਸ਼ੇਵਰ, ਜਿਵੇਂ ਕਿ ਮਕੈਨਿਕ, ਮੁਰੰਮਤ ਕਰਨ ਵਾਲੇ, ਇਲੈਕਟ੍ਰੀਸ਼ੀਅਨ ਜਾਂ ਬਿਲਡਰਾਂ ਦੀ ਵੀ ਅਜੇ ਆਉਣ ਵਾਲੇ ਸਾਲਾਂ ਵਿੱਚ ਬਹੁਤ ਜ਼ਰੂਰਤ ਹੋਵੇਗੀ। ਜਿਥੇ ਵੱਖ-ਵੱਖ ਸਥਿਤੀਆਂ ਵਿੱਚ ਛੋਟੇ ਅਤੇ ਸਟੀਕ ਕੰਮ ਕਰਨ ਦੀ ਜ਼ਰੂਰਤ ਹੋਵੇਗੀ ਉੱਥੇ ਅਜੇ ਮਨੁੱਖ ਹੀ ਕੰਮ ਆਉਣਗੇ, ਉਨ੍ਹਾਂ ਦਾ ਬਦਲਾਅ ਲੱਭਣਾ ਫਿਲਹਾਲ ਅਸੰਭਵ ਹੈ। ਪਰ ਇਸ ਮੰਗ ਨੂੰ ਜਾਰੀ ਰੱਖਣ ਲਈ, ਇਹਨਾਂ ਮਾਹਰਾਂ ਨੂੰ ਆਪਣੇ ਤਕਨੀਕੀ ਗਿਆਨ ਵਿੱਚ ਲਗਾਤਾਰ ਸੁਧਾਰ ਕਰਨ ਅਤੇ ਨਵੇਂ ਸਮਾਰਟ ਟੂਲਸ ਵਿੱਚ ਮੁਹਾਰਤ ਹਾਸਲ ਕਰਨ ਦੀ ਵੀ ਲੋੜ ਹੋਵੇਗੀ। ਖੇਤੀਬਾੜੀ ਵਿੱਚ ਵੀ ਨਵੇਂ ਪੇਸ਼ਿਆਂ ਦੀ ਮੰਗ ਵਧਣ ਦੀ ਉਮੀਦ ਹੈ। ਧਰਤੀ 'ਤੇ ਆਬਾਦੀ ਵਧ ਰਹੀ ਹੈ ਅਤੇ ਹਰ ਕਿਸੇ ਲਈ ਭੋਜਨ ਇੱਕ ਜ਼ਰੂਰਤ ਹੈ। ਪਰ ਇਸ ਮਾਮਲੇ ਵਿੱਚ ਫਿਰ ਕਿਸਾਨਾਂ ਦੀ ਬਜਾਏ ਹੁਨਰਮੰਦ ਇੰਜੀਨੀਅਰਾਂ ਦੀ ਮੰਗ ਜ਼ਿਆਦਾ ਹੋਵੇਗੀ।

### ਹੋਰ ਨੌਕਰੀਆਂ ਨਹੀਂ

ਬਹੁਤ ਸਾਰੀਆਂ ਨੌਕਰੀਆਂ ਅਜਿਹੀਆਂ ਹੋਣਗੀਆਂ ਜੋ ਜਲਦੀ ਹੀ ਅਲੋਪ ਹੋਣੀਆਂ ਸ਼ੁਰੂ ਹੋ ਜਾਣਗੀਆਂ। ਇਹ ਉਸ ਕਿਸਮ ਦੇ ਕੰਮ ਹਨ ਜਿਨ੍ਹਾਂ ਨੂੰ ਸਵੈ-ਚਲਿਤ ਕਰਨਾ ਤੇਜ਼ੀ ਨਾਲ ਆਸਾਨ ਹੁੰਦਾ ਜਾ ਰਿਹਾ ਹੈ। ਇਹ ਉਨ੍ਹਾਂ ਨੌਕਰੀਆਂ ਦੀ ਸੂਚੀ ਹੈ ਜੋ ਸੰਭਾਵਿਤ ਤੌਰ 'ਤੇ ਲੇਬਰ ਮਾਰਕੀਟ 'ਚੋਂ ਜਲਦੀ ਹੀ ਗਾਇਬ ਹੋ ਜਾਣਗੀਆਂ:

ਗਾਹਕ ਸੇਵਾ (ਕੈਸ਼ੀਅਰ, ਵਿਕਰੇਤਾ, ਸਲਾਹਕਾਰ, ਆਦਿ)
ਦਫ਼ਤਰ ਪ੍ਰਬੰਧਨ (ਘਰਾਂ ਤੋਂ ਜਾਂ ਵੱਖ-ਵੱਖ ਥਾਵਾਂ ਤੋਂ ਕੰਮ ਕਰਨ ਵਿੱਚ ਵਾਧਾ ਹੋਣ ਕਰਕੇ)
ਡੇਟਾ ਐਂਟਰੀ (ਅੰਕੜੇ, ਵਿੱਤ, ਟਾਈਪਿਸਟ, ਤਕਨੀਕੀ ਅਨੁਵਾਦਕ ਦੇ ਖੇਤਰ ਵਿੱਚ ਕਲਰਕ)
ਅਕਾਊਂਟਿੰਗ (ਲੇਖਾਕਾਰੀ)
ਫੈਕਟਰੀ ਵਰਕਰ

### ਕਹਾਣੀ ਸੁਣਾਉਣ ਵਾਲੇ

ਇੱਕ ਹੋਰ ਪੇਸ਼ਾ ਜਿਸ ਦਾ ਭਵਿੱਖਵਾਦੀਆਂ ਵੱਲੋਂ ਘੱਟ ਹੀ ਜ਼ਿਕਰ ਕੀਤਾ ਗਿਆ ਹੈ ਪਰ ਜੋ ਬਿਨਾ ਕਿਸੇ ਸ਼ੱਕ ਤੋਂ ਭਵਿੱਖ ਵਿੱਚ ਜ਼ਰੂਰੀ ਰਹੇਗਾ ਉਹ ਹੈ ਕਹਾਣੀਕਾਰਾਂ ਦਾ। ਹਜ਼ਾਰਾਂ ਸਾਲ ਪਹਿਲਾਂ ਜਿਵੇਂ ਇਸਦੀ ਲੋੜ ਹੁੰਦੀ ਸੀ, ਉਵੇਂ ਹੀ ਮਨੁੱਖੀ ਅਨੁਭਵ ਨਾਲ ਸਬੰਧਤ ਕੋਈ ਵੀ ਰਚਨਾਤਮਕ ਕੰਮ ਅੱਜ ਵੀ ਮਹੱਤਵ ਰੱਖੇਗਾ। ਲੇਖਕਾਂ, ਕਵੀਆਂ, ਨਿਰਦੇਸ਼ਕਾਂ, ਅਦਾਕਾਰਾਂ, ਹਾਸਰਸ ਕਲਾਕਾਰਾਂ, ਆਰਟਿਸਟਾਂ ਅਤੇ ਸੰਗੀਤਕਾਰਾਂ ਦੀ ਅਜੇ ਵੀ ਲੋੜ ਪੈਂਦੀ ਰਹੇਗੀ, ਭਾਵੇਂ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਇਨ੍ਹਾਂ ਖੇਤਰਾਂ ਵਿੱਚ ਨਵੀਆਂ ਚੁਣੌਤੀਆਂ ਲਿਆਉਂਦੀ ਰਹਿੰਦੀ ਹੈ।

## ਟ੍ਰੈਫਿਕ ਨਿਯਮ ਬਦਲੇ, ਲੱਗੇਗਾ ਭਾਰੀ ਜੁਰਮਾਨਾ

ਸਤੰਬਰ ਦਾ ਮਹੀਨਾ ਸ਼ੁਰੂ ਹੋ ਗਿਆ ਹੈ ਅਤੇ ਇਸ ਦੇ ਨਾਲ ਹੀ ਟ੍ਰੈਫਿਕ ਨਿਯਮਾਂ ਵਿੱਚ ਬਦਲਾਅ ਕੀਤਾ ਗਿਆ ਹੈ। ਜੇਕਰ ਤੁਹਾਡੇ ਕੋਲ ਦੋਪਹੀਆ ਵਾਹਨ ਹੈ ਅਤੇ ਤੁਸੀਂ ਹਰ ਰੋਜ਼ ਘਰ ਤੋਂ ਦਫਤਰ ਜਾਂਦੇ ਹੋ, ਤਾਂ ਇਹ ਤੁਹਾਡੇ ਲਈ ਖਾਸ ਖਬਰ ਹੈ। ਤੁਹਾਨੂੰ ਦੱਸ ਦੇਈਏ ਕਿ ਹੁਣ ਸਕੂਟਰ ਜਾਂ ਬਾਈਕ ਚਲਾਉਂਦੇ ਸਮੇਂ ਤੁਹਾਡੇ ਪਿੱਛੇ ਬੈਠੇ ਵਿਅਕਤੀ ਨੂੰ ਹੈਲਮੇਟ ਪਾਉਣਾ ਹੋਵੇਗਾ।

ਜੀ ਹਾਂ, ਮੋਟਰ ਵਹੀਕਲ ਐਕਟ ਦੇ ਤਹਿਤ, ਸਵਾਰੀ ਲਈ ਹੈਲਮੇਟ ਪਹਿਨਣਾ ਲਾਜ਼ਮੀ ਹੈ। ਹਾਈ ਕੋਰਟ ਦੇ ਜੱਜਾਂ ਨੇ ਟ੍ਰੈਫਿਕ ਨਿਯਮਾਂ ਦੀ ਸੁਣਵਾਈ ਕੀਤੀ। ਹਾਈ ਕੋਰਟ ਦੇ ਹੁਕਮਾਂ ਤੋਂ ਬਾਅਦ ਆਂਧਰਾ ਪ੍ਰਦੇਸ਼ ਦੇ ਵੱਡੇ ਸ਼ਹਿਰ ਵਿਸ਼ਾਖਾਪਟਨਮ ਵਿੱਚ ਅੱਜ ਤੋਂ ਨਵਾਂ ਨਿਯਮ ਲਾਗੂ ਹੋਣ ਜਾ ਰਿਹਾ ਹੈ। ਹੁਣ ਬਾਈਕ ਚਲਾਉਂਦੇ ਸਮੇਂ ਪਿਲੀਅਨ ਰਾਈਡਰ ਨੂੰ ਹੈਲਮੇਟ ਪਾਉਣਾ ਹੋਵੇਗਾ। ਇਹ ਫੈਸਲਾ ਸ਼ਹਿਰ ਵਿੱਚ ਵੱਧ ਰਹੇ ਹਾਦਸਿਆਂ ਦੇ ਮੱਦੇਨਜ਼ਰ ਲਿਆ ਗਿਆ ਹੈ। ਜੇਕਰ ਨਿਯਮਾਂ ਦੀ ਉਲੰਘਣਾ ਹੁੰਦੀ ਹੈ ਤਾਂ 1035 ਰੁਪਏ ਦਾ ਚਲਾਨ ਕੱਟਿਆ ਜਾਵੇਗਾ, ਵਿਸ਼ਾਖਾਪਟਨਮ ਪੁਲਿਸ ਨੇ ਇਸ ਦੀ ਜਾਣਕਾਰੀ ਦਿੱਤੀ ਹੈ। ਨਾਲ ਹੀ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਦਾ ਲਾਇਸੈਂਸ ਅਗਲੇ ਤਿੰਨ ਮਹੀਨਿਆਂ ਲਈ ਸਸਪੈਂਡ ਕੀਤਾ ਜਾ ਸਕਦਾ ਹੈ। ਨਾਲ ਹੀ ਸਿਰਫ਼ ISI ਮਾਰਕ ਵਾਲੇ ਹੈਲਮੇਟ ਪਾਉਣਾ ਲਾਜ਼ਮੀ ਹੋਵੇਗਾ ਅਤੇ ਜੇਕਰ ਅਜਿਹਾ ਨਹੀਂ ਕੀਤਾ ਗਿਆ ਤਾਂ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਇਸ ਸ਼ਹਿਰ ਵਿੱਚ ਵੱਡੇ ਬਦਲਾਅ ਹੋਣਗੇ। ਆਂਧਰਾ ਪ੍ਰਦੇਸ਼ ਦੇ ਨਾਲ-ਨਾਲ ਮੁੰਬਈ ਅਤੇ ਦਿੱਲੀ ਵਰਗੇ ਸ਼ਹਿਰਾਂ ਵਿੱਚ ਬਾਈਕ ਸਵਾਰਾਂ ਲਈ ਹੈਲਮੇਟ ਪਹਿਨਣ ਦੇ ਨਿਯਮ ਨੂੰ ਸਖਤੀ ਨਾਲ ਲਾਗੂ ਕੀਤਾ ਜਾ ਸਕਦਾ ਹੈ।

## ਬੰਗਾਲ ਦੇ ਹਸਪਤਾਲਾਂ 'ਚ ਔਰਤਾਂ ਦਾ ਜਿਨਸੀ ਸ਼ੋਸ਼ਣ ਰੁਕਣ ਦਾ ਨਾਂ ਨਹੀਂ ਲੈ ਰਿਹਾ

ਆਰਜੀ ਕਾਰ ਮੈਡੀਕਲ ਕਾਲਜ ਹਸਪਤਾਲ ਵਿੱਚ ਇੱਕ ਜੂਨੀਅਰ ਮਹਿਲਾ ਡਾਕਟਰ ਦੇ ਖਿਲਾਫ ਬੇਰਹਿਮੀ ਦੀ ਘਟਨਾ ਨੂੰ ਲੈ ਕੇ ਬੰਗਾਲ ਭਰ ਵਿੱਚ ਵਿਰੋਧ ਪ੍ਰਦਰਸ਼ਨਾਂ ਦੇ ਵਿਚਕਾਰ, ਰਾਜ ਦੇ ਕਈ ਹੋਰ ਸਰਕਾਰੀ ਹਸਪਤਾਲਾਂ ਅਤੇ ਪ੍ਰਾਇਮਰੀ ਕੇਅਰ ਖੇਤਰਾਂ ਵਿੱਚ ਜਿਨਸੀ ਸ਼ੋਸ਼ਣ ਦੇ ਮਾਮਲੇ ਸਾਹਮਣੇ ਆਏ ਹਨ। ਹਾਵੜਾ ਜ਼ਿਲਾ ਹਸਪਤਾਲ ਦੇ ਇਕ ਲੈਬ ਟੈਕਨੀਸ਼ੀਅਨ 'ਤੇ ਇਕ ਨਾਬਾਲਗ ਲੜਕੀ ਦਾ ਜਿਨਸੀ ਸ਼ੋਸ਼ਣ ਕਰਨ ਦਾ ਦੋਸ਼ ਲੱਗਾ ਹੈ। ਬੀਰਭੂਮ ਜ਼ਿਲੇ ਦੇ ਇਲਾਮਬਾਜ਼ਾਰ ਸਥਿਤ ਪ੍ਰਾਇਮਰੀ ਹੈਲਥ ਸੈਂਟਰ 'ਚ ਇਕ ਮਰੀਜ਼ ਨੇ ਨਰਸ ਨਾਲ ਉਸ ਸਮੇਂ ਜਿਨਸੀ ਸ਼ੋਸ਼ਣ ਕੀਤਾ ਜਦੋਂ ਉਹ ਸਟਰੈਚਰ 'ਤੇ ਲੇਟ ਰਹੀ ਸੀ। ਇਸ ਤੋਂ ਇਲਾਵਾ ਉੱਤਰੀ 24 ਪਰਗਨਾ ਜ਼ਿਲੇ ਦੇ ਮੱਧਮਗ੍ਰਾਮ ਇਲਾਕੇ 'ਚ 10 ਸਾਲ ਦੀ ਬੱਚੀ ਨਾਲ ਜਿਨਸੀ ਸ਼ੋਸ਼ਣ ਦੀ ਘਟਨਾ ਸਾਹਮਣੇ ਆਈ ਹੈ।




ਜਾਣਕਾਰੀ ਅਨੁਸਾਰ, ਪੱਛਮੀ ਬੰਗਾਲ ਵਿੱਚ ਜਿਨਸੀ ਸ਼ੋਸ਼ਣ ਦੇ ਦੋ ਨਵੇਂ ਮਾਮਲਿਆਂ ਵਿੱਚ, ਹਾਵੜਾ ਵਿੱਚ ਇੱਕ ਹਸਪਤਾਲ ਸਟਾਫ਼ ਮੈਂਬਰ ਨੂੰ ਇੱਕ ਸੀਟੀ ਸਕੈਨ ਰੂਮ ਵਿੱਚ ਇੱਕ 14 ਸਾਲ ਦੀ ਲੜਕੀ ਨਾਲ ਛੇੜਛਾੜ ਕਰਨ ਲਈ ਗ੍ਰਿਫਤਾਰ ਕੀਤਾ ਗਿਆ ਸੀ, ਜਦੋਂ ਕਿ ਇੱਕ ਹੋਰ ਵਿਅਕਤੀ ਨੂੰ ਬੀਰਭੂਮ ਜ਼ਿਲ੍ਹੇ ਵਿੱਚ ਇੱਕ ਡਿਊਟੀ ਨਰਸ ਨਾਲ ਛੇੜਛਾੜ ਕਰਨ ਲਈ ਹਿਰਾਸਤ ਵਿੱਚ ਲਿਆ ਗਿਆ ਸੀ। ਇੱਕ ਸਰਕਾਰੀ ਹਸਪਤਾਲ। ਘਟਨਾ, ਜਿਸ ਵਿੱਚ ਕਿਸ਼ੋਰ ਲੜਕੀ ਸ਼ਾਮਲ ਸੀ, ਉਦੋਂ ਵਾਪਰੀ ਜਦੋਂ ਉਹ ਸੀਟੀ ਸਕੈਨ ਲਈ ਹਾਵੜਾ ਸਦਰ ਹਸਪਤਾਲ ਗਈ। ਲੜਕੀ ਨੇ ਦੋਸ਼ ਲਾਇਆ ਕਿ ਤਕਨੀਸ਼ੀਅਨ ਨੇ ਉਸ ਨਾਲ ਛੇੜਛਾੜ ਕੀਤੀ, ਜਿਸ ਕਾਰਨ ਉਹ ਪ੍ਰੇਸ਼ਾਨ ਹੋ ਕੇ ਹਸਪਤਾਲ ਤੋਂ ਭੱਜ ਗਈ। ਬੀਰਭੂਮ ਮਾਮਲੇ ਵਿੱਚ, ਇਲਮਬਾਜ਼ਾਰ ਵਿੱਚ ਇੱਕ ਸਰਕਾਰੀ ਸਿਹਤ ਕੇਂਦਰ ਵਿੱਚ ਇੱਕ ਆਨ-ਡਿਊਟੀ ਨਰਸ ਨਾਲ ਇੱਕ ਵਿਅਕਤੀ ਨੇ ਕੁੱਟਮਾਰ ਕੀਤੀ। ਹਸਪਤਾਲ ਪ੍ਰਸ਼ਾਸਨ ਨੇ ਤੁਰੰਤ ਪੁਲਸ ਨਾਲ ਸੰਪਰਕ ਕੀਤਾ, ਜਿਸ ਨੇ ਦੋਸ਼ੀ ਨੂੰ ਮੌਕੇ 'ਤੇ ਗ੍ਰਿਫਤਾਰ ਕਰ ਲਿਆ। ਹਾਵੜਾ ਮਾਮਲੇ ਵਿੱਚ ਹਾਵੜਾ ਸਰਕਾਰੀ ਹਸਪਤਾਲ ਦੇ ਸੁਪਰਡੈਂਟ ਨਰਾਇਣ ਚਟੋਪਾਧਿਆਏ ਨੇ ਕਿਹਾ, "ਹਾਵੜਾ ਪੁਲਿਸ ਸਟੇਸ਼ਨ ਵਿੱਚ ਇੱਕ ਐ-ਫਆਈਆਰ ਦਰਜ ਕੀਤੀ ਗਈ ਹੈ ਅਤੇ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਅਸੀਂ ਪੀੜਤ ਦਾ ਸੀਟੀ ਸਕੈਨ ਕਰਨ ਵਾਲੇ ਪ੍ਰਾਈਵੇਟ ਪਾਰਟਨਰ ਤੋਂ ਸਪੱਸ਼ਟੀਕਰਨ ਮੰਗਿਆ ਹੈ। ਅਸੀਂ ਇਸ ਨੂੰ ਉੱਚ ਅਧਿਕਾਰੀ ਕੋਲ ਭੇਜਾਂਗੇ ਅਤੇ ਉਸ ਅਨੁਸਾਰ ਕਾਰਵਾਈ ਕਰਾਂਗੇ। ਜਿਸ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਉਹ ਪ੍ਰਾਈਵੇਟ-ਪਬਲਿਕ ਪਾਰਟਨਰ ਦਾ ਕਰਮਚਾਰੀ ਸੀ।"




## ਸ਼ੂਗਰ ਤੋਂ ਬਚਾਅ ਕਰ ਸਕਦੀ ਹੈ ਸਰੀਰ 'ਚ ਜ਼ਿੰਕ ਦੀ ਮਾਤਰਾ

ਜ਼ਿੰਕ ਇੱਕ ਮਹੱਤਵਪੂਰਨ ਖਣਿਜ ਹੈ ਜੋ ਸਰੀਰ ਵਿੱਚ ਕਈ ਕਾਰਜਾਂ ਵਿੱਚ ਸ਼ਾਮਲ ਹੁੰਦਾ ਹੈ। ਇਹ ਸੈਲਾਂ ਦੇ ਕੰਮ ਕਰਨ ਤੇ ਇਨਸੁਲਿਨ ਦੇ ਉਤਪਾਦਨ ਵਿੱਚ ਮਦਦ




ਕਰਦਾ ਹੈ। ਸਰੀਰ ਵਿੱਚ ਜ਼ਿੰਕ ਦੀ ਲੋੜੀਂਦੀ ਮਾਤਰਾ ਟਾਈਪ 2 ਡਾਇਬਟੀਜ਼ ਅਤੇ ਗਲਾਈਸੈਮਿਕ ਕੰਟਰੋਲ ਵਿੱਚ ਮਦਦ ਕਰਦੀ ਹੈ। ਜ਼ਿੰਕ ਇੱਕ ਸ਼ਾਨਦਾਰ ਐਂਟੀ-ਆਕਸੀਡੈਂਟ ਹੈ, ਜੋ ਸੈਲੂਲਰ ਨੂੰ ਨੁਕਸਾਨ ਤੋਂ ਰੋਕਦਾ ਹੈ।

ਹਾਲਾਂਕਿ, ਬਹੁਤ ਸਾਰੇ ਲਾਭਾਂ ਦੇ ਬਾਵਜੂਦ, ਸਰੀਰ ਇਸਨੂੰ ਆਪਣੇ ਆਪ ਪੈਦਾ ਨਹੀਂ ਕਰ ਸਕਦਾ ਹੈ ਅਤੇ ਇਸਲਈ ਇਸਨੂੰ ਸਰੀਰ ਵਿੱਚ ਸਪਲਾਈ ਕਰਨ ਲਈ ਫੂਡਜ਼ ਜਾਂ ਪਪਲਏਮਅਨਟਸ ਲੈਣੇ ਪੈਂਦੇ ਹਨ। ਅਜਿਹੀ ਸਥਿਤੀ ਵਿੱਚ, ਅੱਜ ਇਸ ਲੇਖ ਵਿੱਚ ਅਸੀਂ ਤੁਹਾਨੂੰ ਕੁਝ ਅਜਿਹੇ ਫੂਡਜ਼ ਬਾਰੇ ਦੱਸਣ ਜਾ ਰਹੇ ਹਾਂ, ਜਿਨ੍ਹਾਂ ਨੂੰ ਆਪਣੀ ਖੁਰਾਕ ਵਿੱਚ ਸ਼ਾਮਲ ਕਰਕੇ ਤੁਸੀਂ ਸਰੀਰ ਵਿੱਚ ਜ਼ਿੰਕ ਦੀ ਕਮੀ ਦੇ ਲੱਛਣਾਂ ਨੂੰ ਦੂਰ ਕਰ ਸਕਦੇ ਹੋ। ਆਓ ਜਾਣਦੇ ਹਾਂ-

**ਓਟਸ-** ਬਹੁਤ ਸਾਰੇ ਪੌਸ਼ਟਿਕ ਤੱਤਾਂ ਨਾਲ ਭਰਪੂਰ, ਓਟਸ ਇੱਕ ਪ੍ਰਸਿੱਧ ਨਾਸ਼ਤਾ ਆਪਸ਼ਨ ਹੈ। ਇਹ ਜ਼ਿੰਕ ਦੀ ਕਮੀ ਨੂੰ ਦੂਰ ਕਰਨ ਲਈ ਵੀ ਵਧੀਆ ਸਰੋਤ ਹੈ। ਇਸ 'ਚ ਫਾਈਟੇਟ ਨਾਂ ਦਾ ਮਿਸ਼ਰਣ ਪਾਇਆ ਜਾਂਦਾ ਹੈ ਜੋ ਸਰੀਰ 'ਚ ਜ਼ਿੰਕ ਨੂੰ ਠੀਕ ਤਰ੍ਹਾਂ ਨਾਲ ਅਬਜ਼ਰਬ ਹੋਣ 'ਚ ਮਦਦ ਕਰਦਾ ਹੈ।

**ਨਟਸ ਤੇ ਬੀਜ-** ਅਸੰਤ੍ਰਿਪਤ ਚਰਬੀ ਵਾਲੇ ਬੀਜ ਤੇ ਨਟਸ ਵੀ ਜ਼ਿੰਕ ਨਾਲ ਭਰਪੂਰ ਹੁੰਦੇ ਹਨ। ਅਜਿਹੀ ਸਥਿਤੀ ਵਿੱਚ, ਚਿਆ ਬੀਜ, ਕੱਦੂ ਦੇ ਬੀਜ ਆਪਣੀ ਖੁਰਾਕ ਵਿੱਚ ਸ਼ਾਮਲ ਕਰਨਾ ਚਾਹੀਦਾ ਹੈ।

**ਸਾਬੁਤ ਅਨਾਜ-** ਸਵੇਰੇ ਸਵੇਰੇ ਆਇਰਨ ਤੇ ਜ਼ਿੰਕ ਨਾਲ ਭਰਪੂਰ ਸਾਬੁਤ ਅਨਾਜ ਦਾ ਸੇਵਨ ਕਰਨ ਨਾਲ ਦਿਨ ਭਰ ਊਰਜਾ ਬਣਾਈ ਰੱਖਣ ਵਿਚ ਮਦਦ ਮਿਲਦੀ ਹੈ। ਸ਼ੂਗਰ ਦੀ ਚਟਾਕ ਤੋਂ ਬਚਣ ਲਈ ਇਸ ਵਿਚ ਚੀਨੀ ਦੀ ਵਰਤੋਂ ਨਾ ਕਰੋ। ਫਾਈਬਰ, ਪ੍ਰੋਟੀਨ ਜਾਂ ਸਿਹਤਮੰਦ ਚਰਬੀ ਦੇ ਨਾਲ ਮਿਲਾਏ ਹੋਏ ਪੂਰੇ ਅਨਾਜ ਨੂੰ ਖਾਣ ਨਾਲ ਤੁਹਾਨੂੰ ਲੰਬੇ ਸਮੇਂ ਤੱਕ ਭਰਪੂਰ ਮਹਿਸੂਸ ਕਰਨ ਵਿੱਚ ਮਦਦ ਮਿਲਦੀ ਹੈ।

**ਡੇਅਰੀ ਉਤਪਾਦ-** ਪਨੀਰ ਹੋਵੇ ਜਾਂ ਦੁੱਧ, ਕੈਲਸ਼ੀਅਮ ਨਾਲ ਭਰਪੂਰ ਹੋਣ ਦੇ ਨਾਲ-ਨਾਲ ਇਨ੍ਹਾਂ 'ਚ ਜ਼ਿੰਕ ਵੀ ਭਰਪੂਰ ਹੁੰਦਾ ਹੈ। ਇੱਕ ਕੱਪ ਦੁੱਧ ਵਿੱਚ ਲਗਭਗ 1.1 ਮਿਲੀਗ੍ਰਾਮ ਜ਼ਿੰਕ ਪਾਇਆ ਜਾਂਦਾ ਹੈ।

## ਨੀਲੇ-ਪੀਲੇ ਪੀਣ ਵਾਲੇ ਪਦਾਰਥਾਂ ਦੀ ਥਾਂ ਪੀਓ ਊਰਜਾ ਵਧਾਉਣ ਵਾਲੇ ਪਦਾਰਥ

ਸਰੀਰ ਵਿੱਚ ਸਟੈਮਿਨਾ ਅਤੇ ਊਰਜਾ ਦੀ ਕਮੀ ਕਈ ਕਾਰਨਾਂ ਕਰਕੇ ਹੋ ਸਕਦੀ ਹੈ। ਇਹ ਕਾਰਨ ਸਰੀਰਕ ਅਤੇ ਮਾਨਸਿਕ ਦੋਵੇਂ ਹੋ ਸਕਦੇ ਹਨ। ਸਰੀਰਕ ਕਾਰਨਾਂ ਵਿੱਚ ਗੈਰ-ਸਿਹਤਮੰਦ ਖਾਣ-ਪੀਣ ਦੀਆਂ ਆਦਤਾਂ, ਨੀਂਦ ਦੀ ਕਮੀ, ਕਸਰਤ ਦੀ ਕਮੀ ਜਾਂ ਕਿਸੇ ਕਿਸਮ ਦੀ ਬਿਮਾਰੀ ਸ਼ਾਮਲ ਹੋ ਸਕਦੀ ਹੈ। ਮਾਨਸਿਕ ਕਾਰਨਾਂ ਵਿੱਚ ਤਣਾਅ, ਚਿੰਤਾ ਅਤੇ ਉਦਾਸੀ ਸ਼ਾਮਲ ਹੋ ਸਕਦੇ ਹਨ।

ਅਜਿਹੀ ਸਥਿਤੀ ਵਿੱਚ, ਥਕਾਵਟ ਅਤੇ ਕਮਜ਼ੋਰੀ ਦਾ ਸਭ ਤੋਂ ਵਧੀਆ ਇਲਾਜ ਇਹ ਹੈ ਕਿ ਤੁਸੀਂ ਆਪਣੀ ਖਾਣ ਪੀਣ ਦੀਆਂ ਆਦਤਾਂ ਵਿੱਚ ਸੁਧਾਰ ਕਰੋ ਅਤੇ ਸਟੈਮਿਨਾ ਵਧਾਉਣ ਲਈ ਕਸਰਤ ਕਰੋ। ਆਪਣੀ ਡਾਈਟ 'ਚ ਕੁਝ ਡਰਿੰਕਸ ਸ਼ਾਮਲ ਕਰਨ ਨਾਲ ਤੁਸੀਂ ਦਿਨ ਭਰ ਊਰਜਾਵਾਨ ਮਹਿਸੂਸ ਕਰੋਗੇ। ਇਨ੍ਹਾਂ 'ਚ ਮੌਜੂਦ ਪੋਸ਼ਕ ਤੱਤ ਤੁਹਾਡੀ ਸਿਹਤ ਨੂੰ ਬਿਹਤਰ ਬਣਾਉਣ 'ਚ ਵੀ ਮਦਦ ਕਰਨਗੇ। ਇਸ ਲੇਖ ਵਿਚ ਅਸੀਂ ਉਨ੍ਹਾਂ ਡਰਿੰਕਸ ਬਾਰੇ ਜਾਣਨ ਦੀ ਕੋਸ਼ਿਸ਼ ਕਰਾਂਗੇ।

**ਪ੍ਰੋਟੀਨ ਸ਼ੇਕ-** ਸਵੇਰ ਦੀ ਕਸਰਤ ਕਰਨ ਤੋਂ ਬਾਅਦ ਜਾਂ ਕੋਈ ਕੰਮ ਕਰਨ ਤੋਂ ਬਾਅਦ ਥਕਾਵਟ ਮਹਿਸੂਸ ਕਰਨ ਤੋਂ ਬਾਅਦ ਪ੍ਰੋਟੀਨ ਸ਼ੇਕ ਪੀਣ ਨਾਲ ਸਾਡੀਆਂ ਮਾਸਪੇਸ਼ੀਆਂ ਦੀ ਮੁਰੰਮਤ ਹੁੰਦੀ ਹੈ ਅਤੇ ਸਰੀਰ ਦੀ ਗੁਆਚੀ ਊਰਜਾ ਵਾਪਸ ਮਿਲਦੀ ਹੈ। ਇਸ ਨਾਲ ਮਾਸਪੇਸ਼ੀਆਂ ਵੀ ਮਜ਼ਬੂਤ ਹੁੰਦੀਆਂ ਹਨ ਅਤੇ ਤੁਹਾਨੂੰ ਦੁਬਾਰਾ ਕੰਮ ਕਰਨ ਦੀ



ਤਾਕਤ ਮਿਲਦੀ ਹੈ।

**ਨਾਰੀਅਲ ਪਾਣੀ-** ਪੋਟਾਸ਼ੀਅਮ ਨਾਲ ਭਰਪੂਰ ਨਾਰੀਅਲ ਪਾਣੀ ਇੱਕ ਕੁਦਰਤੀ ਇਲੈਕਟ੍ਰੋਲਾਈਟ ਡਰਿੰਕ ਹੈ, ਜੋ ਕਈ ਤਰੀਕਿਆਂ ਨਾਲ ਸਰੀਰਕ ਸਿਹਤ ਲਈ ਫਾਇਦੇਮੰਦ ਹੈ। ਇਹ ਤੁਰੰਤ ਊਰਜਾ ਪ੍ਰਦਾਨ ਕਰਨ ਦੇ ਨਾਲ-ਨਾਲ ਸਰੀਰ ਵਿੱਚ ਪਾਣੀ ਦੀ ਕਮੀ ਨੂੰ ਵੀ ਪੂਰਾ ਕਰਦਾ ਹੈ। ਇਸ ਲਈ ਇਸ ਨੂੰ ਪੀ ਕੇ ਤੁਸੀਂ ਆਪਣੇ ਐਨਰਜੀ ਲੈਵਲ ਨੂੰ ਵਧਾ ਸਕਦੇ ਹੋ।

**ਚੁਕੰਦਰ ਦਾ ਜੂਸ-** ਪੌਸ਼ਟਿਕ ਤੱਤਾਂ ਨਾਲ ਭਰਪੂਰ ਚੁਕੰਦਰ ਸਟੈਮਿਨਾ ਵਧਾਉਣ, ਇਮਿਊਨ ਸਿਸਟਮ ਨੂੰ ਮਜ਼ਬੂਤ ਕਰਨ ਅਤੇ ਬਲੱਡ ਪ੍ਰੈਸ਼ਰ ਵਰਗੀਆਂ ਸਮੱਸਿਆਵਾਂ ਨੂੰ ਘੱਟ ਕਰਨ ਵਿੱਚ ਮਦਦ ਕਰਦਾ ਹੈ। ਇਹ ਸਰੀਰ ਵਿੱਚ ਖੂਨ ਦੀ ਕਮੀ ਨੂੰ ਦੂਰ ਕਰਨ ਵਿੱਚ ਵੀ ਮਦਦ ਕਰਦਾ ਹੈ। ਇਸ 'ਚ ਮੌਜੂਦ ਨਾਈਟ੍ਰੇਟ ਬਲੱਡ ਸਰਕੁਲੇਸ਼ਨ ਨੂੰ ਬਿਹਤਰ ਬਣਾਉਂਦਾ ਹੈ। ਅਜਿਹੇ 'ਚ ਰੋਜ਼ਾਨਾ ਕੁਝ ਦਿਨਾਂ ਤੱਕ ਚੁਕੰਦਰ ਦਾ ਜੂਸ ਪੀਣ ਨਾਲ ਸਾਡਾ ਸਟੈਮਿਨਾ ਵਧਦਾ ਹੈ।

**ਸਮੂਦੀ-** ਹਰੀਆਂ ਪੱਤੇਦਾਰ ਸਬਜ਼ੀਆਂ ਜਾਂ ਐਵੋਕਾਡੋ ਵਰਗੇ ਫਲਾਂ ਤੋਂ ਬਣੀਆਂ ਸਮੂਦੀਜ਼ ਤੁਹਾਨੂੰ ਲੰਬੇ ਸਮੇਂ ਤੱਕ ਊਰਜਾਵਾਨ ਰੱਖਣ ਵਿੱਚ ਮਦਦਗਾਰ ਹੁੰਦੀਆਂ ਹਨ। ਇਸ ਤੋਂ ਇਲਾਵਾ ਇਸ 'ਚ ਕਈ ਪੋਸ਼ਕ ਤੱਤ ਵੀ ਹੁੰਦੇ ਹਨ, ਜੋ ਤੁਹਾਨੂੰ ਸਿਹਤਮੰਦ ਰਹਿਣ 'ਚ ਮਦਦ ਕਰਦੇ ਹਨ।

**ਚੈਰੀ ਦਾ ਜੂਸ-** ਚੈਰੀ ਦਾ ਜੂਸ ਐਂਟੀਆਕਸੀਡੈਂਟਸ ਨਾਲ ਭਰਪੂਰ ਹੁੰਦਾ ਹੈ ਅਤੇ ਇਸ ਵਿੱਚ ਐਂਟੀ-ਇਨਫਲੇਮੇਟਰੀ ਗੁਣ ਹੁੰਦੇ ਹਨ। ਮਾਸਪੇਸ਼ੀਆਂ ਦੇ ਦਰਦ ਤੋਂ ਰਾਹਤ ਦੇਣ ਦੇ ਨਾਲ, ਇਹ ਕਸਰਤ ਜਾਂ ਕਿਸੇ ਵੀ ਭਾਰੀ ਸਰੀਰਕ ਕੰਮ ਦੇ ਬਾਅਦ ਊਰਜਾ ਅਤੇ ਤਾਕਤ ਵਧਾਉਣ ਵਿੱਚ ਵੀ ਮਦਦ ਕਰਦਾ ਹੈ।

## ਪਾਚਨ ਕਿਰਿਆ ਨੂੰ ਖਰਾਬ ਕਰ ਦੇਣਗੀਆਂ ਖਾਣਾ ਖਾਣ ਤੋਂ ਬਾਅਦ ਕੀਤੀਆਂ ਕੁਝ ਗਲਤੀਆਂ

ਚੰਗੀ ਸਿਹਤ ਲਈ ਨਾ ਸਿਰਫ਼ ਪੌਸ਼ਟਿਕ ਆਹਾਰ ਜ਼ਰੂਰੀ ਹੈ, ਸਗੋਂ ਇਸ ਨੂੰ ਸਹੀ ਢੰਗ ਨਾਲ ਪਚਾਉਣਾ ਵੀ ਜ਼ਰੂਰੀ ਹੈ, ਜਿਸ ਕਾਰਨ ਭੋਜਨ ਨੂੰ ਸਹੀ ਤਰ੍ਹਾਂ ਨਾ ਪਚਣ ਨਾਲ



ਬਦਹਜ਼ਮੀ, ਐਸੀਡਿਟੀ ਜਾਂ ਗਲੇ ਦੀ ਜਲਣ ਵਰਗੀਆਂ ਸਮੱਸਿਆਵਾਂ ਹੋ ਸਕਦੀਆਂ ਹਨ। ਲੰਬੇ ਸਮੇਂ ਤੱਕ ਭੋਜਨ ਨਾ ਪਚਣ ਨਾਲ ਪਾਚਨ ਸ਼ਕਤੀ ਵਿਗੜ ਜਾਂਦੀ ਹੈ ਅਤੇ ਸਿਹਤ 'ਤੇ ਮਾੜਾ ਅਸਰ ਪੈਂਦਾ ਹੈ। ਦਰਅਸਲ, ਭੋਜਨ ਨੂੰ ਹਜ਼ਮ ਕਰਨ ਵਿੱਚ ਦੋ ਤੋਂ ਤਿੰਨ ਘੰਟੇ ਲੱਗ ਜਾਂਦੇ ਹਨ। ਜੇਕਰ ਇਸ ਸਮੇਂ ਦੌਰਾਨ ਇਹ ਪ੍ਰਕਿਰਿਆ ਵਿਘਨ ਪਵੇ ਤਾਂ ਸਿਹਤ ਸੰਬੰਧੀ ਸਮੱਸਿਆਵਾਂ ਹੋ ਸਕਦੀਆਂ ਹਨ।

**ਖਾਣਾ ਖਾਣ ਤੋਂ ਤੁਰੰਤ ਬਾਅਦ ਪਾਣੀ ਨਾ ਪੀਓ**

ਪੇਟ ਵਿੱਚ ਮੌਜੂਦ ਗੈਸਟਿਕ ਐਸਿਡ ਭੋਜਨ ਨੂੰ ਪਚਾਉਣ ਦਾ ਕੰਮ ਕਰਦਾ ਹੈ। ਖਾਣਾ ਖਾਣ ਤੋਂ ਬਾਅਦ, ਇਹ ਭੋਜਨ ਦੇ ਤੱਤਾਂ ਨਾਲ ਪ੍ਰਤੀਕਿਰਿਆ ਕਰਨਾ ਸ਼ੁਰੂ ਕਰ ਦਿੰਦਾ ਹੈ ਅਤੇ ਉਨ੍ਹਾਂ ਨੂੰ ਹਜ਼ਮ ਕਰਨਾ ਸ਼ੁਰੂ ਕਰ ਦਿੰਦਾ ਹੈ, ਪਰ ਇਸ ਦੌਰਾਨ ਜੇਕਰ ਤੁਸੀਂ ਪਾਣੀ ਪੀਂਦੇ ਹੋ, ਤਾਂ ਇਹ ਐਸਿਡ ਪਤਲਾ ਹੋ ਜਾਂਦਾ ਹੈ ਅਤੇ ਭੋਜਨ ਨੂੰ ਪਚਾਉਣ ਦੀ ਸ਼ਕਤੀ ਘੱਟ ਜਾਂਦੀ ਹੈ। ਅਜਿਹੇ 'ਚ ਖਾਣਾ ਖਾਣ ਤੋਂ ਤੁਰੰਤ ਬਾਅਦ ਪਾਣੀ ਨਹੀਂ ਪੀਣਾ ਚਾਹੀਦਾ।



**ਭਾਰੀ ਕੰਮ ਨਾ ਕਰੋ**

ਜੇਕਰ ਤੁਸੀਂ ਖਾਣਾ ਖਾਣ ਤੋਂ ਤੁਰੰਤ ਬਾਅਦ ਭਾਰੀ ਕੰਮ ਕਰਨਾ ਸ਼ੁਰੂ ਕਰ ਦਿੰਦੇ ਹੋ, ਜਿਵੇਂ ਯੋਗਾ ਕਰਨਾ ਜਾਂ ਪੌੜੀਆਂ ਚੜ੍ਹਨਾ, ਤਾਂ ਇਸ ਦਾ ਪਾਚਨ ਤੰਤਰ 'ਤੇ ਪੂਰਾ ਅਸਰ ਪੈਂਦਾ ਹੈ। ਦਰਅਸਲ, ਭੋਜਨ ਨੂੰ ਹਜ਼ਮ ਕਰਨ ਲਈ ਬਹੁਤ ਜ਼ਿਆਦਾ ਊਰਜਾ ਦੀ ਲੋੜ ਹੁੰਦੀ ਹੈ, ਪਰ ਜੇਕਰ ਤੁਸੀਂ ਕਸਰਤ ਕਰਨਾ ਸ਼ੁਰੂ ਕਰ ਦਿੰਦੇ ਹੋ, ਤਾਂ ਊਰਜਾ ਉਥੇ ਹੀ ਚਲੀ ਜਾਂਦੀ ਹੈ ਅਤੇ ਭੋਜਨ ਠੀਕ ਤਰ੍ਹਾਂ ਪਚ ਨਹੀਂ ਪਾਉਂਦਾ। ਇਸ ਲਈ, ਖਾਣਾ ਖਾਣ ਤੋਂ ਬਾਅਦ ਲਗਭਗ 2 ਘੰਟੇ ਤੱਕ ਕੋਈ ਵੀ ਸਖਤ ਕਿਰਿਆ ਨਹੀਂ ਕਰਨੀ ਚਾਹੀਦੀ। ਹਾਲਾਂਕਿ, ਤੁਸੀਂ ਖਾਣਾ ਖਾਣ ਤੋਂ ਬਾਅਦ ਸੈਰ ਕਰ ਸਕਦੇ ਹੋ।

**ਖਾਣਾ ਖਾਣ ਤੋਂ ਬਾਅਦ ਕਦੇ ਵੀ ਇਸ਼ਨਾਨ ਨਾ ਕਰੋ**

ਖਾਣਾ ਖਾਣ ਤੋਂ ਤੁਰੰਤ ਬਾਅਦ ਨਹਾਉਣਾ ਵੀ ਸਿਹਤ ਨੂੰ ਬਹੁਤ ਨੁਕਸਾਨ ਪਹੁੰਚਾਉਂਦਾ ਹੈ। ਦਰਅਸਲ, ਭੋਜਨ ਤੋਂ ਬਾਅਦ ਸਾਡਾ ਸਰੀਰ ਗਰਮ ਹੋ ਜਾਂਦਾ ਹੈ। ਇਹ ਊਰਜਾ ਭੋਜਨ ਨੂੰ ਪਚਾਉਣ 'ਚ ਮਦਦ ਕਰਦੀ ਹੈ ਪਰ ਜੇਕਰ



ਤੁਸੀਂ ਖਾਣਾ ਖਾਣ ਤੋਂ ਤੁਰੰਤ ਬਾਅਦ ਨਹਾ ਲੈਂਦੇ ਹੋ ਤਾਂ ਸਰੀਰ ਠੰਡਾ ਹੋ ਜਾਂਦਾ ਹੈ ਅਤੇ ਤਾਪਮਾਨ ਨੂੰ ਬਰਕਰਾਰ ਰੱਖਣ ਲਈ ਖੂਨ ਦਾ ਪ੍ਰਵਾਹ ਵਧਦਾ ਹੈ। ਇਸ ਨਾਲ ਸਰੀਰ ਨੂੰ ਕੁਝ ਨੁਕਸਾਨ ਹੋ ਸਕਦਾ ਹੈ।

**ਖਾਣਾ ਖਾਣ ਤੋਂ ਬਾਅਦ ਚਾਹ ਜਾਂ ਕੌਫੀ ਨਾ ਪੀਓ**

ਕਈ ਲੋਕਾਂ ਨੂੰ ਖਾਣੇ ਤੋਂ ਬਾਅਦ ਚਾਹ ਅਤੇ ਕੌਫੀ ਪੀਣ ਦੀ ਆਦਤ ਹੁੰਦੀ ਹੈ ਪਰ ਇਹ ਸਰੀਰ ਲਈ ਨੁਕਸਾਨਦੇਹ ਸਾਬਤ ਹੋ ਸਕਦਾ ਹੈ। ਖਾਣਾ ਖਾਣ ਤੋਂ ਬਾਅਦ ਕੈਫੀਨ ਦਾ ਸੇਵਨ ਕਰਨ ਨਾਲ ਸਰੀਰ ਦੀ ਪੋਸ਼ਕ ਤੱਤਾਂ ਨੂੰ ਜਜ਼ਬ ਕਰਨ ਦੀ ਸਮਰੱਥਾ ਘੱਟ ਜਾਂਦੀ ਹੈ, ਜਿਸ ਕਾਰਨ ਭੋਜਨ ਨੂੰ ਪਚਾਉਣ ਵਿੱਚ ਮੁਸ਼ਕਲ ਆਉਂਦੀ ਹੈ। ਚਾਹ ਜਾਂ ਕੌਫੀ ਖਾਣਾ ਖਾਣ ਤੋਂ 1 ਤੋਂ 2 ਘੰਟੇ ਬਾਅਦ ਪੀਤੀ ਜਾ ਸਕਦੀ ਹੈ।


## ਥਕਾਵਟ ਤੇ ਵਾਲਾਂ ਦਾ ਝੜਨਾ ਹੋ ਸਕਦਾ ਹੈ ਆਇਰਨ ਦੀ ਕਮੀ ਦਾ ਸੰਕੇਤ

ਸਰੀਰ ਵਿੱਚ ਕਿਸੇ ਵੀ ਪੌਸ਼ਟਿਕ ਤੱਤ ਦੀ ਕਮੀ ਸਿਹਤ ਨੂੰ ਨੁਕਸਾਨ ਪਹੁੰਚਾ ਸਕਦੀ ਹੈ। ਹਾਲਾਂਕਿ, ਸਾਡੇ ਖਾਣ-ਪੀਣ ਦੀਆਂ ਆਦਤਾਂ ਦਾ ਧਿਆਨ ਨਾ ਰੱਖਣ ਕਾਰਨ ਅਕਸਰ ਸਾਡੇ ਸਰੀਰ ਵਿੱਚ ਕਿਸੇ ਨਾ ਕਿਸੇ ਪੋਸ਼ਕ ਤੱਤਾਂ ਦੀ ਕਮੀ ਹੋ ਜਾਂਦੀ ਹੈ। ਇਨ੍ਹਾਂ ਵਿਚ ਆਇਰਨ ਵੀ ਸ਼ਾਮਲ ਹੈ। ਡਾਈਟ 'ਚ ਆਇਰਨ ਨਾਲ ਭਰਪੂਰ ਫੂਡਜ਼ ਨੂੰ ਘੱਟ ਸ਼ਾਮਲ ਕਰਨਾ ਜਾ ਨਾ ਕਰਨੇ ਦੀ ਵਜ੍ਹਾ ਨਾਲ ਸਰੀਰ 'ਚ ਇਸ ਦੀ ਕਮੀ ਸ਼ੁਰੂ ਹੋ ਜਾਂਦੀ ਹੈ।

ਇਸ ਕਾਰਨ ਅਨੀਮੀਆ ਦਾ ਖਤਰਾ ਵੀ ਕਾਫੀ ਵੱਧ ਜਾਂਦਾ ਹੈ। ਇਸ ਕਾਰਨ ਥਕਾਵਟ, ਸਰੀਰਕ ਵਿਕਾਸ ਵਿੱਚ ਕਮੀ ਆਦਿ ਵਰਗੀਆਂ ਕਈ ਸਮੱਸਿਆਵਾਂ ਵੀ ਹੋ ਸਕਦੀਆਂ ਹਨ। ਇਸ ਲੇਖ ਵਿਚ ਅਸੀਂ ਆਇਰਨ ਨਾਲ ਭਰਪੂਰ ਕੁਝ ਫੂਡਜ਼ ਬਾਰੇ ਜਾਣਾਂਗੇ, ਜਿਨ੍ਹਾਂ ਨੂੰ ਤੁਹਾਨੂੰ ਆਪਣੀ ਖੁਰਾਕ ਵਿਚ ਸ਼ਾਮਲ ਕਰਨਾ ਚਾਹੀਦਾ ਹੈ।

**ਆਇਰਨ ਨਾਲ ਭਰਪੂਰ ਫੂਡਜ਼**

**ਹਰੀਆਂ ਪੱਤੇਦਾਰ ਸਬਜ਼ੀਆਂ-** ਪਾਲਕ, ਗੋਭੀ, ਮੇਥੀ ਵਰਗੀਆਂ ਹਰੀਆਂ ਪੱਤੇਦਾਰ ਸਬਜ਼ੀਆਂ ਵਿੱਚ ਆਇਰਨ ਭਰਪੂਰ ਮਾਤਰਾ ਵਿੱਚ ਪਾਇਆ ਜਾਂਦਾ ਹੈ। ਇਨ੍ਹਾਂ ਨੂੰ ਆਪਣੀ ਖੁਰਾਕ 'ਚ




ਸ਼ਾਮਲ ਕਰਨ ਨਾਲ ਆਇਰਨ ਦੇ ਨਾਲ-ਨਾਲ ਵਿਟਾਮਿਨ ਏ ਦੀ ਕਮੀ ਨੂੰ ਦੂਰ ਕਰਨ 'ਚ ਮਦਦ ਮਿਲੇਗੀ। ਹਾਲਾਂਕਿ ਇਨ੍ਹਾਂ ਸਬਜ਼ੀਆਂ ਨੂੰ ਹਮੇਸ਼ਾ ਪਕਾ ਕੇ ਖਾਓ। ਇਨ੍ਹਾਂ ਨੂੰ ਪਕਾਉਣ ਨਾਲ ਇਨ੍ਹਾਂ 'ਚ ਮੌਜੂਦ ਆਇਰਨ ਦਾ ਹਾਜ਼ਮਾ ਸਰੀਰ 'ਚ ਆਸਾਨੀ ਨਾਲ ਹੋ ਜਾਂਦਾ ਹੈ।

**ਮੱਛੀ-** ਮੱਛੀ ਵਿੱਚ ਵੀ ਬਹੁਤ ਸਾਰਾ ਆਇਰਨ ਪਾਇਆ ਜਾਂਦਾ ਹੈ। ਖਾਸ ਕਰਕੇ ਟੂਨਾ, ਸਾਰਡੀਨ ਅਤੇ ਮੈਕਰੇਲ ਵਿੱਚ। ਇਨ੍ਹਾਂ ਨੂੰ ਖੁਰਾਕ ਦਾ ਹਿੱਸਾ ਬਣਾਉਣ ਨਾਲ ਆਇਰਨ ਦੇ ਨਾਲ-ਨਾਲ ਓਮੇਗਾ-3 ਫੈਟੀ ਐਸਿਡ, ਵਿਟਾਮਿਨ-ਬੀ12, ਨਿਆਸੀਨ ਅਤੇ ਹੋਰ ਕਈ ਵਿਟਾਮਿਨ ਅਤੇ ਖਣਿਜ ਪਾਏ ਜਾਂਦੇ ਹਨ। ਇਸ ਲਈ ਇਸ ਨੂੰ ਆਪਣੀ ਡਾਈਟ 'ਚ ਜ਼ਰੂਰ ਸ਼ਾਮਲ ਕਰੋ।

**ਡ੍ਰਾਈ ਫਰੂਟਸ-** ਡ੍ਰਾਈ ਫਰੂਟਸ ਖਾਣ ਨਾਲ ਸਰੀਰ ਨੂੰ ਆਇਰਨ ਦੀ ਭਰਪੂਰ ਮਾਤਰਾ ਮਿਲਦੀ ਹੈ। ਇਨ੍ਹਾਂ 'ਚ ਸਿਹਤਮੰਦ ਫੈਟ, ਵਿਟਾਮਿਨ, ਖਣਿਜ ਅਤੇ ਫਾਈਬਰ ਵੀ ਪਾਏ ਜਾਂਦੇ ਹਨ, ਜੋ ਚੰਗੀ ਸਿਹਤ ਬਣਾਈ ਰੱਖਣ 'ਚ ਮਦਦ ਕਰਦੇ ਹਨ। ਇਸ ਲਈ ਰੋਜ਼ਾਨਾ ਸੁੱਕੇ ਮੇਵੇ ਖਾਣਾ ਸਿਹਤ ਲਈ ਬਹੁਤ ਫ਼ਾਇਦੇਮੰਦ ਹੋ ਸਕਦਾ ਹੈ।

**ਦਾਲਾਂ ਤੇ ਫਲੀਆ -** ਛੋਟੇ ਚਨੇ, ਸੋਇਆ-ਬੀਨ, ਦਾਲਾਂ, ਛੋਲਿਆਂ ਦੀ ਦਾਲ ਆਦਿ ਲੋਹੇ ਦੇ ਵਧੀਆ ਸਰੋਤ ਹਨ। ਆਇਰਨ ਦੇ ਨਾਲ-ਨਾਲ ਇਨ੍ਹਾਂ 'ਚ ਪ੍ਰੋਟੀਨ ਵੀ ਪਾਇਆ ਜਾਂਦਾ ਹੈ ਜੋ ਮਾਸਪੇਸ਼ੀਆਂ ਦੀ ਮਜ਼ਬੂਤੀ ਲਈ ਬਹੁਤ ਫ਼ਾਇਦੇਮੰਦ ਹੁੰਦਾ ਹੈ। ਇਸ ਤੋਂ ਇਲਾਵਾ ਇਨ੍ਹਾਂ 'ਚ ਮੈਗਨੀਸ਼ੀਅਮ, ਪੋਟਾਸ਼ੀਅਮ ਅਤੇ ਫਾਈਬਰ ਪਾਇਆ ਜਾਂਦਾ ਹੈ ਜੋ ਸਿਹਤ ਲਈ ਬਹੁਤ ਫ਼ਾਇਦੇਮੰਦ ਹੁੰਦਾ ਹੈ।

ਮਾਂ ਬੋਲੀ ਨੂੰ ਸਮਰਪਿਤ

# ਪਰਦੇਸ ਟਾਇਮਜ਼

## PARDES TIMES

www.pardestimes.com

## 19ਵੀ ਵਰ੍ਹੇਗੰਢ, ਸ਼ਨਿਚਰਵਾਰ, ਸਤੰਬਰ 21, 2024 ਨੂੰ

### ਸੱਜਣਾਂ, ਮਿੱਤਰਾਂ ਦੇ ਸਹਿਯੋਗ ਨਾਲ ਮਨਾਈ ਜਾ ਰਹੀ ਹੈ

**at RAJA INDIAN CUISINE, 1275 W WINTON AVE HAYWARD, CA 94545**

**ਹੋਰ ਜਾਣਕਾਰੀ ਲਈ ਸੰਪਰਕ ਕਰੋ**

Balbir Singh M.A.
Editor-In-Chief
510-938-7771
info@Pardestimes.com

Parampal Singh
Marketing Manager
510-409-7006

Prop:- Jaspal Singh Saini
Publication Director
408-393-9505

Raj Budwal
Media Partner/Representative
408-835-0202

Buta Ram Joshi
Correspondence- Fresno
559-803-0055

**DIRECTIONS**

From Fremont-Sanjose
Take 880 North to Oakland
Exit Winton Ave (West)
Make left and cross Hesperian BLVD

ਕੇਵਲ ਸੱਦਾ ਪੱਤਰ ਰਾਹੀਂ
510-938-7771

NANAK FOOD & GROCERY HATT
Your Neighborhood Indian Food Market
We Carry All Brands Quality Food Items, Vegetables, Spices, Frozen Food, Ready-To-Eat And Dairy




SPECIAL OFFER
10% OFF
Limited Time Only
1625 A ST . ANTIOCH. CA 94509
TEL: 925-799-1313
ਪੰਜਾਬੀ ਭਰਾਵਾਂ ਦੀ ਦੁਕਾਨ
With the Purchase of $ 100 or more